13ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -14 ISSUE - 8
June 4, 2025


Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ





ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ
(ਸਬੰਧਤ ਲੇਖ ਅੰਦਰ ਦੇਖੋ)



ਪੰਜਾਬੀ ਸਾਹਿਤ ਦਾ ਧਰੂ ਤਾਰਾ- ਭਾਈ ਵੀਰ ਸਿੰਘ
(ਸਬੰਧਤ ਲੇਖ ਅੰਦਰ ਦੇਖੋ)

# 29ਵਾਂ ਪੰਜਾਬੀ ਅਮਰੀਕਨ ਮੇਲਾ ਸ਼ਹੀਦ ਪੁਲਿਸ ਅਫਸਰ ਓਸਮਾਰ ਰੋਡਾਰਟੇ ਨੂੰ ਸਮਰਪਿਤ




ਪੁਲਿਸ ਅਫਸਰ ਓਸਮਾਰ ਰੋਡਾਰਟੋ



ਸ਼ਹੀਦ ਪੁਲਿਸ ਅਫਸਰ ਓਸਮਾਰ ਰੋਡਾਰਟੋ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦੇ ਹੋਏ ਪੰਜਾਬੀ ਅਮਰੀਕਨ ਹੈਰਿਟੇਜ ਸੋਸਾਇਟੀ ਦੇ ਮੈਂਬਰ ਸਾਹਿਬਾਨ



'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਦਾ ਸਨਮਾਨ ਕਰਦੇ ਹੋਏ ਪੰਜਾਬੀ ਅਮਰੀਕਨ ਹੈਰਿਟੇਜ ਸੋਸਾਇਟੀ ਦੇ ਮੈਂਬਰ ਸਾਹਿਬਾਨ

**ਯੂਬਾ ਸਿਟੀ, ਕੈਲੀਫੋਰਨੀਆ–** ਪੰਜਾਬੀ ਅਮਰੀਕਨ ਹੈਰਿਟੇਜ ਸੋਸਾਇਟੀ ਵੱਲੋਂ ਆਯੋਜਿਤ ਪੰਜਾਬੀ ਅਮਰੀਕਨ ਮੇਲੇ ਵਿੱਚ ਪੁਲਿਸ ਅਫਸਰ ਓਸਮਾਰ ਰੋਡਾਰਟੇ ਦੇ ਪਰਿਵਾਰ ਨੂੰ ਭਾਵਪੂਰਵਕ ਸ਼ਰਧਾਂਜਲੀ ਦਿੱਤੀ ਗਈ, ਜੋ ਡਿਊਟੀ ਦੌਰਾਨ ਆਪਣੀ ਜਾਨ ਗੁਆ ਬੈਠੇ। ਅਫਸਰ ਰੋਡਾਰਟੇ, ਜੋ ਸੰਯੁਕਤ ਰਾਜ ਅਮਰੀਕਾ ਫੌਜ ਦੇ ਮਾਹਰ ਸਿਪਾਹੀ ਰਹੇ, ਨੂੰ ਉਨ੍ਹਾਂ ਦੀ ਸਮਰਪਿਤ ਸੇਵਾ ਅਤੇ ਨਿਭਾਉ ਲਈ ਯਾਦ ਕੀਤਾ ਗਿਆ। ਇੱਕ ਵਿਸ਼ੇਸ਼ ਸਮਾਗਮ ਦੌਰਾਨ, ਉਨ੍ਹਾਂ ਦੇ ਪਰਿਵਾਰ ਨੂੰ $2,500 ਦਾ ਚੈਕ ਸਹਾਇਤਾ ਵਜੋਂ ਦਿੱਤਾ ਗਿਆ। ਮੈਰੀਜ਼ਵਿਲ ਪੁਲਿਸ ਵਿਭਾਗ ਦੇ ਕਈ ਸਾਥੀਆਂ ਨੇ ਉਨ੍ਹਾਂ ਦੀ ਯਾਦ ਵਿੱਚ ਹਾਜ਼ਰੀ ਭਰੀ।

1995 ਵਿੱਚ ਸਥਾਪਿਤ, ਪੰਜਾਬੀ ਅਮਰੀਕਨ ਹੈਰਿਟੇਜ ਸੋਸਾਇਟੀ ਦੋਸਤਾਨਾ, ਸੱਭਿਆਚਾਰਕ ਸਮਝ ਅਤੇ ਬੱਚਿਆਂ ਨੂੰ ਆਪਣੀ ਜੜਾਂ ਨਾਲ ਜੋੜਨ ਲਈ ਸਮਰਪਿਤ ਹੈ। ਇਸ ਵਾਰ ਦੇ ਮੇਲੇ ਵਿੱਚ 200 ਤੋਂ ਵੱਧ ਸਥਾਨਕ ਬੱਚਿਆਂ ਨੇ ਭਾਗ ਲਿਆ ਅਤੇ ਲਗਭਗ 6,000 ਲੋਕਾਂ ਦੀ ਭਾਰੀ ਭੀੜ ਨੇ ਹਿੱਸਾ ਲਿਆ। ਮੇਲੇ ਵਿੱਚ ਪ੍ਰਸਿੱਧ ਕਲਾਕਾਰਾਂ ਜਿਵੇਂ ਕਿ ਜੀ। ਸਿੱਧੂ, ਇਸ਼ਮੀਤ ਨਰੂਲਾ ਅਤੇ ਹਰਜੀਤ ਹਰਮਨ ਨੇ ਆਪਣੇ ਪ੍ਰਦਰਸ਼ਨ ਰਾਹੀਂ ਪੰਜਾਬੀ ਅਮਰੀਕਨ ਕੌਮ ਦੀ ਰੰਗੀਨ ਵਿਰਾਸਤ ਨੂੰ

**(ਬਾਕੀ ਰਿਪੋਰਟ ਅਤੇ ਤਸਵੀਰਾਂ ਅੰਦਰ ਦੇਖੋ)**

# ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰ ਸਮਝੌਤੇ ਲਈ ਗੱਲਬਾਤ ਜਾਰੀ

**ਵਾਸ਼ਿੰਗਟਨ ਡੀ.ਸੀ. (ਬਿਊਰੋ)** ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰ ਸਮਝੌਤੇ 'ਤੇ ਗੱਲਬਾਤ ਲੰਬੇ ਸਮੇਂ ਤੋਂ ਚੱਲ ਰਹੀ ਹੈ। ਹਾਲਾਂਕਿ, ਹੁਣ ਇਸ ਸੰਬੰਧੀ ਜਲਦੀ ਹੀ ਚੰਗੀ ਖ਼ਬਰ ਮਿਲਣ ਵਾਲੀ ਹੈ। ਇਹ ਗੱਲ ਅਮਰੀਕਾ ਦੇ ਵਣਜ ਸਕੱਤਰ ਹਾਵਰਡ ਲੂਟਕਿਨ ਨੇ ਕਹੀ। ਉਨ੍ਹਾਂ ਨੇ ਭਾਰਤ ਅਤੇ ਅਮਰੀਕਾ ਵਿਚਕਾਰ ਜਲਦੀ ਹੀ ਵਪਾਰ ਸਮਝੌਤਾ ਹੋਣ ਦੀ ਸੰਭਾਵਨਾ ਪ੍ਰਗਟਾਈ ਹੈ।



ਦਰਅਸਲ, ਹਾਵਰਡ ਲੂਟਕਿਨ ਨੇ ਸੋਮਵਾਰ ਨੂੰ ਵਾਸ਼ਿੰਗਟਨ ਡੀਸੀ ਵਿੱਚ ਆਯੋਜਿਤ ਯੂਐਸ ਇੰਡੀਆ ਸਟ੍ਰੈਟੇਜਿਕ ਪਾਰਟਨਰਸ਼ਿਪ ਫੋਰਮ ਵਿੱਚ ਹਿੱਸਾ ਲਿਆ। ਇਸ ਦੌਰਾਨ ਉਨ੍ਹਾਂ ਕਿਹਾ ਕਿ ਅਮਰੀਕਾ ਅਤੇ ਭਾਰਤ ਵਿਚਕਾਰ ਜਲਦੀ ਹੀ ਇੱਕ ਵਪਾਰ ਸਮਝੌਤਾ ਹੋ ਸਕਦਾ ਹੈ। ਹਾਵਰਡ ਲੂਟਕਿਨ ਨੇ ਕਿਹਾ, "ਜੋ ਦੇਸ਼ ਜਲਦੀ ਕਾਰਵਾਈ ਕਰਦੇ ਹਨ, ਉਨ੍ਹਾਂ ਨੂੰ ਬਿਹਤਰ ਮੌਕਾ ਮਿਲਦਾ ਹੈ। ਮੈਂ ਇਸ ਲਈ ਭਾਰਤ ਦੀ ਸ਼ਲਾਘਾ ਕਰਦਾ ਹਾਂ। ਪਹਿਲਾਂ, ਵਪਾਰ ਸਮਝੌਤੇ 'ਤੇ ਦਸਤਖਤ ਕਰਨ ਵਿੱਚ 2-3 ਸਾਲ ਲੱਗਦੇ ਸਨ, ਪਰ ਹੁਣ ਅਸੀਂ ਇਸਨੂੰ 1 ਮਹੀਨੇ ਵਿੱਚ ਪੂਰਾ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।

ਅਸੀਂ ਇੱਕ ਅਜਿਹਾ ਤਰੀਕਾ ਲੱਭ ਲਿਆ ਹੈ ਜੋ ਦੋਵਾਂ ਦੇਸ਼ਾਂ ਲਈ ਲਾਭਦਾਇਕ ਸਾਬਤ ਹੋਵੇਗਾ। ਅਜਿਹੀ ਸਥਿਤੀ ਵਿੱਚ, ਦੋਵਾਂ ਦੇਸ਼ਾਂ ਵਿਚਕਾਰ ਜਲਦੀ ਹੀ ਇੱਕ ਵਪਾਰ ਸਮਝੌਤਾ ਹੋ ਸਕਦਾ ਹੈ।"

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰੇ ਗੱਲ ਕਰਦਿਆਂ, ਹਾਵਰਡ ਕਹਿੰਦੇ ਹਨ ਕਿ ਦੋਵਾਂ ਨੇਤਾਵਾਂ ਨੂੰ ਉਨ੍ਹਾਂ ਦੇ ਦੇਸ਼ਾਂ ਦੇ ਲੋਕਾਂ ਨੇ ਭਾਰੀ ਬਹੁਮਤ ਦਿੱਤਾ ਹੈ। ਦੁਨੀਆ ਵਿੱਚ ਬਹੁਤ ਘੱਟ ਨੇਤਾ ਹਨ ਜਿਨ੍ਹਾਂ ਨੂੰ ਅਜਿਹਾ ਫਤਵਾ ਮਿਲਦਾ ਹੈ। ਇਹੀ ਕਾਰਨ ਹੈ ਕਿ ਦੋਵਾਂ ਵਿਚਕਾਰ ਆਪਸੀ ਸਬੰਧ ਮਜ਼ਬੂਤ ਹਨ ਅਤੇ ਇਸ ਨਾਲ ਸਾਡੇ ਲਈ ਵਪਾਰਕ ਸੌਦਿਆਂ 'ਤੇ ਦਸਤਖਤ ਕਰਨਾ ਵੀ ਆਸਾਨ ਹੋ ਜਾਵੇਗਾ।




Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



Dr. Paramjit S Takhar, MD
DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed



Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY INVESTMENT REALTY
Ram Saroay
Broker/Realtor
Commercial Properties
Business License 031035
ramsaroay@hotmail.com




Cell (510) 368-3983



MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823

ਮੋਹੰ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Sri Guru Ravidass Temple Pittsburg - Upcoming Programs




**Guru Piyari Saadh Sangat Ji:**

**Waheguru Ji Ka Khalsa Waheguru Ji KI Fateh!**

The following programs will be celebrated
at the Gurdwara Sahib:

**June 27-28-29, 2025**
**Pittsburg Gurughar's 40th Anniversary**

Sri Guru Ravidass Sabha will be celebrating 40th anniversary of Sri Guru Ravidass Temple Pittsburg on Sunday, June 29, 2025, with great enthusiasm.

Akhand Path will start on Friday 6/27/2025 at 10:00 AMand will be concluded with Bhog ceremony on Sunday, 6/29/2025, followed by Kirtan Deewan. Jatha of Bhai Kapoor Singh ji - Khanne Wale, along with Jatha of Giani Balwinder Singh ji will delight Sangat with Shabad Kirtan.

Nishan Sahib Chola Sewa will be hosted by S. Balbir Singh ji on Saturday, June 28, 2025 at 11:00 AM. Kirtan Deewan will be from 6:00 PM to 8:00 PM on Saturday.

There will be a health camp on Sunday from 10:00 AM to 1:00 PM. Doctors and nurses will be available to help with any health questions or issues. We are always looking for medical professionals to help with this free community service. Please contact Ramesh Suman at 925.366.3618or Dilbag Singh at 209-834-4641, for information.

Path and Langar Sewa will be hosted by Guru Ki Sangat. For stalls or any langar Sewa, please contact Chairman Vinod Kumar at 408-718-2506 or President Sunita Singh at 415—233-3319. Please contact us if you would like to volunteer for Langar Sewa, Jorha Sewa, maintenance or any other Sewa.

We are extremely thankful to our founding members for creating this wonderful place of worship for the community. We are also thankful to Sangat and all the Sewadars, this could not have been possible without their continued, tireless Sewa and support. With Guru Sahib's blessings and guidance, this Gurughar has been continually making progress since June 2, 1985, the grand opening day. This is a testimony of the love and unity of our community.

We look forwards to celebrating this major milestone with all of you. May Guru Sahib bless His Sangat with peace, love and unity.

**"NANAK NAM CHARDI KALA TERE BHANE SARBAT DA BHALA"**

**"NANAK NAM CHARDI KALA TERE BHANE SARBAT DA BHALA"**

## Sangat Sewadars

www.sriguru
ravidasstemple.com



Chairman
Vinod Kumar



President
Sunita Singh Bangar



Gen. Secretary
Upinder Pal (Ricky)



Treasurer
Shinder Pal Narabut

# ਸੈਕਰਾਮੈਂਟੋ ਵਿੱਚ ਕਰਵਾਏ ਗਏ ਕਬੱਡੀ ਕੱਪ ਵਿੱਚ ਐਤਕਾਂ ਨਿਊਯਾਰਕ ਮੈਟਰੋ ਤੇ ਕਿੰਗਸ ਕਲੱਬ ਸੈਕਰਾਮੈਂਟੋ ਨੇ ਸਾਂਝੇ ਤੌਰ ਤੇ ਟਰਾਫੀ ਜਿੱਤੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਕਿੰਗਸ ਸਪੋਰਟਸ ਕਲਚਰ ਕਲੱਬ ਆਫ ਸੈਕਰਾਮੈਂਟੋ ਵੱਲੋਂ ਕਰਵਾਏ ਗਏ ਕਬੱਡੀ ਕੱਪ ਦੇ ਵਿੱਚ ਐਤਕਾਂ ਵੀ ਵੱਖ ਵੱਖ ਟੀਮਾਂ ਨੇ ਸ਼ਮੂਲੀਅਤ ਕੀਤੀ ਜਿਨਾਂ ਵਿੱਚ ਆਲ ਓਪਨ ਦੌਰਾਨ ਬਾਬਾ ਸੰਗ ਢੇਸੀਆਂ, ਮੈਡਵੈਸਟ ਯੂਐਸਏ, ਹਰਖੋਵਾਲ ਸਪੋਰਟਸ ਕਲੱਬ, ਕਿੰਗਸ ਸਪੋਰਟਸ ਕਲੱਬ ਸੈਕਰਾਮੈਂਟੋ ਨਿਊਯਾਰਕ ਮੈਟਰੋ, ਚੜਦਾ ਪੰਜਾਬ ਕਲੱਬ ਸੈਕਰਾਮੈਂਟੋ ਤੇ ਨੰਗਲ ਅੰਬੀਆਂ ਬੇ ਏਰੀਆ ਸਪੋਰਟਸ ਕਲੱਬ ਨੇ ਸਮੂਲੀਅਤ ਕੀਤੀ ਇਸ ਕਬੱਡੀ ਕੱਪ ਦੇ ਵਿੱਚ ਕਿੰਗ ਸਪੋਰਟਸ ਕਲੱਬ ਸੈਕਰਾਮੈਂਟੋ ਤੇ ਨਿਊਯਾਰਕ ਮੈਟਰੋ ਨੇ ਸਾਂਝੇ ਤੌਰ ਤੇ ਟਰਾਫੀ ਤੇ ਕਬਜ਼ਾ ਕੀਤਾ। ਇਸ ਦੌਰਾਨ ਚੜਦਾ ਪੰਜਾਬ ਤੇ ਬੇਅ ਏਰੀਆ ਸਾਂਝੇ ਤੌਰ ਤੇ ਦੂਸਰੇ ਸਥਾਨ ਤੇ ਰਹੇ । ਇਸ ਉਪਰੰਤ ਸਥਾਨਕ ਟੀਮਾਂ ਦੇ ਵਿੱਚ ਫਰਿਜਨੋ ਸਪੋਰਟਸ ਕਲੱਬ ਕਿੰਗ ਸਪੋਰਟਸ ਕਲੱਬ ਸੈਕਰਾਮੈਂਟੋ ਸੈਂਟਰ ਵੈਲੀ ਸਪੋਰਟਸ ਕਲੱਬ ਨੇ ਸ਼ਮੂਲੀਅਤ ਕੀਤੀ ਤੇ ਇਹਨਾਂ ਦੇ ਵਿੱਚੋਂ ਕਿੰਗਜ ਸਪੋਰਟਸ ਕਲੱਬ ਸੈਕਰਾਮੈਂਟੋ ਪਹਿਲੇ ਸਥਾਨ ਤੇ ਰਿਹਾ ਤੇ ਸੈਂਟਰਲ ਵੈਲੀ ਸਪੋਰਟਸ ਕਲੱਬ ਦੂਜੇ ਸਥਾਨ ਤੇ ਰਿਹਾ। ਇਸ ਕਬੱਡੀ ਕੱਪ ਦੌਰਾਨ ਸੁਲਤਾਨ ਸਮਸਪੁਰੀਆ ਨੂੰ ਬੈਸਟ ਰੇਡਰ ਦਾ ਖਿਤਾਬ ਦਿੱਤਾ ਗਿਆ ਤੇ ਮਨੀ ਮੱਲ੍ਹੀਆਂ ਨੂੰ ਬੈਸਟ ਜਾਫੀ ਦਾ ਖਿਤਾਬ ਦਿੱਤਾ ਗਿਆ। ਇਸ ਕਬੱਡੀ ਟੂਰਨਾਮੈਂਟ ਨੂੰ ਮੁੱਖ ਤੌਰ ਤੇ





ਸਪੋਂਸਰ ਕਰਨ ਵਾਲਿਆਂ ਵਿੱਚ ਸ਼ੇਰੂ ਭਾਟੀਆ, ਜੈਸੀ ਥਾਂਦੀ ਮੈਕਸ ਏਜੰਟ ਫਾਇਨਾਂਸ਼ੀਅਲ, ਜਸਵਿੰਦਰ ਬੈਂਸ, ਬੀ ਜੇ ਗੀਅਰ, ਜਸਪ੍ਰੀਤ ਸਿੰਘ ਅਟਰਨੀ ਐਟ ਲਾਅ, ਐਂਟੀਲੋਪ ਬ੍ਰਦਰਜ, ਕਿੰਗ ਟਰੱਕ ਰਿਪੇਅਰ, ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਇਸ ਮੌਕੇ ਪਾਲਾ ਜਲਾਲਪੁਰੀਆ ਨੂੰ ਗੋਲਡ ਮੈਡਲ ਦੇ ਨਾਲ ਸਨਮਾਨ ਵੀ ਕੀਤਾ ਗਿਆ।

ਇਸ ਮੌਕੇ ਕਬੱਡੀ ਦੀ ਮੁਖ ਸਟੇਜ ਤੋਂ ਬੀਬੀ ਆਸ਼ਾ ਸ਼ਰਮਾ ਅਦਬ ਤੇ ਤਰਦੀਬ ਨਾਲ ਸਟੇਜ ਤੋਂ ਟੂਰਨਾਮੈਂਟ ਨੂੰ ਸੰਭਾਲਦੇ ਰਹੇ। ਟੀਮਾਂ ਦਾ ਰਿਕਾਰਡ ਗੁਰਮੇਲ ਸਿੰਘ ਦਿ ਲ ਤੇ ਖੇਡ ਦੀ ਕੁਮੈਂਟਰੀ ਇਕਬਾਲ ਗਾਲਿਬ ਨੇ ਕੀਤੀ। ਪ੍ਰਬੰਧਕੀ ਕੰਮ ਵਿੱਚ ਮੁੱਖ ਤੌਰ ਤੇ ਗੁਰਮੁਖ ਸੰਧੂ, ਕਿੰਦੂ ਰਮੀਦੀ, ਸੋਢੀ ਢੀਂਡਸਾ, ਗੁਰਨੇਕ ਢਿੱਲੋਂ, ਜੈਸੀ ਢਿੱਲੋਂ, ਸੁਖਵਿੰਦਰ ਧੂੜ, ਗੁਰਚਰਨ ਚੰਨੀ, ਸੀਤਲ ਸਿੰਘ ਨਿੱਜਰ, ਬੂਟਾ ਢਿੱਲੋ, ਬੂਟਾ ਲੋਧੀ, ਰਣਵੀਰ ਦੁਸਾਂਝ, ਹਰਨੇਕ ਸੰਧੂ, ਅਮਨਦੀਪ ਸੰਧੂ, ਜਸਵਿੰਦਰ ਸਿੰਘ ਰਾਏ, ਬਲਜੀਤ ਸਿੰਘ ਬਾਸੀ, ਜਸਕਰਨਪ੍ਰੀਤ ਸਿੰਘ, ਹਰਮੀਤ ਸਿੰਘ ਅਟਵਾਲ, ਸਤਨਾਮ ਸਿੰਘ ਸੋਕਰ, ਬੂਟਾ ਸਿੱਧੂ, ਰਵਿੰਦਰ ਜੌਹਲ, ਸਾਬੀ ਧਾਲੀਵਾਲ ਆਦਿ ਨੇ ਸੁਚੱਜੇ ਪ੍ਰਬੰਧ ਕੀਤੇ ਹੋਏ ਸਨ, ਇਸ ਦੌਰਾਨ ਪ੍ਰਬੰਧਕਾਂ ਨੇ ਇਸ ਕਬੱਡੀ ਕੱਪ ਨੂੰ ਫਿਰ 23 ਮਈ 2026 ਨੂੰ ਅਗਲੇ ਸਾਲ ਕਰਾਉਣ ਦਾ ਐਲਾਨ ਵੀ ਕੀਤਾ।

ਇਸ ਮੌਕੇ ਦਰਸ਼ਕਾਂ ਲਈ ਮੁਫਤ ਲੰਗਰ ਦਾ ਪ੍ਰਬੰਧ ਵੀ ਕੀਤਾ ਗਿਆ ਸੀ ਤੇ ਬੀਬੀਆਂ ਨੂੰ ਅਲੱਗ ਬੈਠਣ ਲਈ ਵਿਸ਼ੇਸ਼ ਥਾਂ ਦੀ ਸਹੂਲਤ ਦਿੱਤੀ ਗਈ ਸੀ ਇਸ ਮੌਕੇ ਸਕਿਉਰਟੀ ਦਾ ਖਾਸ ਪ੍ਰਬੰਧ ਵੀ ਸੀ।

## ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਦੌਰਾਨ 4 ਭਾਰਤੀਆਂ ਦੇ ਮਾਰੇ ਜਾਣ ਦੇ ਮਾਮਲੇ ਵਿਚ ਭਾਰਤੀ ਮੂਲ ਦੇ ਮਨੁੱਖੀ ਤਸਕਰ ਨੂੰ 10 ਸਾਲ ਕੈਦ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** 3 ਸਾਲ ਦੇ ਵੀ ਵਧ ਸਮੇਂ ਤੋਂ ਪਹਿਲਾਂ ਇਕ ਭਾਰਤੀ ਪਰਿਵਾਰ ਦੇ 4 ਜੀਆਂ ਦੀ ਕੈਨੇਡਾ ਅਮਰੀਕਾ ਸਰਹੱਦ ਨੇੜੇ ਜੰਗਲੀ ਖੇਤਰ ਵਿਚ ਠੰਡ ਨਾਲ ਹੋਈ ਮੌਤ ਦੇ ਮਾਮਲੇ ਵਿਚ ਕੌਮਾਂਤਰੀ ਮਨੁੱਖੀ ਤਸਕਰੀ ਸਾਜਿਸ਼ ਦੇ ਭਾਰਤੀ ਮੂਲ ਦੇ ਰਿੰਗ ਲੀਡਰ ਨੂੰ 10 ਸਾਲ ਕੈਦ ਦੀ ਸਜ਼ਾ ਸੁਣਾਏ ਜਾਣ ਦੀ ਖਬਰ ਹੈ। ਉੱਤਰ ਪੱਛਮੀ ਮਿਨੀਸੋਟਾ ਦੀ ਸੰਘੀ ਅਦਾਲਤ ਦੇ ਜੱਜ ਨੇ ਇਹ ਫੈਸਲਾ ਸੁਣਾਇਆ। ਸੰਘੀ ਵਕੀਲਾਂ ਨੇ ਹਰਸ਼ਕੁਮਾਰ ਰਮਨਲਾਲ ਪਟੇਲ ਨੂੰ 20 ਸਾਲ ਸਜ਼ਾ ਦੇਣ ਦੀ ਸਿਫਾਰਿਸ਼ ਕੀਤੀ ਸੀ ਜਦ ਕਿ ਡਰਾਈਵਰ ਸਟੀਵ ਐਨਥਨੀ ਸ਼ਾਂਦ ਜਿਸ ਨੇ ਇਸ ਭਾਰਤੀ ਪਰਿਵਾਰ ਨੂੰ ਸੁਰੱਖਿਅਤ ਅਮਰੀਕਾ ਵਿਚ ਦਾਖਲ ਕਰਵਾਉਣ ਸੀ, ਨੂੰ11 ਸਾਲ ਸਜ਼ਾ ਦੇਣ ਦੀ ਸਿਫਾਰਿਸ਼ ਕੀਤੀ ਸੀ। ਇਨਾਂ ਦੋਨਾਂ ਨੂੰ ਪਿਛਲੇ ਸਾਲ ਨਵੰਬਰ ਵਿਚ ਦੋਸ਼ੀ ਠਹਿਰਾਇਆ ਗਿਆ ਸੀ। ਡਰਾਈਵਰ ਸ਼ਾਂਦ ਨੂੰ ਅਜੇ ਸਜ਼ਾ ਸੁਣਾਈ ਜਾਣੀ ਹੈ।

ਯੂ ਐਸ ਡਿਸਟ੍ਰਿਕਟ ਜੱਜ ਜੌਹਨ ਟੂਨਹੀਮ ਨੇ ਪਿੱਛਲੇ ਮਹੀਨੇ ਆਪਣੇ ਆਪ ਨੂੰ ਨਿਰਦੋਸ਼ ਦਸਦਿਆਂ ਦੋਸ਼ੀਆਂ ਵੱਲੋਂ ਮਾਮਲਾ ਖਤਮ ਕਰਨ ਦੀ ਕੀਤੀ ਬੇਨਤੀ ਰੱਦ ਕਰ ਦਿੱਤੀ ਸੀ। ਸੁਣਵਾਈ ਦੌਰਾਨ ਵਕੀਲਾਂ ਨੇ ਕਿਹਾ ਕਿ ਭਾਰਤੀ ਨਾਗਰਿਕ ਪਟੇਲ ਉਰਫ 'ਡਰਟੀ ਹੈਰੀ ਤੇ ਫਲੋਰਿਡਾ ਵਾਸੀ ਅਮਰੀਕੀ ਨਾਗਰਿਕ ਸ਼ਾਂਦ 'ਆਧੁਨਿਕ ਗੈਰ ਕਾਨੂੰਨੀ ਆਪਰੇਸ਼ਨ' ਦਾ ਹਿੱਸਾ ਸਨ ਜਿਸ ਤਹਿਤ ਇਨਾਂ ਨੇ ਦਰਜ਼ਨਾਂ ਲੋਕਾਂ ਨੂੰ ਵਿਦਿਆਰਥੀ ਵੀਜੇ ਉਪਰ ਭਾਰਤ ਤੋਂ ਕੈਨੇਡਾ ਲਿਆਂਦਾ ਤੇ ਉਪਰੰਤ ਉਨਾਂ ਨੂੰ ਗੈਰ ਕਾਨੂੰਨੀ ਢੰਗ ਤਰੀਕੇ ਨਾਲ ਅਮਰੀਕਾ ਵਿਚ ਦਾਖਲ ਕਰਵਾਇਆ।

ਇਥੇ ਜਿਕਰਯੋਗ ਹੈ ਕਿ ਇਸ ਬਹੁਤ ਹੀ ਦੁੱਖਦਾਈ ਘਟਨਾ ਵਿਚ ਜਗਦੀਸ਼ ਪਟੇਲ (39), ਉਸ ਦੀ ਪਤਨੀ ਵੈਸ਼ਾਲੀਬੇਨ (35), ਉਨਾਂ ਦੀ 11 ਸਾਲਾ ਧੀ ਵਿਹਾਂਗੀ ਤੇ 3 ਸਾਲਾ ਪੁੱਤਰ ਧਰਮਿਕ ਦੀ ਬਰਫ਼ ਵਿਚ ਜੰਮਣ ਕਾਰਨ ਮੌਤ ਹੋ ਗਈ ਸੀ। ਰਾਇਲ ਕੈਨੇਡੀਅਨ ਮਾਊਂਟਡ ਪੁਲਿਸ ਨੇ 19 ਜਨਵਰੀ 2022 ਨੂੰ ਉਨਾਂ ਦੀਆਂ ਲਾਸ਼ਾਂ ਮਨੀਟੋਬਾ ਤੇ ਮਿਨੀਸੋਟਾ ਵਿਚਾਲੇ ਸਰਹੱਦ ਦੇ ਉੱਤਰ ਵਿਚ ਬਰਾਮਦ ਕੀਤੀਆਂ ਸਨ। ਇਹ ਪਰਿਵਾਰ ਗੁਜਰਾਤ ਦੇ ਡਿੰਗੂਚਾ ਪਿੰਡ ਦਾ ਰਹਿਣ ਵਾਲਾ ਸੀ।

## ਟਰੰਪ ਪ੍ਰਸ਼ਾਸਨ ਨੇ ਕੁਝ ਅਮਰੀਕੀ ਕੰਪਨੀਆਂ ਨੂੰ ਚੀਨ ਨੂੰ ਸਮਾਨ ਨਾ ਵੇਚਣ ਦਾ ਜਾਰੀ ਕੀਤਾ ਆਦੇਸ਼

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਟਰੰਪ ਪ੍ਰਸ਼ਾਸਨ ਨੇ ਜਾਰੀ ਹੁਕਮਾਂ ਵਿਚ ਕੁਝ ਅਮਰੀਕੀ ਕੰਪਨੀਆਂ ਨੂੰ ਕਿਹਾ ਹੈ ਕਿ ਉਹ ਆਪਣਾ ਸਮਾਨ ਚੀਨ ਨੂੰ ਨਾ ਵੇਚਣ। ਮੀਡੀਆ ਰਿਪੋਰਟ ਅਨੁਸਾਰ ਟਰੰਪ ਪ੍ਰਸ਼ਾਸਨ ਨੇ ਕੰਪਨੀਆਂ ਨੂੰ ਕਿਹਾ ਹੈ ਕਿ ਉਹ ਸਾਫਟਵੇਅਰ ਜਿਸ ਦੀ ਵਰਤੋਂ ਸੈਮੀਕੰਡਕਟਰਜ ਬਣਾਉਣ ਲਈ ਕੀਤੀ ਜਾਂਦੀ ਹੈ, ਦੀ ਵਿਕਰੀ ਚੀਨ ਨੂੰ ਨਾ ਕਰਨ। ਪ੍ਰਭਾਵਿਤ ਕੰਪਨੀਆਂ ਵਿਚ ਹੋਰਨਾਂ ਤੋਂ ਇਲਾਵਾ ਕੈਡੈਂਸ, ਸਿਨੋਪਸਾਇਸ ਤੇ ਸੀਮਨਜ ਈਡੀ ਏ ਸ਼ਾਮਲ ਹਨ। ਇਨਾਂ ਕੰਪਨੀਆਂ ਨੇ ਫਿਲਹਾਲ ਟਰੰਪ ਪ੍ਰਸ਼ਾਸਨ ਦੇ ਹੁਕਮਾਂ ਬਾਰੇ ਕੋਈ ਪ੍ਰਤੀਕਰਮ ਨਹੀਂ ਪ੍ਰਗਟਾਇਆ ਹੈ। ਨਿਊਯਾਰਕ ਟਾਈਮਜ਼ ਨੇ ਛਾਪੀ ਆਪਣੀ ਇਕ ਰਿਪੋਰਟ ਵਿਚ ਕਿਹਾ ਹੈ ਕਿ ਚੀਨ ਨੂੰ ਜੈੱਟ ਇੰਜਣ ਤਕਨੀਕ ਤੇ ਕੁਝ ਵਿਸ਼ੇਸ਼ ਰਸਾਇਣਾਂ ਦੀ ਵਿਕਰੀ ਵੀ ਰੋਕ ਦਿੱਤੀ ਗਈ ਹੈ। ਵਣਜ ਵਿਭਾਗ ਨੇ ਬੀਤੇ ਦਿਨ ਕਿਹਾ ਸੀ ਕਿ ਉਹ ਰਣਨੀਤਿਕ ਪੱਖ ਤੋਂ ਅਹਿਮ ਸਮਾਨ ਦੀ ਚੀਨ ਨੂੰ ਕੀਤੀ ਜਾਂਦੀ ਬਰਾਮਦ ਉਪਰ ਪੁਨਰ ਵਿਚਾਰ ਕਰ ਰਿਹਾ ਹੈ।




SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਅਮਰੀਕਾ ਵਿਚ ਪ੍ਰਵਾਸੀਆਂ ਦੀ ਫੜੋਫੜੀ ਕਾਰਨ ਹਫੜਾਦਫੜੀ ਵਾਲਾ ਮਾਹੌਲ ਬਣਿਆ

## ਇਟਾਲੀਅਨ ਰੈਸਟੋਰੈਂਟ ਵਿੱਚ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਰਾਤ ਦੇ ਖਾਣੇ ਤੋਂ ਪਹਿਲਾਂ ਮਾਰਿਆ ਛਾਪਾ, ਅਦਾਲਤਾਂ ਵਿਚ ਸੁਣਵਾਈ ਮੌਕੇ ਵੀ ਕੀਤੀਆਂ ਜਾ ਰਹੀਆਂ ਹਨ ਗ੍ਰਿਫਤਾਰੀਆਂ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਰਾਸ਼ਟਰਪਤੀ ਡੋਨਾਲਡ ਟਰੰਪ ਦੇ ਆਦੇਸ਼ਾਂ 'ਤੇ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਪ੍ਰਵਾਸੀਆਂ ਦੀਆਂ ਗ੍ਰਿਫਤਾਰੀਆਂ ਵਿੱਚ ਤੇਜੀ ਲਿਆਂਦੀ ਹੈ ਜਿਸ ਕਾਰਨ ਹਫੜਾਦਫੜੀ ਵਾਲਾ ਮਾਹੌਲ ਬਣਿਆ ਨਜਰ ਆ ਰਿਹਾ ਹੈ। ਸ਼ੁਰੂ ਵਿਚ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਗ੍ਰਿਫਤਾਰ ਕਰਨ ਦੀ ਗੱਲ ਕਹੀ ਗਈ ਸੀ ਪਰੰਤੂ ਬਾਅਦ ਵਿਚ ਪ੍ਰਵਾਸੀਆਂ ਦੀਆਂ ਗ੍ਰਿਫਤਾਰੀਆਂ ਦਾ ਘੇਰਾ ਵਧਾ ਦਿੱਤਾ ਗਿਆ ਤੇ ਛੋਟੇ ਮੋਟੇ ਅਪਰਾਧਾਂ ਵਿਚ ਸ਼ਾਮਿਲ ਪ੍ਰਵਾਸੀਆਂ ਨੂੰ ਵੀ ਇਸ ਘੇਰੇ ਵਿਚ ਸ਼ਾਮਿਲ ਕਰ ਲਿਆ ਗਿਆ। ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਫੈਕਟਰੀਆਂ, ਹੋਟਲਾਂ ਤੇ ਖੇਤੀਬਾੜੀ ਫਾਰਮਾਂ ਉਪਰ ਛਾਪੇ ਮਾਰੇ ਜਾ ਰਹੇ ਹਨ ਤੇ ਪ੍ਰਵਾਸੀਆਂ ਨੂੰ ਹਿਰਾਸਤ ਵਿਚ ਲਿਆ ਜਾ ਰਿਹਾ ਹੈ। ਪ੍ਰਸਿੱਧ ਸੈਨ ਡੀਏਗੋ ਇਟਾਲੀਅਨ ਰੈਸਟੋਰੈਂਟ ਵਿਚ ਰਾਤ ਦੇ ਖਾਣੇ ਤੋਂ ਪਹਿਲਾਂ ਮਾਰੇ ਗਏ ਛਾਪੇ ਦੌਰਾਨ ਕਈ ਵਰਕਰਾਂ ਨੂੰ ਹਿਰਾਸਤ ਵਿਚ ਲਏ ਜਾਣ ਦੀ ਖਬਰ ਹੈ। ਸਥਾਨਕ ਸੀ ਬੀ ਐਸ ਸਟੇਸ਼ਨ ਦੁਆਰਾ ਇਸ ਛਾਪੇ ਦੀ ਇਕ ਵੀਡੀ ਜਾਰੀ ਕੀਤੀ ਗਈ ਹੈ ਜਿਸ ਵਿਚ ਇਸ ਛਾਪੇ ਦਾ ਸਥਾਨਕ ਲੋਕ ਵਿਰੋਧ ਕਰਦੇ ਹੋਏ ਨਜਰ ਆ ਰਹੇ ਹਨ। ਭਾਰੀ ਗਿਣਤੀ ਵਿਚ ਹਥਿਆਰਬੰਦ ਏਜੰਟ ਰੈਸਟੋਰੈਂਟ ਵਿਚ ਦਾਖਲ ਹੋਏ ਤੇ ਉਨਾਂ ਨੇ ਹੋਟਲ ਵਿਚ ਕੰਮ ਕਰ ਰਹੇ ਵਰਕਰਾਂ ਨੂੰ ਹਿਰਾਸਤ ਵਿਚ ਲੈਣਾ ਸ਼ੁਰੂ ਕਰ ਦਿੱਤਾ ਜਿਸ ਦਾ ਮੌਕੇ 'ਤੇ ਹਾਜਰ ਲੋਕਾਂ ਨੇ ਵਿਰੋਧ ਕੀਤਾ। ਏਜੰਟਾਂ ਨੇ ਬੁਲਟ ਪਰੂਫ ਜੈਕਟਾਂ ਪਾਈਆਂ ਹੋਈਆਂ ਸਨ ਤੇ ਆਪਣੇ ਉਪਰ ਹੋਮਲੈਂਡ ਸਕਿਉਰਿਟੀ ਜਾਂਚ ਲੋਗੋ ਚਿਪਕਾਇਆ ਹੋਇਆ ਸੀ। ਪੈਡਰੋ ਰਿਆਸ,



ਡਾਇਰੈਕਟਰ ਆਫ ਕੁਏਕਰ ਅਮੈਰੀਕਨ ਫਰੈਂਡਜ ਸਰਵਿਸ ਕਮੇਟੀ ਯੂ ਐਸ- ਮੈਕਸੀਕੋ ਬਾਰਡਰ ਪ੍ਰੋਗਰਾਮ ਨੇ ਮੀਡੀਆ ਨੂੰ ਦਸਿਆ ਕਿ ਏਜੰਟਾਂ ਨੇ ਵਿਰੋਧ ਕਰ ਰਹੀ ਭੀੜ ਉਪਰ ਗਰਨੇਡ ਵੀ ਦਾਗੇ। ਕਾਰਜਕਾਰੀ ਡਾਇਰੈਕਟਰ ਯੂ ਐਸ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਏਜੰਟਾਂ ਨੇ ਛਾਪੇ ਦੌਰਾਨ ਕੁਝ ਵੀ ਗਲਤ ਨਹੀਂ ਕੀਤਾ ਉਨਾਂ ਨੇ ਕੇਵਲ ਆਪਣੀ ਲਾਅ ਇਨ-ਫੋਰਸਮੈਂਟ ਡਿਊਟੀ ਕੀਤੀ ਹੈ।

ਉਨਾਂ ਕਿਹਾ ਕਿ ਸਾਨੂੰ ਨਾਜ਼ੀ ਨਾ ਕਿਹਾ ਜਾਵੇ ਤੇ ਨਾ ਹੀ ਅਸੀਂ ਕੋਈ ਖਲਨਾਇਕ ਹਾਂ। ਪਿਛਲੇ ਹਫਤੇ ਦੇ ਸ਼ੁਰੂ ਵਿਚ ਆਈ ਸੀ ਈ ਏਜੰਟਾਂ ਨੇ ਸੈਨ ਐਨਟੋਨੀ , ਟੈਕਸਾਸ ਕੋਰਟ ਹਾਊਸ ਵਿਚ ਸੁਣਵਾਈ ਤੋਂ ਬਾਅਦ ਪ੍ਰਵਾਸੀਆਂ ਨੂੰ ਹਿਰਾਸਤ ਵਿਚ ਲੈ ਲਿਆ ਸੀ ਜਿਸ ਦਾ ਪ੍ਰਵਾਸੀਆਂ ਦੇ ਵਕੀਲਾਂ ਨੇ ਸਖਤ ਵਿਰੋਧ ਕੀਤਾ ਸੀ। ਇਮੀਗਰਾਂਟ ਲੀਗਲ

ਰਿਸੋਰਸ ਸੈਂਟਰ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਇਸ ਬਹੁਤ ਹੀ ਸੰਕਟ ਭਰੇ ਸਮੇਂ ਵਿੱਚ ਪਰਵਾਸੀ ਪਰਿਵਾਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪ੍ਰਵਾਸੀ ਨਿਆਂ ਲਈ ਅਦਾਲਤਾਂ ਵਿਚ ਆਉਂਦੇ ਹਨ ਪਰੰਤੂ ਸੁਣਵਾਈ ਵਿੱਚ ਵਿਘਣ ਪਾਇਆ ਜਾ ਰਿਹਾ ਹੈ।

ਇਸ ਬਿਆਨ ਨਾਲ ਇਕ ਵੀਡੀ ਵੀ ਜੋੜੀ ਗਈ ਹੈ ਜਿਸ ਵਿਚ ਆਈ ਸੀ ਈ ਏਜੰਟ ਅਦਾਲਤ ਵਿਚ 4 ਬੱਚਿਆਂ ਸਮੇਤ ਇਕ ਮਾਂ ਨੂੰ ਹਿਰਾਸਤ ਵਿਚ ਲੈ ਰਹੇ ਹਨ। ਇਕ ਨਬਾਲਗ ਬੱਚੇ ਦੇ ਹੱਥ ਪਿੱਠ ਪਿੱਛੇ ਬੰਨੇ ਹੋਏ ਨਜਰ ਆ ਰਹੇ ਹਨ। ਐਡੋਵੋਕੇਸੀ ਗਰੁੱਪ ਯੂਨੀਡੋਸ ਪੋਡਮੋਸ ਵੱਲੋਂ ਇਸੇ ਹੀ ਅਦਾਲਤ ਦੇ ਬਾਹਰਵਾਰ ਪ੍ਰਵਾਸੀਆਂ ਦੀ ਗ੍ਰਿਫਤਾਰੀ ਦੀ ਇਕ ਹੋਰ ਵੀਡੀ ਜਾਰੀ ਕੀਤੀ ਗਈ ਹੈ ਜਿਸ ਵਿਚ ਉਸ ਸਮੇਂ ਦਾ ਬਹੁਤ ਹੀ ਭਾਵੁਕ ਦ੍ਰਿਸ਼ ਨਜਰ ਆ ਰਿਹਾ ਹੈ ਜਿਸ ਵਿਚ ਸਿਵਲ ਵਰਦੀ ਵਿੱਚ ਏਜੰਟ ਦੋ ਔਰਤਾਂ ਤੇ ਇਕ ਬੱਚੇ ਨੂੰ ਕੈਦੀਆਂ ਨੂੰ ਲਿਜਾਣ ਵਾਲੀ ਗੱਡੀ ਵਿਚ ਜਬਰਨ ਚੜਾ ਰਹੇ ਹਨ।

# ਭਾਰਤੀ ਮੂਲ ਦੀ ਪਲਕ ਪਟੇਲ ਦੀ ਹੱਤਿਆ ਦੇ ਮਾਮਲੇ ਵਿਚ 10 ਸਾਲ ਬੀਤੇ ਜਾਣ 'ਤੇ ਵੀ ਸ਼ੱਕੀ ਪਤੀ ਨਹੀਂ ਆਇਆ ਕਾਬੂ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਨਾਪੋਲਿਸ, ਮੈਰੀਲੈਂਡ ਵਿਚ 12 ਅਪ੍ਰੈਲ 2015 ਨੂੰ 21 ਸਾਲਾ ਭਾਰਤੀ ਮੂਲ ਦੀ ਪਲਕ ਪਟੇਲ ਦੀ ਚਾਕੂ ਮਾਰ ਕੇ ਕੀਤੀ ਹੱਤਿਆ ਦੇ ਮਾਮਲੇ ਵਿਚ ਲੋੜੀਂਦਾ ਸ਼ੱਕੀ ਉਸ ਦਾ ਪਤੀ ਭਦਰੇਸ਼ਕੁਮਾਰ ਚੇਤਨਬਾਈ ਪਟੇਲ ਅਜੇ ਵੀ ਲਾਅ ਇਨਫੋਰਸਮੈਂਟ ਏਜੰਸੀਆਂ ਦੀ ਪਹੁੰਚ ਤੋਂ ਬਾਹਰ ਹੈ ਤੇ ਉਸ ਦੀ ਕੋਈ ਉੱਗ ਸੁੱਗ ਨਹੀਂ ਹੈ ਕਿ ਉਹ ਕਿਸੇ ਹੋਰ ਦੇਸ਼ ਵਿਚ ਭੱਜ ਗਿਆ ਹੈ ਜਾਂ ਅਮਰੀਕਾ ਵਿਚ ਹੀ ਕਿਤੇ ਦੜਿਆ ਬੈਠਾ ਹੈ। ਐਫ ਬੀ ਆਈ ਨੇ ਉਸ ਨੂੰ 10 ਅੱਤ ਲੋੜੀਂਦੇ ਭਗੌੜਿਆਂ ਦੀ ਸੂਚੀ ਵਿਚ ਪਾਇਆ ਹੋਇਆ ਹੈ ਤੇ ਉਸ ਉਪਰ 2,50,000 ਡਾਲਰ ਦਾ ਇਨਾਮ ਐਲਾਨਿਆ ਹੋਇਆ ਹੈ। ਐਫ ਬੀ ਆਈ ਨੇ ਪਲਕ ਦੇ 32 ਵੇਂ ਜਨਮ ਦਿਨ ਮੌਕੇ 31 ਮਈ , 2025 ਨੂੰ ਆਮ ਲੋਕਾਂ ਨੂੰ ਫਿਰ ਅਪੀਲ ਕੀਤੀ ਹੈ ਕਿ ਉਹ ਭਗੌੜੇ ਪਟੇਲ ਨੂੰ ਗ੍ਰਿਫਤਾਰ ਕਰਵਾਉਣ ਵਿੱਚ ਮਦਦ ਕਰੇ। ਇਹ ਘਟਨਾ ਇਕ ਮੈਰੀਲੋਂਡ ਡੋਨਟ ਸ਼ਾਪ ਵਿਚ ਅੱਧੀ ਰਾਤ ਤੋਂ ਪਹਿਲਾਂ ਵਾਪਰੀ ਸੀ ਜਿਥੇ ਦੋਨੋਂ ਪਤੀ-ਪਤਨੀ ਕੰਮ ਕਰਦੇ ਸਨ। ਸੀ ਸੀ ਟੀ ਵੀ ਵੀਡੀ ਵਿਚ ਪਲਕ ਆਪਣੇ ਪਤੀ ਭਦਰੇਸ਼ਕੁਮਾਰ ਦੇ ਮਗਰ ਸਟੋਰੇਜ ਖੇਤਰ ਵਿਚ ਜਾ ਰਹੀ ਹੈ ਜਿਥੇ ਉਸ ਦਾ ਕਤਲ ਹੋਇਆ



ਸੀ। ਐਫ ਬੀ ਆਈ ਬਾਲਟੀਮੋਰ ਫੀਲਡ ਦਫਤਰ ਦੇ ਵਿਸ਼ੇਸ਼ ਏਜੰਟ ਜੋਨਾਥਨ ਸ਼ਫਰ ਅਨੁਸਾਰ ਘਟਨਾ ਉਪਰੰਤ ਭਦਰੇਸ਼ ਕੁਮਾਰ ਤੁਰੰਤ ਪਿਛਲੇ ਦਰਵਾਜ਼ੇ ਰਾਹੀਂ ਫਰਾਰ ਹੋ ਗਿਆ ਤੇ ਅੱਜ ਤੱਕ ਲਾਅ ਏਨਫੋਰਸਮੈਂਟ ਅਧਿਕਾਰੀਆਂ ਦੇ ਹੱਥ ਨਹੀਂ ਆਇਆ ਹੈ। ਪਲਕ ਅਰਵਿੰਦਭਾਈ ਪਟੇਲ ਦਾ ਜਨਮ 1993 ਵਿਚ ਅਹਿਮਦਾਬਾਦ ਵਿਚ ਹੋਇਆ ਸੀ। 25 ਨਵੰਬਰ 2013 ਨੂੰ ਉਸ ਦਾ ਵਿਆਹ ਭਦਰੇਸ਼ਕੁਮਾਰ ਪਟੇਲ ਨਾਲ ਹੋਇਆ ਸੀ। ਦੋਨੋਂ ਪਤੀ-ਪਤਨੀ ਸਤੰਬਰ 2014 ਵਿਚ ਅਮਰੀਕਾ ਆਏ ਸਨ। ਦੋਨੋਂ ਆਪਣੇ ਰਿਸ਼ਤੇਦਾਰ ਦੀ ਡੋਨਟ ਸ਼ਾਪ 'ਤੇ ਕੰਮ ਕਰਦੇ ਸਨ। ਮੌਤ ਤੋਂ ਪਹਿਲਾਂ ਪਲਕ ਭਾਰਤ ਜਾਣਾ ਚਹੁੰਦੀ ਸੀ। ਸ਼ਫਰ ਅਨੁਸਾਰ ਪਲਕ ਦੀ ਹੱਤਿਆ ਪਿੱਛੇ ਮਕਸਦ ਅਜੇ ਸਾਫ ਨਹੀਂ ਹੈ ਪਰੰਤੂ ਭਦਰੇਸ਼ਕੁਮਾਰ ਨਹੀਂ ਸੀ ਚਹੁੰਦਾ ਕਿ ਉਹ ਭਾਰਤ ਜਾਵੇ। ਪਲਕ ਨੂੰ ਇਸ ਗੱਲ ਦੀ ਕੋਈ ਭਿਣਕ ਨਹੀਂ ਸੀ ਕਿ ਉਸ ਦਾ ਕਤਲ ਕਰ ਦਿੱਤਾ ਜਾਵੇਗਾ। ਪਲਕ ਦੀ ਮਾਂ ਨੇ ਕਿਹਾ ਹੈ ਕਿ ਉਹ ਆਪਣੀ ਧੀ ਲਈ ਇਨਸਾਫ ਚਹੁੰਦੀ ਹੈ। ਉਸ ਦੇ ਪਤੀ ਨੇ ਬਿਨਾਂ ਕਿਸੇ ਕਾਰਨ ਮੇਰੀ ਧੀ ਨਾਲ ਧੋਖਾ ਕੀਤਾ ਹੈ। ਮੈਨੂੰ ਵਿਸ਼ਵਾਸ਼ ਹੈ ਕਿ ਇਕ ਨਾ ਇਕ ਦਿਨ ਭਦਰੇਸ਼ਕੁਮਾਰ ਫੜਿਆ ਜਾਵੇਗਾ।

SUNSHINE AUTO CARE INC.
WE REPAIR ALL MAKES & MODELS. AUTO, DIESEL TRUCK & TRAILERS
✓ DPF Filter Cleaning
✓ Clutch
✓ Transmission
✓ New/Used Tires
✓ Oil Changes
✓ Wheel Balancing
✓ Truck & Trailer Repair
✓ All Major & Minor Repairs
✓ We Do Aluminum Welding
✓ Computer Check
✓ Differential
✓ Inspections
✓ Van/Reefer Work
We do Truck Smoke Test & Alignment FOR ALL CUSTOMERS
hablamos español
We Speak English, Spanish & Punjabi
We Provide Towing & 24/7 Mobile Road Services For All Autos, Trucks & Trailers
Open Monday to Saturday
Com-Check
T-Check
EFS Check
ACCEPTED HERE
VISA MasterCard AMERICAN EXPRESS DISCOVER NETWORK





209-239-1551
1003 MOFFAT BLVD., MANTECA, CA 95336

# ਅਮਰੀਕਾ ਦੇ ਇਕ ਪਾਰਕ ਵਿਚ ਅਚਾਨਕ ਹੋਈ ਗੋਲੀਬਾਰੀ ਵਿੱਚ 7 ਲੋਕ ਜ਼ਖਮੀ, 2 ਦੀ ਹਾਲਤ ਗੰਭੀਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** – ਵਾਸ਼ਿਗਟਨ ਰਾਜ ਦੇ ਇਕ ਪਾਰਕ ਵਿਚ ਹੋਈ ਗੋਲੀਬਾਰੀ ਵਿਚ 7 ਵਿਅਕਤੀਆਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਲੇਕਵੁੱਡ ਪੁਲਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਇਹ ਘਟਨਾ ਸਥਾਨਕ ਸਮੇਂ ਅਨੁਸਾਰ ਸ਼ਾਮ 8 ਵਜੇ ਤੋਂ ਪਹਿਲਾਂ ਸ਼ਹਿਰ ਦੇ ਹੈਰੀ ਟੌਡ ਪਾਰਕ ਵਿਚ ਵਾਪਰੀ। ਜ਼ਖਮੀ ਹੋਏ ਲੋਕਾਂ ਵਿਚ 16 ਤੋਂ 38 ਸਾਲ ਦੀ ਉਮਰ ਦੇ ਵਿਅਕਤੀ ਸ਼ਾਮਿਲ ਹਨ ਜਿਨਾਂ ਵਿਚੋਂ 2 ਵਿਅਕਤੀਆਂ ਦੀ ਹਾਲਤ ਗੰਭੀਰ ਹੈ। ਪੁਲਿਸ ਨੇ ਕਿਹਾ ਹੈ ਕਿ ਜ਼ਖਮੀ ਹੋਏ ਵਿਅਕਤੀਆਂ ਵਿਚੋਂ ਜਿਆਦਾਤਰ ਇਸ ਗੋਲੀਬਾਰੀ ਤੋਂ ਅਣਜਾਣ ਸਨ ਤੇ ਉਨਾਂ ਦੇ ਅਚਾਨਕ ਗੋਲੀਆਂ ਵੱਜੀਆਂ। ਪੁਲਿਸ ਗੋਲੀਬਾਰੀ ਲਈ ਜਿੰਮੇਵਾਰ ਲੋਕਾਂ ਦਾ ਪਤਾ ਲਾਉਣ ਲਈ ਕੰਮ ਕਰ ਰਹੀ ਹੈ। ਸ਼ੋਸਲ ਮੀਡੀਆ 'ਤੇ ਪਾਈ ਇਕ ਪੋਸਟ ਅਨੁਸਾਰ ਪੁਲਿਸ ਦਾ ਵਿਸ਼ਵਾਸ਼ ਹੈ ਕਿ ਗੋਲੀਬਾਰੀ ਅਚਾਨਕ ਵਾਪਰੀ ਘਟਨਾ ਨਹੀਂ ਹੈ ਤੇ ਧੜਿਆਂ ਵਿਚਾਲੇ ਹੋਏ ਝਗੜੇ ਤੋਂ ਬਾਅਦ ਇਹ ਘਟਨਾ ਵਾਪਰੀ ਹੈ। ਪੁਲਿਸ ਨੇ ਸ਼ੋਸਲ ਮੀਡੀਆ 'ਤੇ ਕਿਹਾ ਹੈ ਕਿ ਉਸ ਦਾ ਵਿਸ਼ਵਾਸ਼ ਹੈ ਕਿ ਦੋ ਧੜਿਆਂ ਵਿਚਾਲੇ ਹੋਇਆ ਤਕਰਾਰ ਏਨਾ ਵਧ ਗਿਆ ਕਿ ਨੌਬਤ ਗੋਲੀਬਾਰੀ ਤੱਕ ਪੁੱਜ ਗਈ। ਅਜੇ ਤੱਕ ਇਸ ਘਟਨਾ ਸਬੰਧੀ ਕੋਈ ਗ੍ਰਿਫਤਾਰੀ ਨਹੀਂ ਹੋਈ ਹੈ।

# ਹੱਤਿਆ ਤੇ ਜਬਰਜ਼ਨਾਹ ਦੇ ਮਾਮਲੇ ਵਿਚ ਸਜ਼ਾ ਕੱਟ ਰਿਹਾ ਸਾਬਕਾ ਪੁਲਿਸ ਮੁਖੀ ਜੇਲ ਵਿਚੋਂ ਫਰਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** –ਅਰਕੰਸਾਸ ਦੇ ਇਕ ਛੋਟੇ ਜਿਹੇ ਸ਼ਹਿਰ ਦੇ ਸਾਬਕਾ ਪੁਲਿਸ ਮੁਖੀ ਗਰਾਂਟ ਹਾਰਡਿਨ (56) ਜੋ



ਹੱਤਿਆ ਤੇ ਜਬਰਜ਼ਨਾਹ ਦੇ ਮਾਮਲੇ ਵਿਚ ਸਜ਼ਾ ਕਟ ਰਿਹਾ ਸੀ, ਦੇ ਜੇਲ ਵਿਚੋਂ ਫਰਾਰ ਹੋ ਜਾਣ ਦੀ ਖਬਰ ਹੈ। ਪੁਲਿਸ ਨੇ ਕਿਹਾ ਕਿ ਅਜੇ ਤੱਕ ਉਹ ਕਾਬੂ ਨਹੀਂ ਆਇਆ ਹੈ। ਸਟੇਟ ਡਿਪਾਰਟਮੈਂਟ ਆਫ ਕੋਰੈਕਸ਼ਨਜ ਨੇ ਕਿਹਾ ਹੈ ਕਿ ਗਰਾਂਟ ਹਾਰਡਿਨ ਉੱਤਰੀ ਅਰਕੰਸਾਸ ਦੀ ਸਟੇਟ ਜੇਲ ਵਿਚੋਂ ਫਰਾਰ ਹੋਇਆ ਹੈ। ਉਸ ਦੀ ਗ੍ਰਿਫਤਾਰੀ ਲਈ ਸਟੇਟ ਪੁਲਿਸ ਤੇ ਸ਼ੈਰਿਫ ਦਫਤਰਾਂ ਸਮੇਤ ਕਈ ਏਜੰਸੀਆਂ ਮਿਲ ਕੇ ਕੰਮ ਕਰ ਰਹੀਆਂ ਹਨ। ਇਥੇ ਜਿਕਰਯੋਗ ਹੈ ਕਿ ਇਸ ਤੋਂ ਕੁਝ ਦਿਨ ਪਹਿਲਾਂ 16 ਮਈ ਨੂੰ 10 ਕੈਦੀ ਨਿਊ ਰਲੀਨਜ ਜੇਲ ਵਿਚੋਂ ਫਰਾਰ ਹੋਏ ਸਨ ਜਿਨਾਂ ਵਿਚੋਂ 2 ਅਜੇ ਵੀ ਪੁਲਿਸ ਦੇ ਕਾਬੂ ਨਹੀਂ ਆਏ। ਇਸ ਮਾਮਲੇ ਵਿਚ ਕੈਦੀਆਂ ਦੀ ਫਰਾਰ ਹੋਣ ਵਿੱਚ ਮਦਦ ਕਰਨ ਦੇ ਦੋਸ਼ਾਂ ਤਹਿਤ 13 ਲੋਕਾਂ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ।

# ਓਰੇਗੋਨ ਵਿਚ ਬੇਘਰਿਆਂ ਦੇ ਰੈਣ ਬਸੇਰੇ 'ਤੇ ਹਮਲਾ, ਹਮਲਾਵਰ ਨੇ 11 ਲੋਕਾਂ ਨੂੰ ਕੀਤਾ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** – ਰੇਗੋਨ ਵਿਚ ਸਲੇਮ ਵਿਖੇ ਬੇਘਰਿਆਂ ਦੇ ਇਕ ਰੈਣ ਬਸੇਰੇ ਵਿਚ ਹੋਏ ਹਮਲੇ ਵਿੱਚ ਘੱਟੋ ਘੱਟ 11 ਲੋਕਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਪੁਲਿਸ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਸ਼ੱਕੀ ਦੋਸ਼ੀ ਨੂੰ ਕਾਬੂ ਕਰ ਲਿਆ ਗਿਆ ਹੈ। ਸਲੇਮ ਪੁਲਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਇਕ ਵਿਅਕਤੀ 8 ਇੰਚ ਲੰਬਾ ਚਾਕੂ ਲੈ ਕੇ ਰੈਣ ਬਸੇਰੇ ਯੁਨੀਅਨ ਗੋਸਪਲ ਮਿਸ਼ਨ ਸਲੇਮ ਵਿਚ ਤਕਰੀਬਨ 7130 ਵਜੇ ਸ਼ਾਮ ਨੂੰ ਦਾਖਲ ਹੋਇਆ ਤੇ ਉਥੇ ਮੌਜੂਦ ਲੋਕਾਂ




ਉਪਰ ਹਮਲਾ ਕਰ ਦਿੱਤਾ। ਦਰਜ਼ਨ ਦੇ ਕਰੀਬ ਲੋਕਾਂ ਨੂੰ ਜ਼ਖਮੀ ਕਰਨ ਉਪਰੰਤ ਉਹ ਫਰਾਰ ਹੋ ਗਿਆ। ਪੁਲਿਸ ਅਨੁਸਾਰ ਸ਼ੱਕੀ ਦੀ ਪਛਾਣ 42 ਸਾਲਾ ਟੋਨੀ ਵਿਲਅਮਜ ਵਜੋਂ ਹੋਈ ਹੈ ਤੇ ਉਹ ਰੈਣ ਬਸੇਰੇ ਤੋਂ ਦੂਸਰੇ ਪਾਸੇ ਰਹਿੰਦਾ ਹੈ। ਪੁਲਿਸ ਅਨੁਸਾਰ ਪੀੜਤਾਂ ਵਿਚ ਰੈਣ ਬਸੇਰੇ ਦੇ 2 ਸਟਾਫ ਮੈਂਬਰ ਵੀ ਸ਼ਾਮਿਲ ਹਨ ਜਿਨਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ ਹੈ। ਪੁਲਸ ਅਨੁਸਾਰ ਜ਼ਖਮੀਆਂ ਵਿਚ 26 ਤੋਂ 57 ਸਾਲ ਦੇ ਵਿਅਕਤੀ ਸ਼ਾਮਿਲ ਹਨ। ਇਨਾਂ ਵਿਚ 5 ਗੰਭੀਰ ਜ਼ਖਮੀ ਸ਼ਾਮਿਲ ਹਨ।

# ਕੈਰੋਲੀਨਾ ਦੇ ਇਕ ਘਰ ਵਿਚ ਹੋਈ ਗੋਲੀਬਾਰੀ ਵਿੱਚ 1 ਮੌਤ ਤੇ 11 ਹੋਰ ਜ਼ਖਮੀ


**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** –ਨਾਰਥ ਕੈਰੋਲੀਨਾ ਦੇ ਇਕ ਘਰ ਵਿਚ ਹੋਈ ਗੋਲੀਬਾਰੀ ਵਿਚ ਇਕ ਮੌਤ ਹੋਣ ਤੇ 11 ਹੋਰ ਲੋਕਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਕੈਟਾਵਬਾ ਕਾਊਂਟੀ ਸ਼ੈਰਿਫ ਦਫਤਰ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਅੱਧੀ ਰਾਤ ਤੋਂ ਬਾਅਦ ਹਿਕੋਰੀ ਨੇੜੇ ਇਕ ਘਰ ਵਿਚ ਮੌਕੇ 'ਤੇ ਪੁੱਜੇ ਜਿਥੇ 11 ਲੋਕ ਗੋਲੀਆਂ ਵੱਜਣ ਕਾਰਨ ਜ਼ਖਮੀ ਹਾਲਤ ਵਿਚ ਮਿਲੇ ਜਦ ਕਿ ਇਕ ਵਿਅਕਤੀ ਦੀ ਮੌਤ ਹੋ ਚੁੱਕੀ ਸੀ। ਜ਼ਖਮੀਆਂ ਵਿਚੋਂ ਇਕ ਦੀ ਹਾਲਤ ਗੰਭੀਰ ਹੈ।

ਜਾਂਚਕਾਰਾਂ ਨੇ ਮੀਡੀਆ ਨੂੰ ਦੱਸਿਆ ਕਿ ਇਕ ਘਰ ਵਿਚ ਪਾਰਟੀ ਚੱਲ ਰਹੀ ਸੀ ਜਿਥੇ 100 ਤੋਂ ਵਧ ਲੋਕ ਇਕੱਤਰ ਹੋਏ ਸਨ। ਜਾਂਚਕਾਰਾਂ ਦਾ ਮੰਨਣਾ ਹੈ ਕਿ ਇਕ ਤੋਂ ਵਧ ਲੋਕਾਂ ਨੇ ਗੋਲੀਆਂ ਚਲਾਈਆਂ ਹਨ। ਅਜੇ ਤੱਕ ਇਸ ਮਾਮਲੇ ਵਿਚ ਕੋਈ ਗ੍ਰਿਫਤਾਰੀ ਨਹੀਂ ਹੋਈ ਹੈ ਤੇ ਮਾਮਲਾ ਜਾਂਚ ਅਧੀਨ ਹੈ।

# ਇਤਿਹਾਸ ਰਚਣ ਨੇੜੇ ਵਿਰਾਟ ਕੋਹਲੀ

ਧੋਨੀ ਇਕੱਲੇ ਅਜਿਹੇ ਭਾਰਤੀ ਖਿਡਾਰੀ ਹਨ, ਜਿਨ੍ਹਾਂ ਨੇ ਟੀ20 ਵਿਸ਼ਵ ਕੱਪ (2007), ਵਿਸ਼ਵ ਕੱਪ (2011), ਚੈਂਪੀਅਨਜ਼ ਟਰਾਫੀ (2013), ਅਤੇ ੍ (2010, 2011, 2018, 2021 ਅਤੇ 2023) ਜਿੱਤੇ ਹਨ। ਜੇਕਰ ਵਿਰਾਟ ਕੋਹਲੀ ਇਸ ਸਾਲ ੀਫ਼ ਟਰਾਫੀ ਜਿੱਤਦੇ ਹਨ, ਤਾਂ ਉਹ ਸਾਰੇ ਖਿਤਾਬ ਜਿੱਤਣ ਵਾਲੇ ਸਿਰਫ ਦੂਜੇ ਭਾਰਤੀ ਖਿਡਾਰੀ ਬਣ ਜਾਣਗੇ। ਕਵਾਲੀਫਾਇਰ-2 'ਚ ਪੰਜਾਬ ਦਾ ਮੁਕਾਬਲਾ ਮੁੰਬਈ ਨਾਲ ਹੋਣਾ ਹੈ ਜਿਸ ਵਿਚ ਜੋ ਟੀਮ ਜਿੱਤ ਹਾਸਲ ਕਰੇਗੀ, ਉਹ ਫਾਈਨਲ 'ਚ ਆਪਣੀ ਜਗ੍ਹਾ ਬਣਾਏਗੀ। 3 ਜੂਨ ਨੂੰ ੀਫ਼ 2025 ਦਾ ਫਾਈਨਲ ਮੈਚ ਖੇਡਿਆ ਜਾਣਾ ਹੈ, ਜਿਸ ਵਿਚ ੍ਛਭ ਦੀਆਂ ਨਜ਼ਰਾਂ 18 ਸਾਲਾਂ ਦਾ ਸੋਕਾ ਖਤਮ ਕਰ ਕੇ ਪਹਿਲੀ ਟਾਰਫੀ ਜਿੱਤਣ 'ਤੇ ਹੈ। ਇਸ ਮੈਚ ਵਿਚ ੍ਛਭ ਦੇ ਸਿਤਾਰੇ ਬੱਲੇਬਾਜ਼ ਵਿਰਾਟ ਕੋਹਲੀ ਕੋਲ ਇਤਿਹਾਸ ਰਚਣ ਦਾ ਸੁਨਹਿਰੀ ਮੌਕਾ ਹੈ।

ਰਾਇਲ ਚੈਲੰਜਰਜ਼ ਬੈਂਗਲੁਰੂ ਦੇ ਸਾਬਕਾ ਕਪਤਾਨ ਵਿਰਾਟ ਕੋਹਲੀ 2025 ਦੇ ਫਾਈਨਲ 'ਚ ਇਤਿਹਾਸ ਰਚਣ ਨੇੜੇ ਹਨ। RCB ਦੀ ਟੀਮ ਫਾਈਨਲ 'ਚ ਪਹੁੰਚ ਚੁੱਕੀ ਹੈ ਤੇ ਇਸ ਮੈਚ ਵਿਚ ਕਿੰਗ ਕੋਹਲੀ ਕੋਲ ਮੌਕਾ ਹੈ ਕਿ ਉਹ ਐਮਐਸ ਧੋਨੀ ਦੇ ਕਲੱਬ 'ਚ ਸ਼ਾਮਲ ਹੋਣ। ਦੱਸ ਦੇਈਏ ਕਿ ਵਿਰਾਟ ੍ਛਭ ਲਈ ਸਾਰੇ ਸੀਜ਼ਨਾਂ 'ਚ ਸਭ ਤੋਂ ਜ਼ਿਆਦਾ ਦੌੜਾਂ ਬਣਾਉਣ ਵਾਲੇ ਖਿਡਾਰੀ ਰਹੇ ਹਨ।




ਉਨ੍ਹਾਂ ਨੇ ਹੁਣ ਤਕ 14 ਮੈਚਾਂ 'ਚ 55.82 ਦੀ ਔਸਤ ਅਤੇ 146.54 ਦੇ ਸਟ੍ਰਾਈਕ ਰੇਟ ਨਾਲ 6.4 ਦੌੜਾਂ ਬਣਾਈਆਂ ਹਨ। ਕੋਹਲੀ ੀਫ਼ 2025 ਦੇ ਸਭ ਤੋਂ ਜ਼ਿਆਦਾ ਦੌੜਾਂ ਬਣਾਉਣ ਵਾਲਿਆਂ ਦੀ ਸੂਚੀ 'ਚ ਪੰਜਵੇਂ ਸਥਾਨ 'ਤੇ ਹਨ। ਜੇਕਰ ਰਾਇਲ ਚੈਲੰਜਰਜ਼ ਬੈਂਗਲੁਰੂ ਦੀ ਟੀਮ ੀਫ਼ ਖਿਤਾਬ ਜਿੱਤ ਜਾਂਦੀ ਹੈ, ਤਾਂ ਵਿਰਾਟ ਕੋਹਲੀ ਇਕ ਅਜਿਹੇ ਖਾਸ ਕਲੱਬ 'ਚ ਸ਼ਾਮਲ ਹੋ ਜਾਣਗੇ, ਜਿਸ ਵਿਚ ਸਿਰਫ ਭਾਰਤ ਵੱਲੋਂ ਐਮਐਸ ਧੋਨੀ ਦਾ ਨਾਂ ਹੈ।

CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor
Recap Truck Tire $ 249 + Labor
Recap Trailar Tires and Kind $ 199 + Labor

NEW & USED TIRES
WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021
Across the Street from TA Truck Stop

ਦੇਸ਼ ਦੁਆਬਾ

# ਗੁਰੂ ਨਾਨਕ ਸਾਹਿਬ ਦਾ ਫਲਸਫਾ

ਵਿਸ਼ਵ ਚੇਤਨਾ ਲਈ ਇਹ ਬੜਾ ਜ਼ਰੂਰੀ ਹੈ ਕਿ ਮਨੁੱਖ ਅੰਧ-ਵਿਸ਼ਵਾਸਾਂ, ਕੱਟੜਤਾ, ਜਾਤੀਵਾਦੀ ਵਿਵਸਥਾ ਤੇ ਨਸਲਵਾਦ ਤੇ ਸੰਕੀਰਣਤਾ ਤੋਂ ਬਾਹਰ ਆਵੇ। ਦੂਜੇ ਧਰਮਾਂ ਦੇ ਲੋਕਾਂ ਨਾਲ ਸੰਵਾਦ ਕਰੇ। ਉਨ੍ਹਾਂ ਦੇ ਵਿਚਾਰਾਂ ਨੂੰ ਸੁਣੇ ਅਤੇ ਆਪਣੇ ਵਿਚਾਰ ਉਨ੍ਹਾਂ ਨੂੰ ਦੱਸੇ। ਗੁਰੂ ਨਾਨਕ ਸਾਹਿਬ ਨੇ ਆਪਣਾ ਨਿਸਚਾ ਪ੍ਰਗਟਾਉਂਦੇ ਹੋਏ ਕਿਹਾ ਸੀ-

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥

ਗੁਰੂ ਨਾਨਕ ਨੇ ਵਾਦ-ਵਿਵਾਦ ਦਾ ਰਾਹ ਛੱਡ ਕੇ ਸੰਵਾਦ ਦਾ ਰਾਹ ਅਪਨਾਉਂਦਿਆਂ ਸਾਂਝੀਵਾਲਤਾ ਦਾ ਸੰਕਲਪ ਪ੍ਰਗਟਾਇਆ। ਉਹ ਪੰਡਤਾਂ, ਜੋਗੀਆਂ, ਸੂਫ਼ੀਆਂ, ਭਗਤਾਂ ਅਤੇ ਹਰ ਵਿਚਾਰਧਾਰਾ ਦੇ ਲੋਕਾਂ ਨੂੰ ਮਿਲੇ, ਉਨ੍ਹਾਂ ਨਾਲ ਵਿਚਾਰਵਟ ਾਂਦਰਾ ਕੀਤਾ ਤੇ ਸੱਚ ਦਾ ਮਾਰਗ ਦਿਖਾਇਆ। ਉਹ ਆਮ ਲੋਕਾਂ ਨੂੰ ਮਿਲੇ, ਉਨ੍ਹਾਂ ਦਾ ਦੁੱਖ-ਦਰਦ ਸਮਝਿਆ, ਕੋੜੀਆਂ ਦਾ ਆਪਣੇ ਹੱਥੀਂ ਇਲਾਜ ਕੀਤਾ। ਇਹ ਕੋਹੜੀ ਦੱਬੇ ਕੁਚਲੇ ਸਮਾਜ 'ਚੋਂ ਸਨ, ਜਿਨ੍ਹਾਂ ਨੂੰ ਉੱ" ਜਾਤਾਂ ਤੇ ਸਰਮਾਏਦਾਰਾਂ ਨੇ ਹਾਸ਼ੀਏ ਤੋਂ ਬਾਹਰ ਧਕੇਲ ਦਿੱਤਾ ਸੀ। ਉਨ੍ਹਾਂ ਨਾਲ ਮਾਨਵਤਾ ਵਾਲਾਂ ਸਲੂਕ ਨਹੀਂ ਕੀਤਾ ਜਾਂਦਾ ਸੀ।

ਬਾਬੇ ਨਾਨਕ ਨੇ ਉਨ੍ਹਾਂ ਲੋਕਾਂ ਨੂੰ ਆਪਣੇ ਸੰਗੀ ਸਾਥੀ ਦੱਸਿਆ ਤੇ ਉਨ੍ਹਾਂ ਨੂੰ ਆਪਣੇ ਗਲ ਨਾਲ ਲਗਾਇਆ। ਗੁਰੂ ਨਾਨਕ ਨੇ ਕਿਹਾ ਕਿ ਮੈਂ ਅਜਿਹੇ ਲੋਕਾਂ ਦੇ ਨਾਲ ਖੜ੍ਹਾ ਹਾਂ। ਮੇਰੀ ਉਨ੍ਹਾਂ ਨਾਲ ਕੋਈ ਰੀਸ ਨਹੀਂ ਜਿਹੜੇ ਆਪਣੇ-ਆਪ ਨੂੰ ਵੱਡਾ ਸਮਝਦੇ ਹਨ-ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ ਬਾਬੇ ਨੇ ਮਲਿਕ ਭਾਗੋ ਨੂੰ ਤਿਆਗਿਆ, ਭਾਈ ਲਾਲੋ ਨੂੰ ਸਵੀਕਾਰਿਆ, ਜੋ ਕਿਰਤੀ ਸਮਾਜ 'ਚੋਂ ਸੀ। ਇਥੋਂ ਤੱਕ ਕਿ ਉਹ ਅਜਿਹੇ ਆਦਿਵਾਸੀ ਲੋਕਾਂ ਕੋਲ ਗਏ ਜਿਹੜੇ ਸਦੀਆਂ ਤੋਂ ਜੰਗਲਾਂ-ਪਹਾੜਾਂ ਵਿੱਚ ਰਹਿੰਦੇ ਸਨ। ਜਿਸ ਕੌਡਾ ਰਾਕਸ਼ ਨਾਲ ਗੁਰੂ ਸਾਹਿਬ ਦੇ ਮਿਲਣ ਦਾ ਜ਼ਿਕਰ ਇਤਿਹਾਸ ਵਿੱਚ ਆਉਂਦਾ ਹੈ, ਉਹ ਇਕ ਆਦਿਵਾਸੀ ਹੀ ਸੀ। ਉਹ ਜਾਤੀਵਾਦੀ ਸਮਾਜ ਵੱਲੋਂ ਨਫ਼ਰਤ ਦੇ ਸ਼ਿਕਾਰ ਲੋਕ ਸਨ, ਜਿਨ੍ਹਾਂ ਨੂੰ ਮਨੂੰਵਾਦੀ ਸਿਸਟਮ ਅਨੁਸਾਰ "ਜਾਤੀ ਦੀਆਂ ਬਸਤੀਆਂ ਵਿੱਚ ਰਹਿਣ ਦੀ ਇਜਾਜ਼ਤ ਨਹੀਂ ਸੀ। ਬਾਬੇ ਨੇ ਇਨ੍ਹਾਂ ਲੋਕਾਂ ਨੂੰ ਆਪਣੇ ਗਲ ਨਾਲ ਲਗਾਇਆ ਤੇ ਉਨ੍ਹਾਂ ਦੀ ਮੁਕਤੀ ਦਾ ਰਾਹ ਦੱਸਿਆ। ਗੁਰੂ ਨਾਨਕ ਦੀਆਂ ਚਾਰ ਉਦਾਸੀਆਂ ਬਾਰੇ ਬੜਾ ਕੁਝ ਲਿਖਿਆ ਗਿਆ ਹੈ।

ਇਨ੍ਹਾਂ ਉਦਾਸੀਆਂ ਵਿੱਚ ਉਹ ਇਸ ਦੇਸ਼ ਦੇ ਹਰ ਹਿੱਸੇ ਵਿੱਚ ਗਏ। ਸੁਮੇਰ ਪਰਬਤ 'ਤੇ ਜਾ ਕੇ ਸਿੱਧਾਂ ਨਾਲ ਗੋਸ਼ਟੀ ਕੀਤੀ। ਜਗਨਨਾਥ ਪੁਰੀ ਪੁੱਜ ਕੇ ਉਥੇ ਦੀ ਆਰਤੀ ਦੇਖੀ ਅਤੇ ਅਜਿਹੀ ਆਰਤੀ ਗਾਈ ਜਿਹੜੀ ਵਿਸ਼ਵ ਆਰਤੀ ਸੀ। ਗੁਰੂ ਨਾਨਕ ਨੇ ਸਮੁੰਦਰ ਯਾਤਰਾ ਦੀ ਹਿੰਦੂ ਮਿਥ ਨੂੰ ਤੋੜ ਦਿੱਤਾ ਕਿ ਸਮੁੰਦਰ ਯਾਤਰਾ ਨਾਲ ਬੰਦਾ ਭਿੱਟਿਆ ਜਾਂਦਾ ਹੈ। ਉਹ ਲੰਕਾ ਵੀ ਗਏ ਅਤੇ ਮੱਕਾ, ਮਦੀਨਾ, ਬਗਦਾਦ ਵੀ ਗਏ। ਉਹ ਕਾਜੀਆਂ ਨੂੰ ਮਿਲੇ ਅਤੇ ਉਨ੍ਹਾਂ ਨਾਲ ਸੰਵਾਦ ਕੀਤਾ। ਉਨ੍ਹਾਂ ਦੀ ਵਿਸ਼ਵ ਦ੍ਰਿਸ਼ਟੀ ਦਾ ਹੀ ਇਹ ਉਪਰਾਲਾ ਸੀ ਕਿ ਇਕ ਪਾਸੇ ਪਾਕਪਟਨ (ਮੁਲਤਾਨ) ਜਾ ਕੇ ਉਹ ਸ਼ੇਖ ਬਾਬਾ ਫਰੀਦ ਦੇ ਜਾਨਸ਼ੀਨਾਂ ਕੋਲੋਂ ਬਾਬਾ ਫਰੀਦ ਦੀ ਬਾਣੀ ਲੈ ਕੇ ਆਏ, ਦੂਜੇ ਪਾਸੇ ਪੂਰਬੀ ਬੰਗਾਲ ਦੇ 21ਵੀਂ ਸਦੀ ਦੇ ਸੰਤ ਜੈਦੇਵ ਦੇ ਉੱ ਕੋਲੋਂ ਉਨ੍ਹਾਂ ਦੇ ਕੁਝ ਸ਼ਬਦ ਲਿਖ ਲਿਆਏ। ਆਪਣੀ ਮਹਾਂਰਾਸ਼ਟਰ ਦੀ ਉਦਾਸੀ ਵੇਲੇ ਉਨ੍ਹਾਂ ਨੇ ਭਗਤ ਨਾਮਦੇਵ, ਤਿਰਲੋਚਨ ਅਤੇ ਪਰਮਾਨੰਦ ਦੇ ਵੰਸ਼ਜਾਂ ਕੋਲੋਂ ਉਨ੍ਹਾਂ ਦੀ ਕੁਝ ਬਾਣੀ ਇਕੱਤਰ ਕੀਤੀ ਅਤੇ ਰਾਜਸਥਾਨ ਵਿੱਚ ਧੰਨੇ ਭਗਤ ਨੂੰ ਆਪ ਮਿਲੇ। ਪੰਜਵੇਂ ਗੁਰੂ ਅਰਜਨ ਸਾਹਿਬ ਨੇ ਜਦੋਂ ਆਦਿ ਗ੍ਰੰਥ ਦਾ ਸੰਪਾਦਨ ਕੀਤਾ ਤਾਂ ਸੰਤਾਂ-ਭਗਤਾਂ ਦੀ ਉਹ ਸਾਰੀ ਬਾਣੀ ਉਸ ਵਿੱਚ ਸ਼ਾਮਿਲ ਕੀਤੀ, ਜਿਹੜੀ ਗੁਰੂ ਨਾਨਕ ਸਾਹਿਬ ਨੇ ਆਪ ਇਕੱਠੀ ਕੀਤੀ ਸੀ। ਸਾਰਾ ਮਨੁੱਖੀ ਇਤਿਹਾਸ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਧਰਮਾਂ ਵਿੱਚ ਆਪਣੀ ਉੱਚੀ ਥਾਂ ਰੱਖਣ ਵਾਲਾ ਪੁਜਾਰੀ, ਮੁੱਲਾਂ ਆਪਣੇ ਸੁਆਰਥਾਂ ਦੀ ਪੂਰਤੀ ਲਈ ਨਾ ਸਿਰਫ਼ ਸਮਾਜ ਵਿੱਚ ਵੰਡੀਆਂ ਪਾਉਂਦਾ ਹੈ, ਸਗੋਂ ਮਨੁੱਖ ਦੀ ਸੋਚ ਨੂੰ ਛੋਟਾ ਬਣਾ ਦਿੰਦਾ ਹੈ।

ਉਹ ਲੋਕਾਂ ਨੂੰ ਅਜਿਹੇ ਕਰਮ-ਕਾਂਡਾਂ ਵਿੱਚ ਜਕੜ ਦਿੰਦਾ ਹੈ ਕਿ ਉਸ ਦੀ ਹੋਂਦ ਜ਼ਰੂਰੀ ਬਣ ਜਾਂਦੀ ਹੈ। ਗੁਰੂ ਨਾਨਕ ਨੇ ਲੋਕਾਂ ਨੂੰ ਅਜਿਹੇ ਪਰੋਹਿਤਾਂ ਤੋਂ ਮੁਕਤੀ ਦੁਆਈ। ਉਨ੍ਹਾਂ ਨੇ ਕਿਹਾ ਕਿ ਪੰਡਤ ਤਾਂ ਆਪ ਬੜੇ ਜੰਜਾਲਾਂ ਵਿੱਚ ਫਸਿਆ ਹੁੰਦਾ ਹੈ, ਉਹ ਕਿਸੇ ਨੂੰ ਸਹੀ ਰਾਹ ਦਿਖਾਉਣ ਵਿੱਚ ਕਿਵੇਂ ਸਹਾਈ ਹੋ ਸਕਦਾ ਹੈ- ਪੰਡਿਤ ਪੜਿ ਨ ਪਹੁਚਈ ਬਹੁ ਆਲ ਜੰਜਾਲਾ॥ ਪਾਪ ਪੁੰਨ ਦੁਇ ਸੰਗਮੇ ਖੁਧਿਆ ਜਮਕਾਲਾ॥

ਸੋ ਗੁਰੂ ਨਾਨਕ ਸਾਹਿਬ ਦਾ ਫਲਸਫਾ ਅਜੋਕੇ ਯੁੱਗ ਵਿੱਚ ਪ੍ਰਸੰਗਿਕ ਹੈ, ਜਦੋਂ ਕਿ ਹੁਣ ਵੀ ਪੁਜਾਰੀਵਾਦ ਦੇ ਭ੍ਰਿਸ਼ਟਾਚਾਰ, ਜ਼ਾਲਮਾਨਾ ਰਾਜ, ਨਸਲਵਾਦ ਤੇ ਜਾਤੀਵਾਦ ਦਾ ਬੋਲਬਾਲਾ ਹੈ। ਕੱਟੜਵਾਦ ਦੇ ਨਾਮ 'ਤੇ ਦੰਗੇ ਹੋ ਰਹੇ ਨੇ। ਲੋੜ ਇਸ ਗਲ ਦੀ ਹੈ ਕਿ ਗੁਰੂ ਨਾਨਕ ਸਾਹਿਬ ਦੇ ਸਿਧਾਂਤਾਂ ਨੂੰ ਅਪਨਾਇਆ ਜਾਵੇ ਤੇ ਦੱਬੇ ਕੁਚਲੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਿਆ ਜਾਵੇ।


**-ਪ੍ਰੇਮ ਕੁਮਾਰ ਚੁੰਬਰ**

# ਸਾਕਾ ਨੀਲਾ ਤਾਰਾ ਦੇ ਸਬਕ

**ਡਾ.ਚਰਨਜੀਤ ਸਿੰਘ ਗੁਮਟਾਲਾ**

ਭਾਰਤ ਦੇ ਇਤਿਹਾਸ ਵਿਚ 'ਸਾਕਾ ਨੀਲਾ ਤਾਰਾ' ਦੇ ਦੁਖ਼ਾਂਤ ਨੂੰ ਹਮੇਸ਼ਾਂ ਕਾਲੇ ਅਖ਼ਰਾਂ ਵਿਚ ਯਾਦ ਕੀਤਾ ਜਾਂਦਾ ਰਹੇਗਾ। ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ 'ਤੇ ਦੂਰੋਂ ਦੂਰੋਂ ਆਏ ਲੋਕਾਂ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਦੀ ਇਹ ਯਾਤਰਾ ਉਨ੍ਹਾਂ ਦੀ ਜ਼ਿੰਦਗੀ ਦੀ ਅੰਤਿਮ ਯਾਤਰਾ ਹੋ ਨਿੱਬੜੇਗੀ।ਉਸ ਸਮੇਂ ਦੀ ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਰਾ ਗਾਂਧੀ ਦਾ ਕਤਲ ਤੇ ਉਸ ਦੇ ਕਤਲ ਤੋਂ ਬਾਦ ਦੇਸ਼ ਭਰ ਵਿਚ ਬੇ-ਦੋਸ਼ੇ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਇਸ ਸਾਕੇ ਦਾ ਸਿੱਟਾ ਸੀ। 37 ਸਾਲ ਬੀਤ ਜਾਣ ਦੇ ਬਾਵਜੂਦ ਅਜੇ ਤੀਕ ਸਿੱਖਾਂ ਨੂੰ ਇਨਸਾਫ਼ ਨਹੀਂ ਮਿਲਿਆ। ਕਥਿਤ ਤੌਰ 'ਤੇ ਕਤਲੇਆਮ ਕਰਵਾਉਣ ਵਾਲੇ ਕਾਂਗਰਸੀ ਆਗੂਆਂ ਢੁੱਕਵੀਆਂ ਸਜਾਵਾਂ ਨਹੀਂ ਮਿਲ ਰਹੀਆਂ।ਇਹ ਪ੍ਰਸ਼ਨ ਵਾਰ ਵਾਰ ਉਠਾਇਆ ਜਾਂਦਾ ਰਿਹਾ ਹੈ ਤੇ ਜਾਂਦਾ ਰਹੇਗਾ ਕਿ ਇਹ ਦੁਖ਼ਾਂਤ ਕਿਉਂ ਵਾਪਰਿਆ? ਪੰਜਾਬ ਦੇ ਹਾਲਾਤ ਖ਼ਰਾਬ ਕਿਉਂ ਹੋਏ? ਉਹ ਕਿਹੜੀਆਂ ਸ਼ਕਤੀਆਂ ਸਨ ਜਿਹੜੀਆਂ ਇਸ ਲਈ ਦੋਸ਼ੀ ਸਨ? ਕੀ ਇਸ ਪਿੱਛੇ ਵਿਦੇਸ਼ੀ ਹੱਥ ਸੀ? ਅਕਾਲੀ ਕਾਂਗਰਸੀਆਂ ਨੂੰ ਪੰਜਾਬ ਦੇ ਹਾਲਾਤ ਖਰਾਬ ਕਰਨ ਲਈ ਦੋਸ਼ੀ ਠਹਿਰਾਉਂਦੇ ਹਨ, ਜਦ ਕਿ ਕਾਂਗਰਸੀ ਅਕਾਲੀਆਂ ਨੂੰ ਦੋਸ਼ੀ ਠਹਿਰਾਉਂਦੇ ਹਨ।

ਬੀ ਬੀ ਸੀ ਦੇ ਪ੍ਰਸਿੱਧ ਪੱਤਰਕਾਰ ਮਾਰਕ ਟੱਲੀ ਅਤੇ ਸਤੀਸ਼ ਜੈਕਬ ਨੇ ਆਪਣੀ ਪੁਸਤਕ 'ਅੰਮ੍ਰਿਤਸਰ : ਸ੍ਰੀ ਮਤੀ ਗਾਂਧੀ ਦੀ ਅੰਤਲੀ ਲੜਾਈ' ਵਿਚ ਇਨ੍ਹਾਂ ਸੁਆਲਾਂ ਦੇ ਜੁਆਬ ਬੜੇ ਸੁਚੱਜੇ ਢੰਗ ਨਾਲ ਦਿੱਤੇ ਹਨ।ਉਨ੍ਹਾਂ ਨੇ ਇਹ ਪੁਸਤਕ ਨਵੰਬਰ 1985 ਵਿੱਚ ਲਿਖੀ ਸੀ ਜਦ ਕਿ ਸ੍ਰੀ ਮਤੀ ਇੰਦਰਾ ਗਾਂਧੀ ਦੇ ਕਤਲ ਹੋਇਆਂ ਸਾਲ ਹੋ ਚੁੱਕਾ ਸੀ ਤੇ ਉਸ ਦੇ ਪੁੱਤਰ ਸ੍ਰੀ ਰਾਜੀਵ ਗਾਂਧੀ ਨੂੰ ਭਾਰਤ ਦਾ ਪ੍ਰਧਾਨ ਮੰਤਰੀ ਬਣਿਆਂ ਨੂੰ ਸਾਲ ਤੋਂ ਜ਼ਿਆਦਾ ਸਮਾਂ ਹੋ ਚੁੱਕਾ ਸੀ।ਉਸ ਸਮੇਂ ਤੀਕ 20 ਅਗਸਤ 1985 ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਕਤਲ ਪਿੱਛੋਂ ਹੋਈਆਂ ਚੋਣਾਂ ਵਿੱਚ ਸ. ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਿੱਚ ਅਕਾਲੀ ਸਰਕਾਰ ਬਣ ਚੁੱਕੀ ਸੀ। ਉਹ ਲਿਖਦੇ ਹਨ, "ਸ੍ਰੀ ਮਤੀ ਇੰਦਰਾ ਗਾਂਧੀ ਨੇ ਵਿਦੇਸ਼ੀ ਸ਼ਕਤੀਆਂ ਨੂੰ ਪੰਜਾਬ ਸੰਕਟ ਲਈ ਦੋਸ਼ੀ ਠਹਿਰਾਇਆ ਜਿਹੜੀਆਂ ਭਾਰਤ ਨੂੰ ਸ਼ਕਤੀਸ਼ਾਲੀ ਅਤੇ ਇੱਕਮੁੱਠ ਨਹੀਂ ਸਨ ਦੇਖਣਾ ਚਾਹੁੰਦੀਆਂ। ਨਿਰਸੰਦੇਹ ਉਨ੍ਹਾਂ ਨੇ ਆਪਣਾ ਰੋਲ ਅਦਾ ਕੀਤਾ। ਆਤੰਕਵਾਦ ਨਾਲ ਬੱਝੇ ਸਿੱਖ ਅੱਤਵਾਦੀਆਂ ਨੂੰ ਉਕਸਾ ਕੇ ਅਤੇ ਉਨ੍ਹਾਂ ਦੀ ਮਦਦ ਕਰਕੇ ਉਹ ਸ਼ਕਤੀਆਂ ਇਹ ਰੋਲ ਅਦਾ ਕਰਨਾ ਜਾਰੀ ਰੱਖਣਗੀਆਂ। ਪ੍ਰੰਤੂ ਇਕੱਲੀਆਂ ਬਾਹਰੀ ਸ਼ਕਤੀਆਂ ਭਾਰਤ ਵਰਗੇ ਸ਼ਕਤੀਸ਼ਾਲੀ ਅਤੇ ਸਥਿਰ ਦੇਸ਼ ਲਈ ਖ਼ਤਰਾ ਨਾ ਬਣ ਸਕਦੀਆਂ ਸਨ ਅਤੇ ਨਾ ਹੀ ਬਣ ਸਕਣਗੀਆਂ। ਭਾਰਤੀਆਂ ਨੂੰ ਹੁਣ ਆਪਣੇ ਦੇਸ਼ ਅਤੇ ਉਨ੍ਹਾਂ ਕਮਜ਼ੋਰੀਆਂ ਵੱਲ ਵੇਖਣਾ ਚਾਹੀਦਾ ਹੈ ਜਿਨ੍ਹਾਂ ਨੇ ਪੰਜਾਬ ਨੂੰ ਸਿਆਸੀ ਤਬਾਹੀ ਦੀਆਂ ਬਰੂਹਾਂ 'ਤੇ ਲਿਆਂਦਾ"। ਉਨ੍ਹਾਂ ਨੇ ਵਿਦੇਸ਼ੀ ਹੱਥਾਂ ਦੀ ਥਾਂ 'ਤੇ ਅੰਦਰੂਨੀ ਸ਼ਕਤੀਆਂ ਨੂੰ ਇਸ ਦੁਖਾਂਤ ਲਈ ਜ਼ਿੰਮੇਵਾਰ ਠਹਿਰਾਇਆ ਹੈ ।ਉਨ੍ਹਾਂ ਭਾਰਤੀ ਪ੍ਰਸ਼ਾਸਨ ਪ੍ਰਣਾਲੀ ਬਾਰੇ ਮਹੱਤਵਪੂਰਨ ਟਿੱਪਣੀਆਂ ਕੀਤੀਆਂ ਹਨ। ਉਨ੍ਹਾਂ ਦੇ ਸ਼ਬਦਾਂ ਵਿੱਚ, "ਦੁਨੀਆਂ ਦੇ ਇਸ ਸਭ ਤੋਂ ਵੱਡੇ ਪ੍ਰਜਾਤੰਤਰ ਦਾ ਸੰ-ਚਾਲਨ ਅਤੇ ਪ੍ਰਬੰਧ ਅਜੇ ਵੀ ਬ੍ਰਿਟਿਸ਼ ਰਾਜ ਦੁਆਰਾ ਸਥਾਪਤ ਸੰਸਥਾਵਾਂ ਰਾਹੀਂ ਹੁੰਦਾ ਹੈ। ਇੰਡੀਅਨ ਐਡਮਨਿਸਟਰੇਟਿਵ ਸਰਵਿਸ ਜਿਹੜੀ ਪ੍ਰਸ਼ਾਸਨ 'ਤੇ ਗਾਲਿਬ ਹੈ ਬ੍ਰਿਟਿਸ਼ ਰਾਜ ਦੀ ਆਈ ਸੀ ਐਸ ਦੀ ਨਕਲ ਹੈ ਅਤੇ ਇੰਡੀਅਨ ਪੁਲਿਸ ਸਰਵਿਸ ਆਈ ਪੀ ਦੀ। ਮੈਕਾਲੇ ਦਾ ਪੀਨਲ ਕੋਡ ਅਜੇ ਵੀ ਲਾਗੂ ਹੈ। ਭਾੜੇ ਦੇ ਗਵਾਹ ਜਿਹੜੇ ਰਾਜ ਦੇ ਹੱਕ ਵਿੱਚ ਭੁਗਤਿਆ ਕਰਦੇ ਸਨ ਅੱਜ ਮੈ-ਜਸਟਰੇਟਾਂ ਸਾਹਮਣੇ ਆਜ਼ਾਦ ਭਾਰਤ ਦੀ ਪੁਲਿਸ ਦੇ ਹੱਕ ਵਿੱਚ ਭੁਗਤਦੇ ਹਨ। ਅੰ-ਗਰੇਜ਼ਾਂ ਦੀ ਦਿੱਤੀ ਕਾਨੂੰਨ ਪ੍ਰਣਾਲੀ ਸਰਕਾਰ ਦੇ ਇਰਾਦਿਆਂ ਨੂੰ ਨਿਸਫ਼ਲ ਕਰਨ ਲਈ ਅਮੀਰ ਜਾਗੀਰਦਾਰ ਅਤੇ ਪ੍ਰਭਾਵਸ਼ਾਲੀ ਤੱਤਾਂ ਰਾਹੀਂ ਵਰਤੀ ਜਾਂਦੀ ਹੈ। ਗਰੀਬ ਅਦਾਲਤ ਅਤੇ ਪੁਲਿਸ ਨੂੰ ਅਤਿਆਚਾਰੀ ਸਮਝਦੇ ਹਨ"।



ਉਨ੍ਹਾਂ ਅਨੁਸਾਰ, "ਪੰਜਾਬ ਸੰਕਟ ਨੇ ਦੱਸ ਦਿੱਤਾ ਹੈ ਕਿ ਆਧੁਨਿਕ ਭਾਰਤ ਦੀਆਂ ਸਮੱਸਿਆਵਾਂ ਨੂੰ ਨਜਿੱਠਣ ਲਈ ਬ੍ਰਿਟਿਸ਼ ਰਾਜ ਸਮੇਂ ਦੀਆਂ ਸੰਸਥਾਵਾਂ ਨਾ-ਮੁਆਫ਼ਕ ਹਨ। ਪੁਲਿਸ ਲਾਚਾਰ ਸੀ ਕਿਉਂਕਿ ਵਰ੍ਹਿਆਂ ਦੀ ਨਾਕਾਫ਼ੀ ਤਨਖ਼ਾਹ ਅਤੇ ਇਸ ਦੇ ਸਿੱਟੇ ਵਜੋਂ ਫੈਲੀ ਰਿਸ਼ਵਤ ਨੇ ਇਸ ਦੇ ਅਮਲੇ ਨੂੰ ਅੰਦਰੋਂ ਨਸ਼ਟ ਕਰ ਦਿੱਤਾ ਸੀ-ਦੋਵੇਂ ਹੀ ਅੰਗਰੇਜ਼ੀ ਰਾਜ ਦੀ ਪੁਲਿਸ ਦੀਆਂ ਵਿਸ਼ੇਸ਼ਤਾਵਾਂ ਸਨ। ਜਿਨ੍ਹਾਂ ਕੁਝ ਆਤੰਕਵਾਦੀਆਂ ਨੂੰ ਉਨ੍ਹਾਂ ਨੇ ਫੜ੍ਹਿਆ ਵੀ ਪੁਲਿਸ ਅਫ਼ਸਰ ਜਾਣਦੇ ਸਨ ਕਿ ਉਨ੍ਹਾਂ ਨੂੰ ਜੱਜਾਂ ਸਾਹਮਣੇ ਪੇਸ਼ ਕਰਨ ਦਾ ਕੋਈ ਫ਼ਾਇਦਾ ਨਹੀਂ ਸੀ ਕਿਉਂਕਿ ਉਨ੍ਹਾਂ ਦੀਆਂ ਦਮ ਤੋੜਦੀਆਂ ਅਦਾਲਤਾਂ ਤੋਂ ਸਜ਼ਾਵਾਂ ਪ੍ਰਾਪਤ ਕਰਨ ਵਿੱਚ ਕਈ ਵਰ੍ਹੇ ਬੀਤ ਜਾਣਗੇ। ਇਸ ਲਈ ਪੁਲਿਸ ਨੇ 'ਪੁਲਿਸ ਮੁਕਾਬਲੇ ਦੀ' ਆੜ ਵਿੱਚ ਕਤਲਾਂ ਦਾ ਸਹਾਰਾ ਲਿਆ। ਇਨ੍ਹਾਂ ਪੁਲਿਸ ਮੁਕਾਬਲਿਆਂ ਨੇ ਸੰਤ ਭਿੰਡਰਾਂਵਾਲੇ ਦੇ ਬਦਲੇ ਦੇ ਸੱਦੇ ਨੂੰ ਯੋਗ ਠਹਿਰਾਇਆ"। ਉਨ੍ਹਾਂ ਨੇ ਇਸ ਸਬੰਧੀ ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਰਾ ਗਾਂਧੀ ਨੂੰ ਵੀ ਦੋਸ਼ੀ ਠਹਿਰਾਇਆ ਹੈ। ਉਹ ਲਿਖਦੇ ਹਨ, "ਸ੍ਰੀ ਮਤੀ ਇੰਦਰਾ ਗਾਂਧੀ ਨੇ ਭਾਰਤ ਦੀਆਂ ਸੰਸਥਾਵਾਂ ਨੂੰ ਸੁਧਾਰਨ ਦੀ ਕਦੇ ਕੋਸ਼ਿਸ਼ ਨਹੀਂ ਕੀਤੀ ਅਤੇ ਉਸ ਨੇ ਇਸ ਦੀ ਕੀਮਤ ਆਪਣੀ ਜਾਨ ਦੇ ਕੇ ਤਾਰੀ"।

ਅੱਜ ਤੋਂ ਕੋਈ 37 ਸਾਲ ਪਹਿਲਾਂ ਲਿਖੀ ਪੁਸਤਕ ਵਿੱਚ ਉਨ੍ਹਾਂ ਨੇ ਆਪਣੀ ਭੂਮਿਕਾ ਦਾ ਅੰਤ ਇਨ੍ਹਾਂ ਸਤਰਾਂ ਨਾਲ ਕੀਤਾ, " ਰਾਜੀਵ ਗਾਂਧੀ ਭਾਰਤ ਨੂੰ 21 ਵੀਂ ਸਦੀਂ ਵਿੱਚ ਲੈ ਜਾਣਾ ਚਾਹੁੰਦਾ ਹੈ। ਉਸ ਨੂੰ ਪਹਿਲਾਂ ਭਾਰਤ ਦੀਆਂ ਸੰਸਥਾਵਾਂ ਨੂੰ 20ਵੀਂ ਸਦੀਂ ਦਾ ਹਾਣੀ ਬਣਾਉਣਾ ਪਵੇਗਾ"।

ਉਨ੍ਹਾਂ ਨੇ ਭਾਰਤੀ ਸਿਆਸੀ ਪਾਰਟੀਆਂ ਉਪਰ ਵੀ ਮਹੱਤਵਪੂਰਨ ਟਿੱਪਣੀਆਂ ਕੀਤੀਆਂ ਹਨ। ਉਸ ਸਮੇਂ ਦੀ ਕਾਂਗਰਸ ਪਾਰਟੀ ਨੂੰ ਮੌਕਾ-ਪ੍ਰਸਤਾਂ ਦਾ ਟੋਲਾ ਕਰਾਰ ਦਿੰਦੇ ਉਹ ਲਿਖਦੇ ਹਨ, "ਸੰਤ ਭਿੰਡਰਾਂਵਾਲੇ ਰਾਹੀਂ ਫੈਲਾਈ ਜਾ ਰਹੀ ਨਫ਼ਰਤ ਦਾ ਟਾਕਰਾ ਕਰਨ ਲਈ, ਜਿਸ ਕਾਂਗਰਸ ਪਾਰਟੀ ਨੂੰ ਪੰਜਾਬ ਦੇ ਪਿੰਡਾਂ ਵਿੱਚ ਸ੍ਰੀ ਮਤੀ ਇੰਦਰਾ ਗਾਂਧੀ ਦਾ ਦੂਤ ਹੋਣਾ ਚਾਹੀਦਾ ਸੀ, ਮੌਕਾ ਪ੍ਰਸਤਾਂ ਦਾ ਟੋਲਾ ਸੀ, ਜਿਨ੍ਹਾਂ ਦੀਆਂ ਅੱਖਾਂ ਆਪਣੇ ਹਲਕਿਆਂ ਦੀ ਬਜਾਏ ਸਦਾ ਹੀ ਸ਼ਕਤੀ ਦੇ ਸੋਮੇ, ਦਿੱਲੀ 'ਤੇ ਹੁੰਦੀਆਂ ਸਨ। ਮੌਕਾ ਪ੍ਰਸਤ ਸਿਵਿਲ ਸੇਵਾ 'ਤੇ ਵੀ ਗਾਲਿਬ ਸਨ ਜੋ ਆਪਣੇ ਸਿਆਸੀ ਮਾਲਕਾਂ ਨੂੰ ਖ਼ੁਸ਼ ਕਰਨ ਲਈ ਕੋਈ ਵੀ ਨਿਯਮ ਤੋੜਨ ਲਈ ਤਿਆਰ ਸਨ। ਪਾਰਲੀਮੈਂਟ ਸ਼ਕਤੀਵਿਹੀਨ ਸੀ ਕਿਉਂਕਿ ਸ੍ਰੀ ਮਤੀ ਗਾਂਧੀ ਦੇ ਪਾਰਲੀਮੈਂਟ ਦੇ ਮੈਂਬਰਾਂ ਵਿੱਚੋਂ ਕੋਈ ਹੌਂਸਲੇ ਵਾਲਾ ਹੀ ਉਸ ਦੀ ਪੰਜਾਬ ਨੀਤੀ ਵਿਰੁੱਧ ਬੋਲਣ ਦੀ ਜੁਰਅਤ ਕਰਦਾ ਸੀ।"

ਉਨ੍ਹਾਂ ਨੇ ਭਾਰਤੀ ਸਿਆਸਤਦਾਨਾਂ ਦੇ ਅਸਲੀ ਚਿਹਰੇ ਨੂੰ ਬੇਨਕਾਬ ਕੀਤਾ ਹੈ। ਉਹ ਲਿਖਦੇ ਹਨ, "ਸ੍ਰੀ ਮਤੀ ਇੰਦਰਾ ਗਾਂਧੀ ਬਹੁਤ ਸਾਰੇ ਪੂਰਬੀ ਬਾਦਸ਼ਾਹਾਂ ਵਾਂਗ ਜਾਲ ਵਿੱਚ ਉਲਝ ਗਈ ਸੀ,ਉਸ ਨੇ ਆਪਣੇ ਆਪ ਨੂੰ ਚਾਪਲੂਸਾਂ, ਜੀਅ ਹਜ਼ੂਰੀਆਂ ਨਾਲ ਘੇਰ ਲਿਆ ਸੀ ਜਿਹੜੇ ਉਸ ਨੂੰ ਉਹੋ ਦੱਸਦੇ ਸਨ, ਜੋ ਉਹ ਸੁਣਨਾ ਚਾਹੁੰਦੀ ਸੀ, ਉਹ ਨਹੀਂ ਜੋ ਉਸ ਨੂੰ ਸੁਣਨਾ ਚਾਹੀਦਾ ਸੀ। ਭਾਵੇਂ ਉਹ ਪ੍ਰਜਾਤੰਤਰੀ ਪ੍ਰਣਾਲੀ ਨਾਲ ਚੁਣੀ ਪ੍ਰਧਾਨ ਮੰਤਰੀ ਸੀ, ਪਰ ਉਹ ਪੁਰਾਣੇ ਜ਼ਮਾਨੇ ਦੇ ਰਾਜਿਆਂ ਵਾਂਗ ਹੀ ਰਾਜਸੀ ਦਰਬਾਰ ਲਾਉਂਦੀ ਸੀ, ਜਿਹੜਾ ਕਿ ਅਫ਼ਵਾਹਾਂ ਤੇ ਸਾਜ਼ਿਸ਼ਾਂ ਦੇ ਪਨਪਣ ਤੇ ਪੁੰਗਰਣ ਲਈ ਬੜਾ ਉਪਜਾਊ ਹੁੰਦਾ ਹੈ।"

ਸਿਆਸਤਦਾਨਾਂ ਵੱਲੋਂ ਵੋਟਾਂ ਦੀ ਰਾਜਨੀਤਕ ਖੇਡ ਨੂੰ, ਬੇਅਸਰ ਕਰਨ ਲਈ ਸ੍ਰੀ ਮਤੀ ਇੰਦਰਾ ਗਾਂਧੀ ਨੇ ਪਹਿਲਾਂ ਕਾਰਵਾਈ ਕਿਉਂ ਨਾ ਕੀਤੀ ? ਸਿਰਲੇਖ ਹੇਠ ਨੰਗਿਆਂ ਕੀਤਾ ਹੈ। ਉਹ ਖੇਡ ਜੋ ਅਜੇ ਵੀ ਖੇਡੀ ਜਾ ਰਹੀ ਹੈ। ਉਨ੍ਹਾਂ ਅਨੁਸਾਰ ਸ੍ਰੀ ਮਤੀ ਇੰਦਰਾ ਗਾਂਧੀ ਨੇ ਆਪਣੇ ਰਾਜ ਦੇ ਅੰਤਲੇ ਕਾਲ ਵਿੱਚ ਆਪਣੇ ਰਵਾਇਤੀ ਮਦਦਗਾਰਾਂ-ਮੁਸਲਮਾਨਾਂ ਤੇ ਅਨੁਸੂਚਿਤ ਜਾਤੀ ਨੂੰ ਛੱਡ ਦਿੱਤਾ ਅਤੇ ਬਹੁਮਤ ਹਿੰਦੂ ਭਾਈਚਾਰੇ ਨੂੰ ਇੱਕ ਨਿੱਗਰ ਵੋਟ ਸਮੂਹ ਵਿੱਚ ਢਾਲਣ ਦੀ ਕੋਸ਼ਿਸ਼ ਕੀਤੀ। ਉਸ ਨੇ ਭਿੰਡਰਾਂਵਾਲੇ ਦੇ ਖ਼ਿਲਾਫ਼ ਕਾਰਵਾਈ ਵਿੱਚ ਦੇਰ ਇਸ ਲਈ ਕੀਤੀ, ਕਿਉਂਕਿ ਉਹ ਘੱਟ ਗਿਣਤੀ ਭਾਈਚਾਰੇ ਦੇ ਹਿੰਦੂ ਧਰਮ ਨੂੰ ਪ੍ਰਤੱਖ ਵੰਗਾਰਣ 'ਤੇ ਖ਼ੁਸ਼ ਸੀ। ਇਸ ਨੇ ਉਸ ਦੀ ਹਿੰਦੂ ਭਾਈਚਾਰੇ ਨੂੰ ਇਕੱਠਾ ਕਰਕੇ ਜੋੜਨ ਵਿੱਚ ਮਦਦ ਕੀਤੀ। ਲੇਖਕਾਂ ਅਨੁਸਾਰ 1984 ਵਿੱਚ ਸ੍ਰੀ ਮਤੀ ਇੰਦਰਾ ਗਾਂਧੀ ਦੀ ਪ੍ਰਤਿਸ਼ਠਾ ਨੀਵੀਂ ਹੋ ਗਈ ਸੀ। ਉਪ ਚੋਣਾਂ ਸ੍ਰੀ ਮਤੀ ਇੰਦਰਾ ਗਾਂਧੀ ਦੀ ਕਾਂਗਰਸ ਲਈ ਭੈੜੀਆਂ ਸਿੱਧ ਹੋ ਰਹੀਆਂ ਸਨ। ਆਪਣੇ ਸਾਹ-ਮਣੇ ਮੂੰਹ ਅੱਡੀ ਖੜ੍ਹੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਸ੍ਰੀ ਮਤੀ ਇੰਦਰਾ ਗਾਂਧੀ ਅਨਿਸਚਿਤ ਜਾਪਦੀ ਸੀ। ਪਾਰਲੀਮੈਂਟ ਦੇ ਕੇਂਦਰੀ ਹਾਲ ਵਿੱਚ ਜਿੱਥੇ ਕਿ ਮੈਂਬਰ ਅਕਸਰ ਅਫ਼ਵਾਹਾਂ ਦੇ ਅਦਾਨ ਪ੍ਰਦਾਨ ਲਈ ਇਕੱਠੇ ਹੁੰਦੇ ਸਨ। ਇਸ ਸੰਭਾਵਨਾ ਦੀ ਕਾਫੀ ਚਰਚਾ ਸੀ ਕਿ ਕਾਂਗਰਸ ਚੋਣ ਹਾਰ ਜਾਵੇਗੀ। ਪ੍ਰੈਸ ਵੀ ਸ੍ਰੀ ਮਤੀ ਇੰਦਰਾ ਗਾਂਧੀ ਦੇ ਚੋਣ ਭਵਿੱਖ ਤੋਂ ਜ਼ਿਆਦਾ ਆਸ਼ਾਵਦੀ ਨਹੀਂ ਸੀ। ਇਸ ਲਈ ਲੇਖਕਾਂ ਦਾ ਵਿਸ਼ਵਾਸ ਹੈ ਇੱਕ ਵਾਰ ਫਿਰ ਤਬਾਹੀ ਦਾ ਸਾਹਮਣਾ ਕਰਦੇ ਹੋਏ, ਸ੍ਰੀ ਮਤੀ ਇੰਦਰਾ ਗਾਂਧੀ ਭਿੰਡਰਾਂਵਾਲੇ ਦੇ ਖ਼ਿਲਾਫ਼ ਕਰੜੀ ਕਾਰਵਾਈ ਕਰਨ ਲਈ ਮਜਬੂਰ ਹੋ ਗਈ। ਦਿੱਲੀ ਵਿਚਲੇ ਸਿੱਖ ਕਤਲੇਆਮ ਤੋਂ ਬਾਅਦ ਇਸ ਦੀ ਜਾਂਚ ਪੰਜ ਮਹੀਨੇ ਬਾਅਦ ਕਰਾਉਣਾ ਵੀ ਸ੍ਰੀ ਰਾਜੀਵ ਗਾਂਧੀ ਦੀ ਵੋਟ ਰਾਜਨੀਤੀ ਸੀ।ਸ੍ਰੀ ਰਾਜੀਵ ਗਾਂਧੀ ਨੇ ਜਾਂਚ ਨੂੰ ਆਮ ਚੋਣਾਂ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਹੋਣ ਤੀਕ ਮੁਲਤਵੀ ਰੱਖਿਆ, ਜਿਨ੍ਹਾਂ ਨੂੰ ਆਪਣੇ ਪ੍ਰਧਾਨ ਮੰਤਰੀ ਪਦ ਨੂੰ ਪ੍ਰਾਪਤ ਕਰਨ ਲਈ ਫ਼ੈਸਲਾਕੁੰਨ ਰੂਪ ਵਿੱਚ ਜਿੱਤਣਾ ਇੱਕ ਜ਼ਰੂਰਤ ਸੀ। ਉਹ ਇਸ ਗੱਲੋਂ ਡਰਦਾ ਸੀ ਕਿ ਕੋਈ ਵੀ ਜਾਂਚ ਹਿੰਦੂ ਵੋਟਰਾਂ ਵਿੱਚ ਅਪ੍ਰਿਯ ਹੋਵੇਗੀ ਭਾਵ ਹਿੰਦੂਆਂ ਨੂੰ ਨਰਾਜ਼ ਕਰੇਗੀ।

ਗ੍ਰਿਹ ਮੰਤਰਾਲੇ ਦੇ ਅਧਿਕਾਰੀ ਚਾਹੁੰਦੇ ਸਨ ਕਿ ਜੋ ਵੀ ਪੰਜਾਬ ਵਿੱਚ ਗ਼ਲਤ ਹੋਇਆ ਹੈ, ਇਸ ਦਾ ਜ਼ਿਆਦਾ ਦੋਸ਼ ਪਾਕਿਸਤਾਨ ਸਿਰ ਮੜ੍ਹਿਆ ਜਾਵੇ। ਉਨ੍ਹਾਂ ਨੂੰ ਯਕੀਨ ਸੀ ਕਿ ਇਹ ਬਹੁਤ ਸਾਰੇ ਸਿੱਖਾਂ ਨੂੰ ਜਚਾ ਦੇਵੇਗਾ ਕਿ ਸਰਕਾਰ ਨੇ ਉਨ੍ਹਾਂ ਨੂੰ ਇੱਕ ਸਾਜ਼ਿਸ਼ ਤੋਂ ਬਚਾਇਆ ਹੈ, ਜਿਹੜੀ ਉਨ੍ਹਾਂ ਨੂੰ ਮੁੜ ਉਸ ਮੁਸਲਿਮ ਗ਼ਲਬੇ ਅਧੀਨ ਕਰ ਦੇਂਦੀ, ਜਿਸ ਨੂੰ ਉਨ੍ਹਾਂ ਨੇ ਵੰਡ ਸਮੇਂ ਰੱਦ ਕੀਤਾ ਸੀ। ਪ੍ਰੰਤੂ ਵਿਦੇਸ਼ੀ ਮਾਮ-ਲਿਆਂ ਦੇ ਮੰਤਰਾਲੇ ਨੇ ਚਿਤਾਵਨੀ ਦਿੱਤੀ ਕਿ ਪਾਕਿਸਤਾਨ ਦਾ ਹਵਾਲਾ ਭਾਰਤ ਦੇ ਅਮ-ਰੀਕਾ ਨਾਲ ਸਬੰਧਾਂ ਨਾਲ ਬਖ਼ੇੜਾ ਕਰੇਗਾ। ਇਸ ਤਰ੍ਹਾਂ ਲੰਬੀ ਸੋਚ ਵਿਚਾਰ ਪਿੱਛੋਂ ਵਾਈਟ ਪੇਪਰ , ਪਾਕਿਸਤਾਨ ਦਾ ਹਵਾਲਾ ਦਿੱਤੇ ਬਿਨਾਂ ਛਾਪਿਆ ਗਿਆ। ਲੇਖਕਾਂ ਨੇ ਸ੍ਰੀ ਮਤੀ ਇੰਦਰਾ ਗਾਂਧੀ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜਨ ਦੇ ਮਨਸੂਬਿਆਂ ਬਾਰੇ ਵੀ ਦੱਸਿਆ ਹੈ ਅਤੇ ਸ੍ਰੀ ਦਰਬਾਰ ਸਾਹਿਬ ਦਾ ਕਬਜ਼ਾ ਮੁੜ ਸ਼੍ਰੋਮਣੀ ਕਮੇਟੀ ਨੂੰ ਸੌਂਪਣ ਲਈ ਸਿੰਘ ਸਾਹਿਬਾਨ ਨਾਲ ਸ. ਬੂਟਾ ਸਿੰਘ ਅਤੇ ਫ਼ੌਜੀ ਅਧਿਕਾਰੀਆਂ ਵੱਲੋਂ ਕੀਤੇ ਸਮਝੌਤਿਆਂ ਨੂੰ ਤਾਰਪੀਡੋ ਕਰਨ ਦਾ ਸਾਰਾ ਦੋਸ਼ ਸ੍ਰੀ ਮਤੀ ਇੰਦਰਾ ਗਾਂਧੀ ਉਪਰ ਲਾਇਆ ਹੈ। ਉਨ੍ਹਾਂ ਨੇ ਪੰਜਾਬ ਦੇ ਦੁਖਾਂਤ ਅਤੇ ਸ੍ਰੀ ਮਤੀ ਗਾਂਧੀ ਦੇ ਕਤਲ ਲਈ ਸੰਤ ਭਿੰਡਰਾਂਵਾਲੇ ਅਤੇ ਸ. ਬੇਅੰਤ ਸਿੰਘ ਨੂੰ ਦੋਸ਼ ਮੁਕਤ ਕਰਦੇ ਹੋਏ ਸ੍ਰੀ ਮਤੀ ਇੰਦਰਾ ਗਾਂਧੀ ਦੁਆਰਾ ਸਿਰਜੇ ਸਿਆਸੀ ਵਾਤਾਵਰਣ ਨੂੰ ਮੁੱਖ ਦੋਸ਼ੀ ਠਹਿਰਾਇਆ ਹੈ। ਉਨ੍ਹਾਂ ਇਸ ਅਧਿਆਇ ਨੂੰ ਇਨ੍ਹਾਂ ਸ਼ਬਦਾਂ ਨਾਲ ਸ਼ੁਰੂ ਕੀਤਾ ਹੈ " ਸ੍ਰੀ ਮਤੀ ਗਾਂਧੀ ਦਾ ਕਤਲ ਕਿਸ ਨੇ ਕੀਤਾ ? 'ਮੈਂ"! ਸਬ ਇੰਸਪੈਕਟਰ ਬੇਅੰਤ ਸਿੰਘ ਨੇ ਕਿਹਾ ਜਦੋਂ ਉਸ ਨੇ ਸ੍ਰੀ ਮਤੀ ਗਾਂਧੀ ਦੇ ਬਾਗ਼ ਵਿੱਚ ਕਮਾਂਡੋਆਂ ਨੂੰ ਆਤਮ ਸਮਰਪਣ ਕੀਤਾ। ਪ੍ਰੰਤੂ ਉਹ ਆਪ ਸ਼ਿਕਾਰ ਸੀ, ਬਲੀ ਦਾ ਬਕਰਾ ਸੀ, ਜਿਸ ਨੂੰ ਅਪਰੇਸ਼ਨ ਬਲੂ ਸਟਾਰ ਤੋਂ ਬਾਅਦ ਸਾਰੇ ਸਿੱਖ ਭਾਈਚਾਰੇ ਵਿੱਚ ਫੈਲਿਆ ਗੁਸਾ ਵਹਾ ਲੈ ਗਿਆ ਸੀ-ਉਹ ਗੁੱਸਾ ਜਿਸ ਨੂੰ ਸਿਰਜਣ ਲਈ ਉਸ ਨੇ ਕੁਝ ਨਹੀਂ ਸੀ ਕੀਤਾ। ਇਹ ਉਨ੍ਹਾਂ ਦੀ ਸਿਰਜਣਾ ਸੀ ਜਿਨ੍ਹਾਂ ਨੇ ਸਿੱਖ ਭਾਈਚਾਰੇ ਦੀ ਅਗਵਾਈ ਕਰਨ ਦੀ ਜ਼ਿੰਮੇਵਾਰੀ ਚੁੱਕੀ ਸੀ। ਉਨ੍ਹਾਂ ਦੀ ਜਿਨ੍ਹਾਂ ਨੇ ਭਾਰਤ ਉੱਤੇ ਰਾਜ ਕਰਨ ਦੀ ਜ਼ਿੰਮੇਵਾਰੀ ਸਾਂਭੀ ਹੋਈ ਸੀ। ਉਸ ਸਮੇਂ ਤੇ ਕਾਲ ਦੀ ਜਿਸ ਨੇ ਜਿਸ ਵਿੱਚ ਉਹ ਜੀਅ ਰਹੇ ਸਨ। ਸੰਤ ਭਿੰਡਰਾਂਵਾਲੇ ਅਤੇ ਉਸ ਦੀ ਸਿੱਖ ਮੂਲ ਸਿਧਾਂਤਵਾਦਿਤਾ ਜਿਸ ਦੀ ਪਰਵਿਰਸ਼ ਹਿੰਦੂਆਂ ਦੀ ਨਫ਼ਰਤ ਨਾਲ ਕੀਤੀ ਗਈ ਸੀ ਨੂੰ ਆਸਾਨੀ ਨਾਲ ਦੋਸ਼ ਦੇ ਦੇਣਾ ਬਹੁਤ ਸੌਖਾ ਹੈ। ਪ੍ਰੰਤੂ ਮੂਲ ਸਿਧਾਂਤਵਾਦਿਤਾ ਦੀ ਹੋਂਦ ਖਲਾਅ (ਖਾਲੀ ਥਾਂ) ਵਿੱਚ ਨਹੀਂ ਹੁੰਦੀ। ਕੋਈ ਸ਼ਾਹ ਨਹੀਂ ਤਾਂ ਕੋਈ ਖੁਮੈਨੀ ਨਹੀਂ ਉਪਜਦਾ। ਕੋਈ ਇੰਦਰਾ ਨਹੀਂ ਤਾਂ ਕੋਈ ਭਿੰਡਰਾਂਵਾਲਾ ਨਹੀਂ ਬਣਦਾ। ਇਹ ਟਿੱਪਣੀ ਬਹੁਤ ਸਖ਼ਤ ਪ੍ਰਤੀਤ ਹੋ ਸਕਦੀ ਹੈ।

ਇਹ ਇਸ ਕਰਕੇ ਕਿ ਸ੍ਰੀ ਮਤੀ ਗਾਂਧੀ ਕਿਸੇ ਵੀ ਤਰ੍ਹਾਂ ਅੱਤਿਆਚਾਰੀ ਸ਼ਾਸਕ ਜਾਂ ਖ਼ੁਦ ਮੁਖ਼ਤਾਰ ਬਾਦਸ਼ਾਹ ਨਹੀਂ ਸੀ। ਪਰ ਉਹ ਅਜਿਹੇ ਸਿਆਸੀ ਵਾਤਾਵਰਣ ਲਈ ਜ਼ਿੰਮੇਵਾਰ ਸੀ ਜਿਸ ਨੇ ਭਿੰਡਰਾਂਵਾਲੇ ਦੀ ਮੂਲ਼ ਸਿਧਾਂਤਵਾਦਿਤਾ ਨੂੰ ਉਚਿਤਤਾ ਪ੍ਰਦਾਨ ਕੀਤੀ"।

Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਫਰਿਜ਼ਨੋ ਨਿਵਾਸੀ ਸ਼ਮਿੰਦਰ ਕੌਰ ਭਡੋਲ ਦੇ ਅਕਾਲ ਚਲਾਣੇ 'ਤੇ ਪਰਿਵਾਰ ਨੂੰ ਸਦਮਾ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਬੀਤੇ ਦਿਨੀ ਫਰਿਜ਼ਨੋ ਨਿਵਾਸੀ ਮਾਤਾ ਸ਼ਮਿੰਦਰ ਕੋਰ ਭਡੋਲ (ਪਤਨੀ ਸਵ. ਦਰਸ਼ਨ ਸਿੰਘ ਭੰਡੋਲ) ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ। ਸ. ਰਾਜ ਸਿੱਧੂ ਮੋਗਾ ਨੇ ਇਸ ਦੁੱਖ ਦੀ ਘੜੀ ਵਿੱਚ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਇਸ ਸਮੇਂ ਉਨ੍ਹਾਂ ਦੀ ਉਮਰ ਲਗਭਗ 72 ਸਾਲ ਸੀ। ਉਨ੍ਹਾਂ ਦਾ ਪੰਜਾਬ ਤੋਂ ਪਿਛਲਾ ਪਿੰਡ ਲੋਹਗੜ, ਜਿਲ੍ਹਾ ਮੋਗਾ ਸੀ। ਜਦ ਕਿ ਮਾਤਾ ਜੀ ਦੇ ਪੇਕਿਆਂ ਦਾ ਪਿੰਡ ਕਿਸ਼ਨਪੁਰਾ ਕਲਾ ਸੀ ਅਤੇ ਪਿਤਾ ਦਾ ਨਾਂ ਸਵ। ਸਰਵਨ ਸਿੰਘ ਸੀ। ਉਹ ਆਪਣੇ ਪਿੱਛੇ ਦੋ ਪੁੱਤਰ ਕੁਲਵੰਤ ਸਿੰਘ ਭੰਡੋਲ ਅਤੇ ਕੁਲਦੀਪ ਸਿੰਘ ਭੰਡੋਲ ਤੋਂ ਇਲਾਵਾ ਧੀ ਰਾਜਵੰਤ ਕੌਰ ਦੀ ਪਰਿਵਾਰਕ ਫੁਲਵਾੜੀ ਨੂੰ ਛੱਡ ਗਏ ਹਨ।



ਮਾਤਾ ਸਮਿੰਦਰ ਕੌਰ ਭੰਡੋਲ ਦਾ ਅੰਤਮ ਸੰਸਕਾਰ ਅਤੇ ਸਰਧਾਜ਼ਲੀਆਂ ਦੀ ਰਸਮ "ਸਾਂਤ ਭਵਨ ਪੰਜਾਬੀ ਫਿਊਨਰਲ ਹੋਮ" ਵਿਖੇ 8 ਜੂਨ, ਦਿਨ ਐਤਵਾਰ ਨੂੰ ਸਵੇਰੇ 10 ਵਜ਼ੇ ਤੋਂ 1 ਵਜ਼ੇ ਤੱਕ ਹੋਵੇਗੀ। ਜਿਸ ਦਾ ਪਤਾ: 4800 E. Clayton Avenue, Fowler CA 93625 ਹੈ। ਇਸ ਉਪਰੰਤ ਪਾਠ ਦਾ ਭੋਗ ਅਤੇ ਅੰਤਮ ਅਰਦਾਸ "ਗੁਰਦੁਆਰਾ ਨਾਨਕਸਰ ਚੈਰੀ ਐਵਨਿਊ, ਫਰਿਜ਼ਨੋ ਵਿਖੇ ਹੋਵੇਗੀ। ਜਿਸ ਦਾ ਪਤਾ: 3060 S. Cherry Ave., Fresno, California - 93706 ਹੈ। ਅਸੀਂ "ਧਾਲੀਆਂ ਅਤੇ ਮਾਛੀਕੇ ਮੀਡੀਆ ਅਮਰੀਕਾ" ਵੱਲੋਂ ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਹੋਰ ਜਾਣਕਾਰੀ ਲਈ ਪਰਿਵਾਰ ਨਾਲ ਸੰਪਰਕ ਕਰਨ ਲਈ ਹਰਨੇਕ ਸਿੰਘ ਭੰਡੋਲ (559) 505-0803, ਕੁਲਦੀਪ ਸਿੰਘ ਭੰਡੋਲ (403) 923-6871 ਅਤੇ ਇਕਬਾਲ ਸਿੰਘ ਕਲੇਰ (559) 974-2121 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸ਼ਾਇਰਾ ਸੁਰਜੀਤ ਸਖੀ ਦੀ ਕਿਤਾਬ 'ਗੱਲ ਤਾਂ ਚਲਦੀ ਰਹੇ..' ਉੱਪਰ ਵਿਚਾਰ ਚਰਚਾ, ਸਮਾਗਮ ਜੂਨ 8

**ਹੇਵਰਡ–** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਵਲੋਂ 8 ਜੂਨ ਦਿਨ ਐਤਵਾਰ ਨੂੰ ਹੇਵਰਡ ਵਿਖੇ ਵਿਸ਼ੇਸ਼ ਸਾਹਿਤਕ ਬੈਠਕ ਕੀਤੀ ਜਾ ਰਹੀ ਹੈ ਜਿਸ ਵਿੱਚ ਉੱਘੀ ਪੰਜਾਬੀ ਸ਼ਾਇਰਾ ਸੁਰਜੀਤ ਸਖੀ ਦੀ ਪਹਿਲੀ ਵਾਰਤਕ ਕਿਤਾਬ 'ਗੱਲ ਤਾਂ ਚਲਦੀ ਰਹੇ..' ਉੱਪਰ ਸਾਹਿਤਕ ਗੋਸ਼ਟੀ ਕੀਤੀ ਜਾਏਗੀ। ਇਹ ਬੈਠਕ ਸੈਫਾਇਰ ਬੈਂਕੁਇਟ ਹਾਲ, 24989 Santa Clara St, Hayward, California ਵਿੱਚ 8 ਜੂਨ ਦਿਨ ਐਤਵਾਰ ਨੂੰ 12 ਵਜੇ ਦੁਪਹਿਰੇ ਸ਼ੁਰੂ ਹੋਏਗੀ। ਹਾਜ਼ਰ ਲੇਖਕਾਂ ਅਤੇ ਪਾਠਕਾਂ ਲਈ ਦੁਪਹਿਰ ਦਾ ਖਾਣਾ 12 ਤੋਂ 1 ਵਜੇ ਤੱਕ ਚਲੇਗਾ ਅਤੇ ਤੁਰੰਤ ਬਾਅਦ ਸਾਹਿਤ ਗੋਸ਼ਟੀ ਦਾ ਅਰੰਭ ਹੋਏਗਾ।



ਸੁਰਜੀਤ ਸਖੀ ਪੰਜਾਬੀ ਗ਼ਜ਼ਲ ਅਤੇ ਸ਼ਾਇਰੀ ਵਿੱਚ ਪ੍ਰਮੁੱਖ ਨਾਮ ਹੈ। ਉਹ ਪੰਜਾਬੀ ਸ਼ਾਇਰੀ ਦੀਆਂ ਕਈ ਕਿਤਾਬਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ ਪਾ ਚੁੱਕੇ ਹਨ ਪਰ ਇਹ ਨਵੀਂ ਕਿਤਾਬ ਵਾਰਤਕ ਨਿਬੰਧਾਂ ਦੀ ਹੈ ਜਿਸ ਵਿੱਚ ਪੰਜਾਬੀ ਕਾਵਿ ਜਗਤ ਦੇ 12 ਨਾਮਵਰ ਸ਼ਾਇਰਾਂ ਦੀ ਸਖ਼ਸ਼ੀਅਤ ਅਤੇ ਉਹਨਾਂ ਦੀ ਸ਼ਾਇਰੀ ਬਾਰੇ ਲੇਖ ਹਨ। ਸੁਰਜੀਤ ਸਖੀ ਨੂੰ ਸਾਹਿਤਕ ਸਫਰ ਦੌਰਾਨ ਕਿਤਾਬ ਵਿੱਚ ਸ਼ਾਮਲ ਇਹਨਾਂ ਸ਼ਾਇਰਾਂ ਅਤੇ ਉਹਨਾਂ ਦੀ ਸ਼ਾਇਰੀ ਦੇ ਅੰਗ-ਸੰਗ ਵਿਚਰਨ ਦਾ ਮੌਕਾ ਮਿਲਿਆ ਹੈ ਜਿਸ ਦੇ ਆਧਾਰ 'ਤੇ ਉਹਨਾਂ ਬਾਰੇ ਗੱਲ ਚਲਦੀ ਰੱਖਣ ਦਾ ਸਾਹਸ ਕਰਦਿਆਂ ਖੂਬਸੂਰਤ ਵਾਰਤਕ ਦੀ ਸਿਰਜਣਾ ਕੀਤੀ ਹੈ ਜਿਸ ਵਿੱਚ ਪ੍ਰਸੰਸਾ ਅਤੇ ਆਲੋਚਨਾ ਦੀ ਰਲੀ ਮਿਲੀ ਮਹਿਕ ਸ਼ਾਮਲ ਹੈ। ਕਿਤਾਬ ਵਿੱਚ ਸ਼ਾਮਲ ਸਖ਼ਸ਼ੀਅਤਾਂ ਹਨ: ਸੁਰਜੀਤ ਪਾਤਰ, ਗੁਰਭਜਨ ਗਿੱਲ, ਵਿਜੇ ਵਿਵੇਕ, ਸੁਖਵਿੰਦਰ ਅੰਮ੍ਰਿਤ, ਸੁਰਿੰਦਰ ਸੀਰਤ, ਸੁਖਵਿੰਦਰ ਕੰਬੋਜ, ਹਰਜਿੰਦਰ ਕੰਗ, ਸੁਰਿੰਦਰ ਸੋਹਲ, ਜਸਵਿੰਦਰ, ਕੁਲਵਿੰਦਰ, ਗੁਰਤੇਜ ਕੋਹਾਰਵਾਲਾ ਅਤੇ ਚਰਨਜੀਤ ਸਿੰਘ ਪੰਨੂ। ਬੈਠਕ ਦੇ ਅੰਤ ਵਿੱਚ ਹਾਜ਼ਰ ਸ਼ਾਇਰ ਕਵੀ ਦਰਬਾਰ ਵਿੱਚ ਆਪਣੀਆਂ ਰਚਨਾਵਾਂ ਵੀ ਸਾਂਝੀਆਂ ਕਰਨਗੇ।




# ਇਕ ਕਨਾਲ ਤੋਂ 50 ਏਕੜ ਤੱਕ ਦੇ ਜ਼ਮੀਨ ਮਾਲਕਾਂ ਲਈ ਨਵੀਂ ਲੈਂਡ ਪਾਲਿਸੀ ਮਨਜ਼ੂਰ

**ਚੰਡੀਗੜ੍ਹ–** ਪੰਜਾਬ ਮੰਤਰੀ ਮੰਡਲ ਨੇ ਯੋਜਨਾਬੱਧ ਸ਼ਹਿਰੀਕਰਨ ਨੂੰ ਉਤਸ਼ਾਹਤ ਕਰਨ ਲਈ ਲੈਂਡ ਪੂਲਿੰਗ ਪਾਲਸੀ (ਨਵੀਂ ਜ਼ਮੀਨ ਨੀਤੀ) 'ਤੇ ਮੋਹਰ ਲਗਾ ਦਿੱਤੀ ਹੈ। ਸੋਮਵਾਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਮੀਟਿੰਗ 'ਚ ਪਾਸ ਕੀਤੀ ਨਵੀ ਜ਼ਮੀਨ ਨੀਤੀ 'ਤੇ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਨਵੀਂ ਨੀਤੀ ਦਾ ਉਦੇਸ਼ ਜ਼ਮੀਨ ਮਾਲਕਾਂ, ਪ੍ਰਮੋਟਰਾਂ ਤੇ ਕੰਪਨੀਆਂ ਨੂੰ ਵਿਕਾਸ ਪ੍ਰਕਿਰਿਆ 'ਚ ਭਾਈਵਾਲ ਬਣਾਉਣਾ ਹੈ। ਸੋਧੀ ਹੋਈ ਯੋਜਨਾ ਵਿਸ਼ੇਸ਼ ਤੌਰ 'ਤੇ ਛੋਟੇ ਤੇ ਸੀਮਾਂਤ ਕਿਸਾਨਾਂ ਨੂੰ ਲਾਭ ਪਹੁੰਚਾਉਣ ਲਈ ਤਿਆਰ ਕੀਤੀ ਗਈ ਹੈ, ਜਿਸ ਨਾਲ ਜ਼ਮੀਨ ਮਾਲਕਾਂ ਨੂੰ ਹੋਰ ਬਦਲ ਮਿਲਣਗੇ। ਇਹ ਸਮੂਹ ਰਿਹਾਇਸ਼ ਤੇ ਯੋਜਨਾਬੱਧ ਵਿਕਾਸ ਨੂੰ ਉਤਸ਼ਾਹਿਤ ਕਰੇਗਾ।

ਪੁਰਾਣੀ ਜ਼ਮੀਨ ਪੂਲਿੰਗ ਯੋਜਨਾ 'ਚ ਇਕ ਏਕੜ ਜ਼ਮੀਨ ਵਾਲੇ ਕਿਸਾਨ ਨੂੰ 1000 ਗਜ਼ ਦਾ ਵਿਕਸਤ ਰਿਹਾਇਸ਼ੀ ਪਲਾਟ ਤੇ 200 ਗਜ਼ ਦਾ ਵਪਾਰਕ ਪਲਾਟ ਮਿਲਦਾ ਸੀ। ਇਹ ਸਾਰਿਆਂ ਲਈ ਇੱਕੋ ਜਿਹਾ ਸੀ, ਯਾਨੀ ਇਕ ਏਕੜ ਜ਼ਮੀਨ ਤੇ ਪੰਜਾਹ ਏਕੜ ਵਾਲੇ ਕਿਸਾਨ ਨੂੰ ਰਿਹਾਇਸ਼ੀ ਤੇ ਕਰਮਸ਼ੀਅਲ ਪਲਾਟ ਇੱਕੋ ਜਿਹਾ ਮਿਲਦਾ ਸੀ। ਨਵੀਂ ਨੀਤੀ 'ਚ 9 ਏਕੜ ਤੋਂ 50 ਏਕੜ ਜ਼ਮੀਨ ਵਾਲੇ ਕਿਸਾਨਾਂ ਲਈ ਇਕ ਵੱਖਰੀ ਲੈਂਡ ਪੂਲਿੰਗ ਸਕੀਮ ਤਿਆਰ ਕੀਤੀ ਗਈ ਹੈ। ਇਸ ਤਹਿਤ ਕਿਸਾਨਾਂ ਨੂੰ ਉਨ੍ਹਾਂ ਦੀ ਜ਼ਮੀਨ ਮੁਤਾਬਕ ਵਿਕਸਤ ਜ਼ਮੀਨ ਦਿੱਤੀ ਜਾਵੇਗੀ, ਜਿਸ 'ਚ ਉਹ ਜਾਂ ਤਾਂ ਆਪਣੀ ਸਮੂਹ ਰਿਹਾਇਸ਼ ਯੋਜਨਾ ਤਿਆਰ ਕਰ ਸਕਦੇ ਹਨ ਜਾਂ ਕਿਸੇ ਬਿਲਡਰ ਤੋਂ ਕਰਵਾ ਸਕਦੇ ਹਨ। ਨੌਂ (9) ਏਕੜ ਜ਼ਮੀਨ ਵਾਲੇ ਕਿਸਾਨ ਨੂੰ ਤਿੰਨ ਏਕੜ ਵਿਕਸਤ ਜ਼ਮੀਨ ਦਿੱਤੀ ਜਾਵੇਗੀ। ਇਸੇ ਤਰ੍ਹਾਂ, 50 ਏਕੜ ਜ਼ਮੀਨ ਵਾਲੇ ਕਿਸਾਨ ਨੂੰ ਇਕ ਜਗ੍ਹਾ 'ਤੇ 30 ਏਕੜ ਵਿਕਸਤ ਜ਼ਮੀਨ ਦਿੱਤੀ ਜਾਵੇਗੀ, ਜਿਸ ਦੀਆਂ ਬਾਹਰੀ ਸੜਕਾਂ ਤੇ ਹੋਰ ਬੁਨਿਆਦੀ ਢਾਂਚਾ ਸਬੰਧਤ ਅਥਾਰਟੀ ਦੁਆਰਾ ਤਿਆਰ ਕੀਤਾ ਜਾਵੇਗਾ ਤੇ ਅੰਦਰੂਨੀ ਸੜਕਾਂ, ਪਾਰਕ ਤੇ ਹੋਰ ਬੁਨਿਆਦੀ ਢਾਂਚਾ ਜ਼ਮੀਨ ਮਾਲਕਾਂ ਦੁਆਰਾ ਤਿਆਰ ਕੀਤਾ ਜਾਵੇਗਾ। ਕਿਸਾਨਾਂ ਨੂੰ ਪੂਰੇ ਅਧਿਕਾਰ ਹੋਣਗੇ ਤੇ ਇਹ ਉਨ੍ਹਾਂ ਦਾ ਫ਼ੈਸਲਾ ਹੋਵੇਗਾ ਕਿ ਉਹ ਆਪਣੀ ਜ਼ਮੀਨ ਸਰਕਾਰ ਨੂੰ ਦੇਣਾ ਚਾਹੁੰਦੇ ਹਨ ਜਾਂ ਨਹੀਂ। ਕਿਸਾਨ ਆਪਣੀ ਮਰਜ਼ੀ ਅਨੁਸਾਰ ਖੇਤੀ ਜਾਰੀ ਰੱਖ ਸਕਦੇ ਹਨ ਜਾਂ ਜ਼ਮੀਨ ਵੇਚ ਸਕਦੇ ਹਨ। ਪਹਿਲਾਂ ਵਾਂਗ ਕੋਈ ਜ਼ਬਰਦਸਤੀ ਜ਼ਮੀਨ ਐਕਵਾਇਰ ਨਹੀਂ ਹੋਵੇਗੀ।

HAPPY BAZAAR
HAPPY BAZAAR
Indian, Pakistani & Fijjian Groceries
WE ARE OPEN
7 DAYS A WEEK
9:00 am to 8:30 pm
RENT DVDS & BUY CLOTHES
ENJOY YOUR DAY WITH HOPES
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ
CALL US
Ph: (209) 478-0285
Fax: (209) 477-3206
EVERY SATURDAY & SUNDAY
SPECIAL DISCOUNT ON GROCERIES
1304 E Hammer Lane # 7 Stockton CA 95212
EMAIL : indiabazaar08@yahoo.com

## Matrimonial

USA born boy Doctor DPT (Doctor of physio therapist) born 1993, About 6 ft tall very handsome Looking for suitable match no smoking no drinking.

**Contact- 559 709 8838**


# ਬੇਗਮਪੁਰਾ ਏਡ ਇੰਟਰਨੈਸ਼ਨਲ ਵੱਲੋਂ ਪਹਿਲੀ ਵਾਰ ਇੱਕ ਰੋਜ਼ਾ ਫਰੀ ਮੈਡੀਕਲ ਕੈਂਪ 16 ਜੂਨ ਨੂੰ






ਬੇਗਮਪੁਰਾ ਏਡ ਇੰਟਰਨੈਸ਼ਨਲ ਦੇ ਹੈੱਡ ਆਫ਼ਿਸ ਫਰਾਂਸ ਅਤੇ ਸਮੁੱਚੀਆਂ ਬ੍ਰਾਂਚਾਂ ਦੀਆਂ ਟੀਮਾਂ ਹਾਲੈਂਡ, ਭਾਰਤ, ਜਰਮਨੀ, ਅਮਰੀਕਾ ਵਲੋਂ 16 ਜੂਨ 2025 ਦਿਨ ਸੋਮਵਾਰ ਨੂੰ ਸ੍ਰੀ ਗੁਰੂ ਰਵਿਦਾਸ ਮੰਦਰ ਚੱਕ ਹਕੀਮ ਫਗਵਾੜਾ ਵਿਖੇ ਸ਼੍ਰੋਮਣੀ ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੋਤੀ-ਜੋਤ ਦਿਵਸ ਤੇ ਉਹਨਾਂ ਦੀ ਚਰਨ ਛੋਹ ਪੰਜਾਬ ਦੁਆਬੇ ਦੀ ਪਵਿੱਤਰ ਧਰਤੀ ਤੇ ਸੰਸਥਾ ਬੇਗਮਪੁਰਾ ਏਡ ਇੰਟਰਨੈਸ਼ਨਲ ਵੱਲੋਂ ਪਹਿਲੀ ਵਾਰ ਇੱਕ ਰੋਜ਼ਾ ਫਰੀ ਮੈਡੀਕਲ ਕੈਂਪ ਸੰਸਥਾ ਬੇਗਮਪੁਰਾ ਏਡ ਇੰਟਰਨੈਸ਼ਨਲ ਵਲੋਂ ਲਗਾਇਆ ਜਾ ਰਿਹਾ ਹੈ। ਪਿੰਡ ਚੱਕ ਹਕੀਮ ਦੀ ਧਰਤੀ ਬੜੀ ਭਾਗਾਂਭਰੀ ਧਰਤੀ ਹੈ। ਜਿੱਥੇ ਜਗਤ ਗੁਰੂ ਰਵਿਦਾਸ ਜੀ ਮਹਾਰਾਜ ਜੀ ਨੇ ਆ ਕੇ ਆਪਣੇ ਪਵਿੱਤਰ ਚਰਨ ਪਾਏ ਤੇ ਇਸ ਧਰਤੀ ਨੂੰ ਵੀ ਪਵਿੱਤਰ ਕਰ ਦਿੱਤਾ। ਇਤਿਹਾਸ ਦੱਸਦਾ ਹੈ ਇਸ ਸਥਾਨ ਤੇ ਜਗਤ ਗੁਰੂ ਰਵਿਦਾਸ ਜੀ ਮਹਾਰਾਜ ਤਕਰੀਬਨ 70 ਦਿਨ ਤੱਕ ਆ ਕੇ ਰਹੇ ਤੇ ਆਪਣੀ ਪਵਿੱਤਰ ਬਾਣੀ ਦਾ ਪ੍ਰਚਾਰ ਵੀ ਕੀਤਾ। ਇਹ ਵੀ ਮੰਨਿਆਂ ਜਾਂਦਾ ਹੈ ਕਿ ਚੂਹੜਕਾਣਾ ਸਾਹਿਬ ਜੀ ਦਾ ਨਕਸ਼ਾ ਵੀ ਇਸ ਜਗ੍ਹਾ ਤੇ ਹੀ ਤਿਆਰ ਕੀਤਾ ਗਿਆ ਸੀ। ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਕਰ ਕੇ ਭਾਗ ਵਾਲੀ ਬਣੀ ਹੋਈ ਇਸ ਪਵਿੱਤਰ ਸਥਾਨ ਚੱਕ-ਹਕੀਮ ਦੀ ਧਰਤੀ ਉੱਤੇ ਜਗਤ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਬਹੁਤ ਸੁੰਦਰ ਮੰਦਰ ਦੀ ਸਥਾਪਨਾ ਕੀਤੀ ਗਈ ਹੈ। ਜਿਹੜੇ ਕਿ ਜਲੰਧਰ ਤੋਂ ਫਗਵਾੜਾ ਵਾਲੀ ਸੜਕ ਤੇ ਸੁਸ਼ੋਭਿਤ ਹਨ।

ਬੇਗਮਪੁਰਾ ਏਡ ਇੰਟਰਨੈਸ਼ਨਲ ਵੱਲੋਂ ਇਸ ਪਵਿੱਤਰ ਧਰਤੀ ਤੇ ਜਿੱਥੇ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਨੇ ਆਪਣੇ ਪਵਿੱਤਰ ਚਰਨ ਪਾਏ ਇਹ ਪਹਿਲਾ ਮੈਡੀਕਲ ਕੈਂਪ ਲਗਵਾਇਆ ਜਾਂ ਰਿਹਾ ਹੈ। ਇਸ ਇਤਿਹਾਸਿਕ ਅਸਥਾਨ ਨੂੰ ਸਰਬ ਸਾਂਝੀਵਾਲਤਾ ਦਾ ਉਪਦੇਸ਼ ਦੇਣ ਵਾਲੇ ਮਾਨਵਤਾ ਵਾਦੀ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਵਿੱਤਰ ਚਰਨ ਛੋਹ ਪ੍ਰਾਪਤ ਅਖਵਾਉਣ ਦਾ ਮਾਣ ਵੀ ਹਾਸਲ ਹੈ। ਮੌਜੂਦਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਤਿਕਾਰਯੋਗ ਵੀਰ ਦਵਿੰਦਰ ਕੁਲਥਮ ਜੀ ਸਮੂਹ ਪ੍ਰਬੰਧਕ ਅਤੇ ਗੁਰੂ ਘਰ ਦੀਆਂ ਸੰਗਤਾਂ ਦਾ ਸੰਸਥਾ ਬੇਗਮਪੁਰਾ ਏਡ ਇੰਟਰਨੈਸ਼ਨਲ ਵੱਲੋਂ ਬਹੁਤ ਬਹੁਤ ਧੰਨਵਾਦ ਕਰਦੇ ਹਾਂ ਜਿਹਨਾਂ ਦੀ ਬਦੌਲਤ ਸੰਸਥਾ ਵਰਲ ਵਾਰਡ ਨੂੰ ਇੱਥੇ ਮੈਡੀਕਲ ਕੈਂਪ ਲਗਵਾਉਣ ਦਾ ਸੁਭਾਗ ਪ੍ਰਾਪਤ ਹੋਇਆ, ਅਤੇ ਆਸ ਕਰਦੇ ਹਾਂ ਆਉਣ ਵਾਲੇ ਸਮੇਂ ਵਿੱਚ ਵੀ ਸੰਸਥਾ ਨੂੰ ਇਸੇ ਤਰਾਂ ਸੇਵਾ ਕਰਨ ਦਾ ਮੌਕਾ ਜ਼ਰੂਰ ਦੇਵੋਗੇ।

ਅਖੀਰ ਵਿੱਚ ਸੰਸਥਾ ਬੇਗ਼ਮਪੁਰਾ ਏਡ ਇੰਟਰਨੈਸ਼ਨਲ ਵੱਲੋਂ ਕੀਤੇ ਜਾ ਰਹੇ ਕਾਰਜ ਤੁਹਾਡੇ ਦੇਸ਼ਾਂ ਵਿਦੇਸ਼ਾਂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੀ ਕੀਤੇ ਜਾਂਦੇ ਹਨ। ਸੰਸਥਾ ਦਾ ਵੱਧ ਤੋਂ ਵੱਧ ਸਹਿਯੋਗ ਕਰੋ ਤਾਂ ਜੋ ਅਸੀਂ ਜ਼ਰੂਰਤ ਮੰਦ ਲੋਕਾਂ ਦੀ ਮਦਦ ਕਰ ਸਕੀਏ।

# ਯੂਕਰੇਨ ਨੇ ਰੂਸ ਦੇ 5 ਏਅਰਬੇਸਾਂ 'ਤੇ ਹਮਲਾ ਕਰਕੇ ਪੂਰੀ ਦੁਨੀਆ ਨੂੰ ਕੀਤਾ ਹੈਰਾਨ

**ਨਵੀਂ ਦਿੱਲੀ–** ਯੂਕਰੇਨ ਨੇ ਰੂਸ ਦੇ 5 ਏਅਰਬੇਸਾਂ 'ਤੇ ਹਮਲਾ ਕਰਕੇ ਪੂਰੀ ਦੁਨੀਆ ਨੂੰ ਹੈਰਾਨ ਕਰ ਦਿੱਤਾ। ਇਸ ਹਮਲੇ ਵਿੱਚ ਰੂਸ ਦੇ ਕਈ ਫੌਜੀ ਜਹਾਜ਼ ਵੀ ਸੜ ਗਏ, ਜਿਸ ਦੀ ਪੁਸ਼ਟੀ ਰੂਸੀ ਰੱਖਿਆ ਮੰਤਰਾਲੇ ਨੇ ਖੁਦ ਕੀਤੀ। ਹਾਲਾਂਕਿ, ਸਵਾਲ ਇਹ ਹੈ ਕਿ ਯੂਕਰੇਨ ਨੇ ਰੂਸ ਦੇ ਅੰਦਰੂਨੀ ਇਲਾਕਿਆਂ 'ਤੇ ਕਿਵੇਂ ਹਮਲਾ ਕੀਤਾ? ਕੀ ਰੂਸ ਨੂੰ ਇਸ ਹਮਲੇ ਦਾ ਅੰਦਾਜ਼ਾ ਨਹੀਂ ਸੀ? ਕੀ ਰੂਸ, ਜੋ 3 ਸਾਲਾਂ ਤੋਂ ਯੂਕਰੇਨ ਨਾਲ ਜੰਗ ਲੜ ਰਿਹਾ ਹੈ, ਆਪਣੇ ਏਅਰਬੇਸ ਨੂੰ ਸੁਰੱਖਿਅਤ ਰੱਖਣ ਲਈ ਕੋਈ ਕਦਮ ਨਹੀਂ ਚੁੱਕੇਗਾ?

ਜ਼ਾਹਿਰ ਹੈ ਕਿ, ਰੂਸ ਦੇ ਏਅਰਬੇਸ ਤੱਕ ਪਹੁੰਚਣਾ ਇੰਨਾ ਆਸਾਨ ਨਹੀਂ ਹੈ ਪਰ ਯੂਕਰੇਨ ਨੇ ਅਜਿਹਾ ਕੀਤਾ। ਯੂਕਰੇਨ ਨੇ ਨਾ ਸਿਰਫ਼ ਰੂਸੀ ਸਰਹੱਦ ਦੇ ਆਲੇ-ਦੁਆਲੇ ਸਥਿਤ ਏਅਰਬੇਸਾਂ ਨੂੰ ਨਿਸ਼ਾਨਾ ਬਣਾਇਆ, ਸਗੋਂ ਸਰਹੱਦ ਤੋਂ 8,000 ਕਿਲੋਮੀਟਰ ਦੂਰ ਸਥਿਤ ਏਅਰਬੇਸਾਂ ਨੂੰ ਵੀ ਤਬਾਹ ਕਰ ਦਿੱਤਾ।

ਰੂਸ ਨੇ ਏਅਰਬੇਸਾਂ ਨੂੰ ਹਮਲੇ ਤੋਂ ਬਚਾਉਣ ਲਈ ਪਹਿਲਾਂ ਹੀ ਬਹੁਤ ਸਾਰੀਆਂ ਤਿਆਰੀਆਂ ਕਰ ਲਈਆਂ ਸਨ। ਖਾਸ ਕਰਕੇ ਯੂਕਰੇਨ ਦੁਆਰਾ ਨਿਸ਼ਾਨਾ ਬਣਾਏ ਗਏ 5 ਏਅਰਬੇਸਾਂ 'ਤੇ, ਰੂਸ ਨੇ ਵੀ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਸਨ। ਇਸਦਾ ਸਬੂਤ ਸੈਟੇਲਾਈਟ ਤਸਵੀਰਾਂ ਵਿੱਚ ਸਪੱਸ਼ਟ ਤੌਰ 'ਤੇ ਦੇਖਿਆ ਜਾ ਸਕਦਾ ਹੈ।

ਰੂਸ-ਯੂਕਰੇਨ ਸਰਹੱਦ ਤੋਂ 4,500 ਕਿਲੋਮੀਟਰ ਦੂਰ ਸਥਿਤ ਬੇਲਾਇਆ ਏਅਰਬੇਸ ਦੀ ਗੱਲ ਕਰੀਏ ਤਾਂ ਰੂਸ ਦੇ ਤੂ-16 ਜਹਾਜ਼ ਇੱਥੇ ਦੇਖੇ ਜਾ ਸਕਦੇ ਹਨ। ਇਨ੍ਹਾਂ ਦੇ ਖੰਭਾਂ ਅਤੇ ਸਰੀਰ 'ਤੇ ਟਾਇਰ ਲਗਾਏ ਗਏ ਹਨ, ਤਾਂ ਜੋ ਇਨ੍ਹਾਂ ਜੈੱਟਾਂ ਨੂੰ ਸੁਰੱਖਿਅਤ ਰੱਖਿਆ ਜਾ ਸਕੇ। ਸੈਟੇਲਾਈਟ ਤਸਵੀਰਾਂ ਵਿੱਚ ਇਹ ਸਾਫ਼ ਦਿਖਾਈ ਦੇ ਰਿਹਾ ਹੈ ਕਿ ਰੂਸ ਨੇ ਏਅਰਬੇਸ ਦੇ ਰਨਵੇਅ 'ਤੇ ਲੜਾਕੂ ਪਲੇਟ ਦੇ ਆਕਾਰ ਬਣਾਏ ਹਨ, ਤਾਂ ਜੋ ਹਮਲਾਵਰ ਨੂੰ ਗੁੰਮਰਾਹ ਕੀਤਾ ਜਾ ਸਕੇ। ਹਮਲਾਵਰ ਨੂੰ ਇੱਥੇ ਇਹ ਸੋਚ ਕੇ ਹਮਲਾ ਕਰਨਾ ਚਾਹੀਦਾ ਸੀ ਕਿ ਉਹ ਅਸਲੀ ਜਹਾਜ਼ ਹਨ। ਇਸ ਤੋਂ ਇਲਾਵਾ, ਇਵਾਨੋਵੋ ਸੇਵਰਨੀ, ਡਿਆਗਿਲੇਵੋ ਅਤੇ ਯੂਕਰੇਨਕਾ ਏਅਰਬੇਸਾਂ ਦੀਆਂ ਤਸਵੀਰਾਂ ਵੀ ਸਾਹਮਣੇ ਆਈਆਂ ਹਨ, ਜਿਨ੍ਹਾਂ ਵਿੱਚ ਰੂਸੀ ਫੌਜ ਦੇ ਮਹੱਤਵਪੂਰਨ ਜਹਾਜ਼ ਦੇਖੇ ਜਾ ਸਕਦੇ ਹਨ। ਦੁਸ਼ਮਣ ਨੂੰ ਧੋਖਾ ਦੇਣ ਲਈ, ਰੂਸ ਨੇ ਰਨਵੇਅ 'ਤੇ ਕਈ ਥਾਵਾਂ 'ਤੇ ਜਹਾਜ਼ਾਂ ਦੇ ਆਕਾਰ ਵੀ ਬਣਾਏ ਹਨ। ਹਾਲਾਂਕਿ, ਯੂਕਰੇਨ ਦੇ ਸਾਹਮਣੇ ਰੂਸ ਦੀਆਂ ਸਾਰੀਆਂ ਤਿਆਰੀਆਂ ਅਸਫਲ ਰਹੀਆਂ। ਰੂਸ ਦੀ ਸੁਰੱਖਿਆ ਨੂੰ ਤੋੜਦੇ ਹੋਏ, ਯੂਕਰੇਨ ਨੇ ਨਾ ਸਿਰਫ ਰੂਸੀ ਏਅਰਬੇਸ 'ਤੇ ਹਮਲਾ ਕੀਤਾ ਬਲਕਿ ਰੂਸ ਨੂੰ ਬਹੁਤ ਨੁਕਸਾਨ ਵੀ ਪਹੁੰਚਾਇਆ। ਇਨ੍ਹਾਂ ਏਅਰਬੇਸਾਂ ਤੋਂ ਉੱਠ ਰਿਹਾ ਕਾਲਾ ਧੂੰਆਂ ਇਸ ਗੱਲ ਦਾ ਸਬੂਤ ਹੈ ਕਿ ਯੂਕਰੇਨ ਦੇ ਡਰੋਨ ਹਮਲੇ ਨੇ ਰੂਸ ਵਿੱਚ ਭਾਰੀ ਤਬਾਹੀ ਮਚਾਈ ਹੈ।


# Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ ਗੁਰੂ ਘਰ ਵਿਖੇ ਸ਼ਹੀਦਾਂ ਦੇ ਸਿਰਤਾਜ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ












**ਨਿਊਯਾਰਕ ਤੋਂ ਜਰਨਾਲਿਸਟ ਲਵਿੰਦਰ ਭੌਰਾ**
ਬੀਤੀ ਇਕ ਜੂਨ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ ਵਿਖੇ ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ । ਸਵੇਰ ਤੋਂ ਆਸਾ ਦੀ ਵਾਰ ਦਾ ਕੀਰਤਨ ਉਪਰੰਤ ਸ੍ਰੀ ਸੁਖਮਨੀ ਸਾਹਿਬ ਦੇ ਜਾਪ ਕੀਤੇ ਗਏ । ਬਾਰਾਂ ਵਜੇ ਕੀਰਤਨ ਦਰਬਾਰ ਸਜਾਇਆ ਗਿਆ । ਗੁਰੂ ਘਰ ਦੇ ਕੀਰਤਨੀ ਜੱਥੇ ਭਾਈ ਦਿਲਬਾਗ ਸਿੰਘ, ਭਾਈ ਰੂਪ ਸਿੰਘ ਅਤੇ ਭਾਈ ਸਰਬਜੀਤ ਸਿੰਘ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ । ਵਿਸ਼ੇਸ਼ ਤੌਰ ਤੇ ਅਮਰੀਕਾ ਫੇਰੀ ਦੌਰਾਨ ਆਏ ਸੰਸਾਰ ਪ੍ਰਸਿੱਧ ਕਥਾ ਤੇ ਕੀਰਤਨੀ ਜੱਥਾ ਸੰਤ ਜੀਤ ਦਾਸ ਜੀ, ਗਿਆਨੀ ਪ੍ਰਿਤਪਾਲ ਸਿੰਘ ਜੀ ਅਤੇ ਭਾਈ ਸੰਦੀਪ ਕੁਮਾਰ ਜੀ ਨੇ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ ਪੰਜਵੇਂ ਪਾਤਸ਼ਾਹ ਜੀ ਦੀ ਸ਼ਹੀਦੀ ਬਾਰੇ ਕਥਾ ਵਿਚਾਰ ਰਾਹੀਂ ਸੰਗਤਾਂ ਨਾਲ ਸਾਂਝ ਪਾਈ।

ਇਸ ਦਿਹਾੜੇ ਤੇ ਪਾਠ ਸ੍ਰੀ ਸੁਖਮਨੀ ਸਾਹਿਬ ਅਤੇ ਗੁਰੂ ਕੇ ਲੰਗਰਾਂ ਦੀ ਸੇਵਾ ਬੀਬੀ ਹਰਵਿੰਦਰ ਕੌਰ ਜੀ ਅਤੇ ਸਮੂਹ ਪ੍ਰੀਵਾਰ ਵਲੋਂ ਕੀਤੀ ਗਈ। ਨੌਜਵਾਨ ਸਭਾ ਨਿਊਯਾਰਕ ਦੇ ਸੇਵਾਦਾਰਾਂ ਵੱਲੋਂ ਠੰਢੇ ਮਿੱਠੇ ਜਲ ਦੀ ਛਬੀਲ, ਦੁੱਧ ਸੋਡਾ,ਫਰੂਟ ਚਾਟ ਅਤੇ ਜ਼ੀਰੇ ਵਾਲੇ ਛੋਲੇ ਲੰਗਰਾਂ ਦੇ ਰੂਪ ਚ ਸਾਰਾ ਦਿਨ ਅਤੁੱਟ ਵਰਤਾਏ ਗਏ। ਪ੍ਰੋਗਰਾਮ ਦੇ ਅੰਤ ਚ ਭਾਈ ਦਿਲਬਾਗ ਸਿੰਘ ਜੀ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਸਮੂਚੇ ਪ੍ਰੋਗਰਾਮ ਦੀ ਮੰਚ ਸੰਚਾਲਨਾਂ ਗੁਰੂ ਘਰ ਦੇ ਸੈਕਟਰੀ ਬਲਵਿੰਦਰ ਭੌਰਾ ਨੇ ਨਿਭਾਈ।

## 10 ਜੂਨ ਨੂੰ ਫਰੈਕਫੋਰਟ (ਜਰਮਨੀ) ਵਿਖੇ ਬਹੁ ਪੱਖੀ ਸ਼ਖਸ਼ੀਅਤ ਸਮਾਜ ਸੇਵਕ ਅਤੇ ਗਾਇਕ ਰੂਪ ਲਾਲ ਧੀਰ ਦਾ ਹੋਵੇਗਾ ਗੋਲਡ ਮੈਡਲ ਨਾਲ ਸਨਮਾਨ



**ਰੋਮ (ਇਟਲੀ) (ਟੇਕਚੰਦ ਜਗਤਪੁਰ)-** ਗਾਇਕ ਰੂਪ ਲਾਲ ਧੀਰ ਕਿਸੇ ਜਾਣ ਪਹਿਚਾਣ ਦਾ ਮੁਥਾਜ ਨਹੀਂ। ਲਗਭਗ ਪੰਜ ਦਹਾਕਿਆਂ ਤੋਂ ਉਹ ਗਾਇਕੀ ਦੇ ਨਾਲ ਪੱਕੇ ਤੌਰ ਤੇ ਜੁੜੇ ਹੋਏ ਹਨ , ਜਿੱਥੇ ਉਹ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਦਾ ਗੁਣ ਗਾਣ ਆਪਣੇ ਗੀਤਾਂ ਰਾਹੀਂ ਕਰ ਰਹੇ ਹਨ ,ਉੱਥੇ ਨਾਲ ਦੀ ਨਾਲ ਹੀ ਜਾਗ੍ਰਿਤੀ ਕਲਾ ਕੇਂਦਰ ਔੜ ਦੇ ਬੈਨਰ ਹੇਠ ਹਰ ਸਾਲ ਸੱਭਿਆਚਾਰਕ ਮੇਲੇ ਦਾ ਆਯੋਜਿਨ ਵੀ ਕਰਦੇ ਰਹੇ ਹਨ। ਇਸ ਮੇਲੇ ਵਿੱਚ ਜਿੱਥੇ ਉਹ ਉੱਚ ਕੋਟੀ ਦੇ ਗਾਇਕਾਂ ਨੂੰ ਦਰਸ਼ਕਾਂ ਦੇ ਰੂਬਰੂ ਕਰਵਾਉਂਦੇ ਰਹੇ ਹਨ, ਉਥੇ ਸਮਾਜ ਭਲਾਈ ਦੇ ਕੰਮਾਂ ਵਿਚ ਵੀ ਮੋਹਰੀ ਭੂਮਿਕਾ ਨਿਭਾ ਰਹੇ ਹਨ ।ਹੁਣ ਤੱਕ ਇਲਾਕੇ ਵਿੱਚ ਗਰੀਬ ਪਰਿਵਾਰਾਂ ਦੀਆਂ ਬੱਚੀਆਂ ਦੇ ਵਿਆਹ ਵੀ ਕਰਵਾ ਚੁੱਕੇ ਹਨ। ਇਸ ਸੱਭਿਆਚਾਰਕ ਮੇਲੇ ਵਿੱਚ ਵੱਖ-ਵੱਖ ਖੇਤਰ ਵਿੱਚ ਨਾਮਣਾ ਖੱਟਣ ਵਾਲੀਆਂ ਸ਼ਖਸ਼ੀਅਤਾਂ ਨੂੰ ਵੀ ਵਿਸ਼ੇਸ਼ ਤੌਰ ਤੇ ਸਨਮਾਨਿਤ ਕਰ ਚੁੱਕੇ ਹਨ । ਰੂਪ ਲਾਲ ਧੀਰ ਯੂਰਪ ਵਿੱਚ ਇਟਲੀ, ਆਸਟਰੀਆ, ਹੋਲੈਂਡ, ਜਰਮਨੀ ,ਗਰੀਸ ਤੋਂ ਇਲਾਵਾ ਇੰਗਲੈਂਡ, ਕਨੇਡਾ ਤੇ ਅਮ-ਰੀਕਾ ਵਿੱਚ ਵੀ ਆਪਣੀ ਦਮਦਾਰ ਅਤੇ ਬੁਲੰਦ ਆਵਾਜ਼ ਨਾਲ ਸਰੋਤਿਆਂ ਨੂੰ ਪ੍ਰਭਾਵਿਤ ਕਰ ਚੁੱਕੇ ਹਨ। ਉਹ ਰੇਲਵੇ ਵਿਭਾਗ ਵਿੱਚ ਨੌਕਰੀ ਕਰਦਿਆਂ ਅਨੇਕਾਂ ਮਾਨ ਸਨਮਾਨ ਪ੍ਰਾਪਤ ਕਰਕੇ ਰੇਲਵੇ ਵਿਭਾਗ ਦਾ ਨਾਮ ਵੀ ਰੋਸ਼ਨ ਕਰ ਚੁੱਕੇ ਹਨ ।ਉਹ ਬੈਰਗਾਮੋ ਵਿਖੇ ਹੋਏ ਸਮਾਗਮ ਵਿੱਚ ਵੀ ਗੋਲਡ ਮੈਡਲ ਨਾਲ ਸਨਮਾਨਿਤ ਵੀ ਹੋ ਚੁੱਕੇ ਹਨ। ਹੁਣ ਜੂਨ ਨੂੰ ਸਮਾਜ ਸੇਵਾ ,ਸੱਭਿਆਚਾਰਕ ਅਤੇ ਗੀਤ ਸੰਗੀਤ ਦੇ ਖੇਤਰ ਵਿੱਚ ਪਾਏ ਯੋਗਦਾਨ ਨੂੰ ਮੁੱਖ ਰੱਖਦਿਆਂ ਉਨਾਂ ਨੂੰ ਉਘੇ ਸਮਾਜ ਸੇਵਕ ਸੰਸਾਰ ਚੰਦ ਧੀਰ, ਗੀਤਕਾਰ ਬਹਾਦਰ ਸਿੰਘ ਗਰਚਾ ਅਤੇ ਐਮ ਜੀ ਗਰਚਾ ਬੀਟ ਵਲੋ ਫਰੈਕਫੋਰਟ (ਜਰਮਨੀ) ਵਿਖੇ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ। ਵਾਹਿਗੁਰੂ ਹਮੇਸ਼ਾ ਗਾਇਕ ਰੂਪ ਲਾਲ ਧੀਰ ਨੂੰ ਚੜਦੀ ਕਲਾ ਵਿੱਚ ਰੱਖੇ।

## ਇਟਲੀ ਦੇ ਪ੍ਰਸਿੱਧ ਗਾਇਕ ਹੈਪੀ ਲੈਰਾ ਨੂੰ ਸਦਮਾ, ਪਿਤਾ ਕਸ਼ਮੀਰ ਸਿੰਘ ਦਾ ਹੋਇਆ ਦਿਹਾਂਤ



**ਰੋਮ (ਇਟਲੀ) ਟੇਕ ਚੰਦ ਜਗਤਪੁਰ-** ਇਟਲੀ ਦੇ ਪ੍ਰਸਿੱਧ ਗਾਇਕ ਹੈਪੀ ਲੈਰਾ ਨੂੰ ਉਸ ਸਮੇਂ ਗਹਿਰਾ ਸਦਮਾ ਪਹੁੰਚਿਆ, ਜਦੋਂ ਉਹਨਾਂ ਦੇ ਪਿਤਾ ਸ ਕਸ਼ਮੀਰ ਸਿੰਘ ਅਕਾਲ ਚਲਾਣਾ ਕਰ ਗਏ। ਉਹ ਘਨੌਲੀ ਰੋਪੜ ਨਾਲ ਸਬੰਧਤ ਸਨ ।ਉਹਨਾਂ ਦਾ ਜਨਮ ਚੂਣ ਕਲਾਂ ਮੰਡੀ ਪਾਕਿਸਤਾਨ ਵਿੱਚ ਹੋਇਆ ਸੀ। ਉਹ ਪੰਜਾਬ ਰੋਡਵੇਜ ਰੋਪੜ ਵਿੱਚ ਲੰਬਾ ਸਮਾਂ ਅੱਡਾ ਇੰਚਾਰਜ ਰਹੇ ਸਨ। ਉਹਨਾਂ ਦੇ ਤਿੰਨ ਸਪੁੱਤਰ ਜੋ ਇਸ ਸਮੇਂ ਇਟਲੀ ਦੇ ਵਿੱਚ ਰਹਿ ਰਹੇ ਹਨ। ਉਨਾਂ ਦੀ ਲਗਭਗ ਛੇ ਸੱਤ ,ਸਾਲ ਤੋਂ ਨਜ਼ਰ ਕਮਜ਼ੋਰ ਹੋ ਚੁੱਕੀ ਸੀ । ਉਹ ਪੰਜਾਬੀ ਸੱਭਿਆਚਾਰ ਨਾਲ ਮੋਹ -ਮੁਹੱਬਤ ਅਤੇ ਪਿਆਰ ਕਰਨ ਵਾਲੀ ਸ਼ਖਸ਼ੀਅਤ ਦੇ ਮਾਲਕ ਸਨ। ਉਹਨਾਂ ਦਾ ਅੰਤਿਮ ਸੰਸਕਾਰ 7 ਜੂਨ ਦਿਨ ਸ਼ਨੀਵਾਰ ਨੂੰ ਪਾਰਮਾਂ ਵਿਖੇ ਕੀਤਾ ਜਾਵੇਗਾ।



## ਦੇਸ਼ ਭਗਤ ਯੂਨੀਵਰਸਿਟੀ ਦੀ ਵਿਦਿਆਰਥਣ ਨੇ ਖੇਲੋ ਇੰਡੀਆ ਬੀਚ ਗੇਮਜ਼-2025 ਵਿੱਚ ਜਿੱਤਿਆ ਸੋਨ ਤਮਗਾ



**ਮੰਡੀ ਗੋਬਿੰਦਗੜ੍ਹ–** ਦੇਸ਼ ਭਗਤ ਯੂਨੀਵਰਸਿਟੀ ਲਈ ਇਹ ਬੜੀ ਮਾਣ ਵਾਲੀ ਗੱਲ ਹੈ ਕਿ ਇਸਦੀ ਇੱਕ ਵਿਦਿਆਰਥਣ, ਮਿਸ ਵਰਸ਼ਾ ਨੇ 19 ਤੋਂ 24 ਮਈ ਤੱਕ (ਦੀਉ) ਦੀਵ ਵਿੱਚ ਆਯੋਜਿਤ ਖੇਲੋ ਇੰਡੀਆ ਬੀਚ ਗੇਮਜ਼-2025 ਵਿੱਚ ਪੇਨਕਾਕ ਸਿਲਾਟ ਵਿੱਚ ਸੋਨ ਤਮਗਾ (ਗੋਲਡ ਮੈਡਲ) ਜਿੱਤ ਕੇ ਯੂਨੀਵਰਸਿਟੀ ਦਾ ਨਾਮ ਰੋਸ਼ਨ ਕੀਤਾ ਹੈ। ਇਹ ਸ਼ਾਨਦਾਰ ਪ੍ਰਾਪਤੀ ਦੇਸ਼ ਭਗਤ ਯੂਨੀਵਰਸਿਟੀ ਲਈ ਇੱਕ ਹੋਰ ਮੀਲ ਪੱਥਰ ਹੈ। ਐਥਲੀਟ ਮਿਸ ਵਰਸ਼ਾ ਨੇ ਪੇਨਕਾਕ ਸਿਲਾਟ ਦੇ ਖੇਤਰ ਵਿੱਚ ਯੂਨੀਵਰਸਿਟੀ ਅਤੇ ਦੇਸ਼ ਦੀ ਲਗਾਤਾਰ ਪ੍ਰਤੀਨਿਧਤਾ ਕੀਤੀ ਹੈ ਅਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪਲੇਟਫਾਰਮਾਂ 'ਤੇ ਪ੍ਰਸ਼ੰਸਾ ਪ੍ਰਾਪਤ ਕੀਤੀ ਹੈ। ਉਸਦੀ ਇਹ ਜਿੱਤ ਨਾ ਸਿਰਫ ਉਸਦੀ ਵਿਅਕਤੀਗਤ ਉੱਤਮਤਾ ਨੂੰ ਦਰਸਾਉਂਦੀ ਹੈ ਬਲਕਿ ਖੇਡਾਂ ਅਤੇ ਸੰਪੂਰਨ ਵਿਕਾਸ ਲਈ ਯੂਨੀਵਰਸਿਟੀ ਦੇ ਅਟੁੱਟ ਸਮਰਥਨ ਨੂੰ ਵੀ ਉਜਾਗਰ ਕਰਦੀ ਹੈ।

ਇਸ ਮੌਕੇ ਮਾਣਯੋਗ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ, ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ, ਅਤੇ ਚਾਂਸਲਰ ਦੇ ਸਲਾਹਕਾਰ ਡਾ।.ਵਰਿੰਦਰ ਸਿੰਘ ਨੇ ਮਿਸ ਵਰਸ਼ਾ ਨੂੰ ਇਸ ਪ੍ਰਾ-ਪਤੀ ਲਈ ਨਿੱਘੀਆਂ ਵਧਾਈਆਂ ਦਿੱਤੀਆਂ।

ਦੇਸ਼ ਭਗਤ ਯੂਨੀਵਰਸਿਟੀ, ਜੋ ਕਿ ਅਕਾਦਮਿਕ ਪ੍ਰਤਿਭਾ ਅਤੇ ਖੇਡ ਪ੍ਰਤਿਭਾ ਨੂੰ ਉਤਸ਼ਾਹਿਤ ਕਰਨ ਲਈ ਜਾਣੀ ਜਾਂਦੀ ਹੈ, ਨੇ ਮਿਸ ਵਰਸ਼ਾ ਵਰਗੀਆਂ ਨੌਜਵਾਨ ਪ੍ਰਾਪਤੀਆਂ ਦਾ ਸਮਰਥਨ ਕਰਨ ਲਈ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ। ਯੂਨੀਵਰਸਿਟੀ ਇਸ ਸੁਨਹਿਰੇ ਪਲ ਦਾ ਜਸ਼ਨ ਮਨਾਉਂਦੀ ਹੋਈ ਆਪਣੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਤੋਂ ਇਸ ਤਰ੍ਹਾਂ ਦੀਆਂ ਹੋਰ ਬਹੁਤ ਸਾਰੀਆਂ ਜਿੱਤਾਂ ਦੀ ਉਮੀਦ ਕਰਦੀ ਹੈ।

# ਭੂਚਾਲ ਪਿੱਛੋਂ ਕਰਾਚੀ ਜੇਲ੍ਹ ਵਿੱਚੋਂ 200 ਤੋਂ ਵੱਧ ਕੈਦੀ ਹੋਏ ਫ਼ਰਾਰ

**ਕਰਾਚੀ–** ਪਾਕਿਸਤਾਨ ਦੇ ਬੰਦਰਗਾਹ ਸ਼ਹਿਰ ਕਰਾਚੀ ਵਿੱਚ ਇੱਕ ਉੱਚ-ਸੁਰੱਖਿਆ ਵਾਲੀ ਜੇਲ੍ਹ ਵਿੱਚੋਂ 200 ਤੋਂ ਵੱਧ ਕੈਦੀ ਖ਼ਿੱਤੇ 'ਚ ਭੂਚਾਲ ਆਉਣ ਕਾਰਨ ਪੈਦਾ ਹੋਈ ਹਫੜਾ-ਦਫੜੀ ਦਾ ਫ਼ਾਇਦਾ ਉਠਾ ਕੇ ਭੱਜ ਗਏ ਹਨ। ਇਹ ਜਾਣਕਾਰੀ ਇੱਕ ਮੰਤਰੀ ਨੇ ਮੰਗਲਵਾਰ ਨੂੰ ਦਿੱਤੀ ਹੈ।



ਪੁਲੀਸ ਨੇ ਕਿਹਾ ਕਿ ਕਰਾਚੀ ਦੀ ਮਾਲੀਰ ਜੇਲ੍ਹ ਵਿਚ ਭੂਚਾਲ ਦੇ ਝਟਕੇ ਮਹਿਸੂਸ ਹੋਣ ਤੋਂ ਬਾਅਦ ਕੈਦੀਆਂ ਨੇ ਆਪਣੀਆਂ ਕੋਠੜੀਆਂ ਦੇ ਦਰਵਾਜ਼ੇ ਤੋੜ ਦਿੱਤੇ ਤੇ ਭੱਜ ਨਿਕਲੇ। ਗ਼ੌਰਤਲਬ ਹੈ ਕਿ ਸੋਮਵਾਰ ਨੂੰ ਖ਼ਿੱਤੇ ਵਿਚ ਤਿੰਨ ਘੱਟ ਸ਼ਿੱਦਤ ਵਾਲੇ ਭੂਚਾਲ ਆਏ ਸਨ।

ਸਿੰਧ ਦੇ ਗ੍ਰਹਿ ਮੰਤਰੀ ਜ਼ਿਆ-ਉਲ ਹਸਨ ਲਾਂਝਰ ਨੇ ਮੰਗਲਵਾਰ ਨੂੰ ਪੁਸ਼ਟੀ ਕੀਤੀ ਕਿ 216 ਕੈਦੀ ਜੇਲ੍ਹ ਵਿੱਚੋਂ ਭੱਜ ਗਏ ਸਨ। ਉਨ੍ਹਾਂ ਕਿਹਾ ਕਿ 24 ਘੰਟਿਆਂ ਵਿੱਚ 78 ਕੈਦੀਆਂ ਨੂੰ ਦੁਬਾਰਾ ਫੜ ਲਿਆ ਗਿਆ ਹੈ।

ਲਾਂਝਰ ਨੇ ਕਿਹਾ ਕਿ ਜਦੋਂ ਸੋਮਵਾਰ ਰਾਤ ਨੂੰ ਭੂਚਾਲ ਆਏ ਤਾਂ ਕੈਦੀ ਘਬਰਾ ਗਏ ਅਤੇ ਉਨ੍ਹਾਂ ਆਪਣੀਆਂ ਕੋਠੜੀਆਂ ਵਿੱਚੋਂ ਬਾਹਰ ਨਿਕਲਣ ਲਈ ਹਿੰਸਾ ਦਾ ਸਹਾਰਾ ਲੈਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਕਿਹਾ, "ਪੁਲੀਸ ਅਧਿਕਾਰੀਆਂ ਨੇ ਆਪਣੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਅਤੇ ਉਨ੍ਹਾਂ ਨੂੰ ਸੈੱਲਾਂ ਵਿੱਚੋਂ ਬਾਹਰ ਕੱਢਿਆ ਜਿਸ ਤੋਂ ਬਾਅਦ ਕੁਝ ਕੈਦੀ ਮਾਰ-ਧਾੜ ਕਰਦੇ ਹੋਏ ਭੱਜ ਗਏ," ਉਸਨੇ ਅੱਗੇ ਕਿਹਾ। ਉਨ੍ਹਾਂ ਕਿਹਾ ਕਿ ਹਿੰਸਾ ਵਿੱਚ ਇੱਕ ਦਰਜਨ ਪੁਲੀਸ ਕਰਮਚਾਰੀ ਅਤੇ ਕੈਦੀ ਜ਼ਖਮੀ ਹੋ ਗਏ ਸਨ ਜਦੋਂ ਕਿ ਇੱਕ ਕੈਦੀ ਭੱਜਣ ਦੀ ਕੋਸ਼ਿਸ਼ ਕਰਦੇ ਸਮੇਂ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ।

ਗ਼ੌਰਤਲਬ ਹੈ ਕਿ ਮਾਲੀਰ ਜੇਲ੍ਹ ਵਿਚ 100 ਤੋਂ ਵੱਧ ਭਾਰਤੀ ਕੈਦੀ ਵੀ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਗਰੀਬ ਮਛੇਰੇ ਹਨ, ਜਿਨ੍ਹਾਂ ਨੂੰ ਪਾਕਿਸਤਾਨ ਦੇ ਸਮੁੰਦਰ ਵਿੱਚ ਗੈਰ-ਕਾਨੂੰਨੀ ਤੌਰ 'ਤੇ ਮੱਛੀਆਂ ਫੜਨ ਦੇ ਦੋਸ਼ ਲਾ ਕੇ ਕੈਦ ਕੀਤਾ ਗਿਆ ਹੈ। ਇੱਕ ਪੁਲੀਸ ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਨੂੰ ਇੱਕ ਵੱਖਰੀ ਬੈਰਕ ਵਿੱਚ ਰੱਖਿਆ ਗਿਆ ਹੈ ਅਤੇ ਉਹ ਭੂਚਾਲ ਦੌਰਾਨ ਆਪਣੀਆਂ ਕੋਠੜੀਆਂ ਵਿੱਚ ਰਹੇ।

## ਸੰਯੁਕਤ ਰਾਸ਼ਟਰ ਅਸੈਂਬਲੀ ਨੇ ਜਰਮਨੀ ਦੀ ਸਾਬਕਾ ਵਿਦੇਸ਼ ਮੰਤਰੀ ਨੂੰ ਅਗਲਾ ਮੁਖੀ ਚੁਣਿਆ

**ਸੰਯੁਕਤ ਰਾਸ਼ਟਰ–** ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੇ ਜਰਮਨੀ ਦੀ ਸਾਬਕਾ ਵਿਦੇਸ਼ ਮੰਤਰੀ ਅੰਨਾਲੇਨਾ ਬੇਰਬੌਕ ਨੂੰ ਭਾਰੀ ਬਹੁਮਤ ਨਾਲ 193 ਮੈਂਬਰੀ ਵਿਸ਼ਵ ਸੰਸਥਾ ਦਾ ਅਗਲਾ ਮੁਖੀ ਚੁਣ ਲਿਆ ਹੈ। ਬੇਰਬੌਕ ਨੂੰ 167 ਵੋਟਾਂ ਮਿਲੀਆਂ ਜਦਕਿ ਉਨ੍ਹਾਂ ਨੂੰ ਜਿੱਤਣ ਲਈ 88 ਵੋਟਾਂ ਦੀ ਲੋੜ ਸੀ ਜਦੋਂ ਕਿ ਜਰਮਨ ਡਿਪਲੋਮੈਟ ਹੇਲਗਾ ਸ਼ਮਿਦ ਨੂੰ ਸੱਤ ਵੋਟਾਂ ਮਿਲੀਆਂ। ਇਸ ਵੋਟਿੰਗ ਵਿਚ 14 ਦੇਸ਼ ਸ਼ਾਮਲ ਨਹੀਂ ਹੋਏ। ਜਰਮਨੀ ਨੇ ਸ਼ਮਿਦ ਨੂੰ ਅਸੈਂਬਲੀ ਦੀ ਪ੍ਰਧਾਨਗੀ ਦੇ ਅਹੁਦੇ ਲਈ ਨਾਮਜ਼ਦ ਕੀਤਾ ਸੀ ਪਰ ਹਾਲ ਹੀ ਵਿੱਚ ਹੋਈਆਂ ਚੋਣਾਂ ਵਿੱਚ ਦੇਸ਼ ਦੇ ਵਿਦੇਸ਼ ਮਾਮਲਿਆਂ ਦੇ ਮੁਖੀ ਵਜੋਂ ਆਪਣੀ ਨੌਕਰੀ ਗੁਆਉਣ ਤੋਂ ਬਾਅਦ ਉਸ ਦੀ ਥਾਂ ਬੇਰਬੌਕ ਨੂੰ ਨਾਮਜ਼ਦ ਕਰ ਦਿੱਤਾ ਗਿਆ। ਇਸ ਫੈਸਲੇ ਦੀ ਜਰਮਨੀ ਵਿੱਚ ਕੁਝ ਆਲੋਚਨਾ ਵੀ ਹੋਈ। ਜਦੋਂ ਬੇਰਬੌਕ ਨੇ ਸੰਯੁਕਤ ਰਾਜ ਅਸੈਂਬਲੀ ਵਿੱਚ 15 ਮਈ ਨੂੰ ਆਪਣੀ ਦਾਅਵੇਦਾਰੀ ਪੇਸ਼ ਕੀਤੀ ਤਾਂ ਰੂਸ ਦੇ ਸੰਯੁਕਤ ਰਾਸ਼ਟਰ ਵਿਚ ਡਿਪਟੀ ਰਾਜਦੂਤ ਦਮਿੱਤਰੀ ਪੋਲੀਅੰਸਕੀ ਨੇ ਇਸ ਦਾ ਵਿਰੋਧ ਕਰਦਿਆਂ ਕਿਹਾ ਕਿ ਬੇਰਬੌਕ ਇਸ ਅਹੁਦੇ ਲਈ ਅਯੋਗ ਹੈ ਤੇ ਉਸ ਨੂੰ ਕੂਟਨੀਤੀ ਦੇ ਬੁਨਿਆਦੀ ਸਿਧਾਂਤਾਂ ਦੀ ਸਮਝ ਨਹੀਂ ਹੈ। ਇਸ ਤੋਂ ਬਾਅਦ ਰੂਸ ਨੇ ਇਨ੍ਹਾਂ ਚੋਣਾਂ ਲਈ ਗੁਪਤ ਮਤਦਾਨ ਦੀ ਮੰਗ ਕੀਤੀ ਜਿਸ ਨੂੰ ਖਾਰਜ ਕਰ ਦਿੱਤਾ ਗਿਆ।



## ਪਾਕਿ ਜੇ ਅੱਤਵਾਦ ਖ਼ਿਲਾਫ਼ ਠੋਸ ਕਾਰਵਾਈ ਕਰੇ ਤਾਂ ਭਾਰਤ ਗੱਲਬਾਤ ਕਰ ਸਕਦੈ: ਥਰੂਰ



**ਬ੍ਰਾਜ਼ੀਲੀਆ–** ਕਾਂਗਰਸ ਸੰਸਦ ਮੈਂਬਰ ਸ਼ਸ਼ੀ ਥਰੂਰ ਨੇ ਮੰਗਲਵਾਰ ਨੂੰ ਕਿਹਾ ਕਿ ਪਾਕਿਸਤਾਨ ਨਾਲ ਗੱਲਬਾਤ ਕਰਨ ਵਿੱਚ ਭਾਸ਼ਾ ਦੀ ਸਮੱਸਿਆ ਨਹੀਂ ਹੈ, ਮਾਮਲਾ ਸ਼ਰਾਫ਼ਤ ਅਤੇ ਸ਼ਾਂਤੀ ਲਈ ਸਾਂਝਾ ਨਜ਼ਰੀਆ ਤਲਾਸ਼ਣ ਦਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਨਵੀਂ ਦਿੱਲੀ ਵੱਲੋਂ ਇਸਲਾਮਾਬਾਦ ਨਾਲ ਗੱਲਬਾਤ ਕੀਤੀ ਜਾ ਸਕਦੀ ਹੈ, ਪਰ ਉਸ ਸੂਰਤ ਵਿਚ ਜੇ ਪਾਕਿਸਤਾਨ ਆਪਣੀ ਸਰਜ਼ਮੀਨ ਉਤੇ ਹਰ ਜਗ੍ਹਾ ਦਿਖਾਈ ਦੇਣ ਵਾਲੇ ਅੱਤਵਾਦ ਦੇ ਬੁਨਿਆਦੀ ਢਾਂਚੇ ਵਿਰੁੱਧ ਠੋਸ ਕਾਰਵਾਈ ਕਰਦਾ ਹੈ। ਬ੍ਰਾਜ਼ੀਲ ਵਿੱਚ ਇੱਕ ਸਰਬ-ਪਾਰਟੀ ਸੰਸਦੀ ਵਫ਼ਦ ਦੀ ਅਗਵਾਈ ਕਰ ਰਹੇ ਥਰੂਰ ਨੇ ਇਹ ਵੀ ਕਿਹਾ ਕਿ ਉਨ੍ਹਾਂ ਦੀ ਟੀਮ ਨੇ ਲਾਤੀਨੀ ਅਮਰੀਕੀ ਮੁਲਕਾਂ ਨੂੰ ਅੱਤਵਾਦ ਵਿਰੁੱਧ ਭਾਰਤ ਦਾ ਸੁਨੇਹਾ ਸਫਲਤਾਪੂਰਵਕ ਪਹੁੰਚਾਇਆ ਹੈ, ਜਿਨ੍ਹਾਂ ਵਿੱਚ ਉਹ ਲੋਕ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਕੁਝ ਗਲਤਫਹਿਮੀਆਂ ਹੋ ਸਕਦੀਆਂ ਹਨ। ਥਰੂਰ ਨੇ ਪੀ ਟੀ ਆਈ ਵੀਡੀ ਜ਼ ਨੂੰ ਦੱਸਿਆ, "ਇਹੀ ਗੱਲ ਅਸੀਂ ਆਪਣੇ ਵਾਰਤਾਕਾਰਾਂ ਨੂੰ ਦੱਸਦੇ ਰਹਿੰਦੇ ਹਾਂ। ਜੇ ਪਾਕਿਸਤਾਨ ਉਂਨਾ ਹੀ ਨਿਰਦੋਸ਼ ਹੈ ਜਿੰਨਾ ਉਹ ਦਾਅਵਾ ਕਰਦਾ ਹੈ, ਤਾਂ ਉਹ ਲੋੜੀਂਦੇ ਅੱਤਵਾਦੀਆਂ ਨੂੰ ਸੁਰੱਖਿਅਤ ਪਨਾਹ ਕਿਉਂ ਦਿੰਦੇ ਹਨ?... ਉਹ ਅਰਾਮ ਨਾਲ ਬਹਿ ਕੇ ਸਿਖਲਾਈ ਕੈਂਪ ਚਲਾ ਸਕਦੇ ਹਨ... ਅਤੇ ਹੋਰ ਲੋਕਾਂ ਨੂੰ ਕਿਵੇਂ ਕੱਟੜਪੰਥੀ ਬਣਾ ਸਕਦੇ ਹਨ, ਹਥਿਆਰਾਂ ਨਾਲ ਲੈਸ ਕਰ ਸਕਦੇ ਹਨ ਅਤੇ ਲੋਕਾਂ ਨੂੰ ਆਪਣੇ ਹਥਿਆਰਾਂ ਅਤੇ ਕਲਾਸ਼ਨੀਕੋਵ (ਏਕੇ ਰਾਈਫਲਾਂ) ਦਾ ਇਸਤੇਮਾਲ ਕਰਨ ਦੀ ਖੁੱਲ੍ਹ ਦੇ ਸਕਦੇ ਹਨ।







# ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਵੱਲੋਂ ਮਾਸਟਰ ਕ੍ਰਿਪਾਲ ਸਿੰਘ ਡੱਲੀ ਨੂੰ ਸਨਮਾਨਿਤ ਕੀਤਾ ਗਿਆ

ਸ੍ਰੀ ਗੁਰੂ ਰਵਿਦਾਸ ਮਿਸ਼ਨ ਅਤੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਦੀ ਫਲਸਫੇ ਦੇ ਪ੍ਰਚਾਰ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਪਿੰਡ ਡੱਲੀ ਭੋਗਪੁਰ ਦੇ ਜੰਮਪਲ ਮਾਸਟਰ ਕ੍ਰਿਪਾਲ ਸਿੰਘ ਨੂੰ ਸੰਸਥਾ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੀ ਆਰਤੀ ਅਤੇ ਲੋਈ ਦੇ ਕੇ ਸਨਮਾਨਿਤ ਕੀਤਾ ਗਿਆ। ਉਹ ਇਸ ਸਮੇਂ ਨਿਊਯਾਰਕ ਵਿਖੇ ਸ੍ਰੀ ਗੁਰੂ ਰਵਿਦਾਸ ਸਭਾ ਗੁਰਦੁਆਰਾ ਸਾਹਿਬ ਦੇ ਖਜ਼ਾਨਚੀ ਦੀ ਸੇਵਾ ਨਿਭਾਅ ਰਹੇ ਹਨ।





ਮਾਸਟਰ ਕ੍ਰਿਪਾਲ ਸਿੰਘ ਡੱਲੀ ਆਪਣੇ ਸਮਾਜ ਦੀ ਭਲਾਈ ਲਈ ਹਮੇਸ਼ਾ ਹੀ ਯਤਨਸ਼ੀਲ ਰਹਿੰਦੇ ਹਨ। ਜਦੋਂ ਵੀ ਪੰਜਾਬ ਆਉਂਦੇ ਹਨ ਤਾਂ ਉਹ ਨੌਜਵਾਨਾਂ ਨੂੰ ਸਮਾਜ ਲਈ ਕੰਮ ਕਰਨ ਵਾਸਤੇ ਜਾਗਰੂਕ ਕਰਦੇ ਹਨ। ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਡੱਲੀ ਦੀ ਉਸਾਰੀ ਅਤੇ ਉੱਥੇ ਆਯੋਜਨ ਕੀਤੇ ਜਾਂਦੇ ਸਮਾਗਮਾਂ ਵਿੱਚ ਵੀ ਉਨਾਂ ਦਾ ਵਡਮੁੱਲਾ ਯੋਗਦਾਨ ਹੁੰਦਾ ਹੈ। ਇਸ ਮੌਕੇ ਆਪਣੇ ਸੰਬੋਧਨ ਵਿੱਚ ਉਨ੍ਹਾਂ ਨੇ ਡਾ. ਅੰਬੇਡਕਰ ਜੀ ਦੇ ਫਲਸਫੇ ਕਿ "ਜਾ ਆਪਣੇ ਘਰ ਦੀਆਂ ਦੀਵਾਰਾਂ ਤੇ ਜਾ ਕੇ ਲਿਖ ਲ ਕਿ ਤੁਸੀਂ ਇਸ ਦੇਸ਼ ਦੀ ਹੁਕਮਰਾਨ ਬਣਨਾ ਹੈ" ਉਤੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਸਨਮਾਨ ਸਮਾਰੋਹ ਵਿੱਚ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) ਦੇ ਪ੍ਰਧਾਨ ਮਨਜੀਤ ਸਿੰਘ ਚੁਖਿਆਰਾ, ਸੂਬੇਦਾਰ ਹੰਸਰਾਜ ਅਤੇ ਸਾਰੇ ਸੀਨੀਅਰ ਮੈਂਬਰਾਂ ਨੇ ਹਾਜ਼ਰੀ ਭਰੀ।

ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹੈਪੀ ਡੱਲੀ, ਸ੍ਰੀ ਗੁਰੂ ਰਵਿਦਾਸ ਨਗਰ ਕੀਰਤਨ ਸਭਾ ਬਲਾਕ ਭੋਗਪੁਰ ਦੇ ਸੀਨੀਅਰ ਮੈਂਬਰ, ਮਾਨਵ ਚੇਤਨਾ ਸੰਤ ਸੰਮੇਲਨ ਦੇ ਪ੍ਰਧਾਨ ਸੁਰਿੰਦਰ ਪਾਲ, ਡਾ। ਅੰਬੇਡਕਰ ਚੇਤਨਾ ਸੋਸਾਇਟੀ ਭੋਗਪੁਰ ਦੇ ਜਨਰਲ ਸਕੱਤਰ ਸੂਰਤੀ ਲਾਲ ਅਤੇ ਵਿਜੇ ਕੁਮਾਰ, ਡਾ. ਅੰਬੇਡਕਰ ਵੈਲਫੇਅਰ ਸੋਸਾਇਟੀ ਖਰਲ ਕਲਾਂ ਦੇ ਪ੍ਰਧਾਨ ਅਮਰਜੀਤ ਖਰਲ, ਨਗਰ ਕੌਂਸਲ ਭੋਗਪੁਰ ਦੀ ਮੀਤ ਪ੍ਰਧਾਨ ਰਕੇਸ਼ ਬੱਗਾ, ਪ੍ਰਿੰਸੀਪਲ ਸੋਮਪਾਲ, ਮੋਹਨ ਲਾਲ, ਦੇਸ ਰਾਜ, ਹਰਜਿੰਦਰ ਪਾਲ, ਅਮਰੀਕ ਲਾਲ, ਰਣਜੀਤ ਸਿੰਘ, ਨਰਿੰਦਰ ਸਿੰਘ, ਵਿਜੇ ਕੁਮਾਰ, ਮਲੂਕ ਚੰਦ, ਜਸਪਾਲ ਸਿੰਘ, ਦੀਦਾਰ ਸਿੰਘ, ਨਵੀਨ ਪਾਲ, ਕ੍ਰਿਸ਼ਵ ਪਾਲ ਅਤੇ ਹੋਰ ਮੈਂਬਰ ਹਾਜ਼ਰ ਸਨ। ਇਤਫਾਕ ਨਾਲ ਇਸੇ ਦਿਨ ਹੀ ਮਾਸਟਰ ਕ੍ਰਿਪਾਲ ਸਿੰਘ ਜੀ ਦਾ ਜਨਮ ਦਿਨ ਸੀ ਜੋ ਧਰਮਸ਼ਾਲਾ ਕਮੇਟੀ ਵੱਲੋਂ ਕੇਕ ਕੱਟ ਕੇ ਮਨਾਇਆ ਗਿਆ ਅਤੇ ਆਏ ਹੋਏ ਮੈਂਬਰਾਂ ਨੂੰ ਚਾਹ ਦਾ ਲੰਗਰ ਵੀ ਛਕਾਇਆ।

**ਰਿਪੋਰਟ- ਚਰਨਜੀਤ ਸਿੰਘ ਬਿਨਪਾਲਕੇ**

# ਨਿਊਜ਼ੀਲੈਂਡ ਪੁਲਿਸ ਭਰਤੀ ਹੋਈ ਰਮਨਦੀਪ ਕੌਰ-ਪਿੰਡ ਪੰਡੋਰੀ ਖਾਸ ਵਾਲੇ ਕਰਨਗੇ ਮਾਣ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**-ਹਰੇਕ ਵਿਅਕਤੀ ਦਾ ਜ਼ਿੰਦਗੀ ਦੇ ਵਿਚ ਜਿੱਥੇ ਆਪਣਾ ਸੁਪਨਾ ਪੂਰਾ ਕਰਨ ਦਾ ਜ਼ਜਬਾ ਹੁੰਦਾ ਹੈ, ਉਥੇ ਮਾਤਾ-ਪਿਤਾ ਦੇ ਤੁਹਾਡੇ ਪ੍ਰਤੀ ਸੰਜੋਏ ਸੁਪਨੇ ਵੀ ਜੇਕਰ ਤੁਸੀਂ ਪੂਰੇ ਕਰ ਜਾ ਤਾਂ ਦੁੱਗਣੀ ਖੁਸ਼ੀ ਹਾਸਿਲ ਕਰਨ ਦੇ ਬਰਾਬਰ ਹੁੰਦਾ ਹੈ। ਅਜਿਹਾ ਹੀ ਕੀਤਾ ਹੈ ਪਿੰਡ ਪੰਡੋਰੀ ਖਾਸ (ਨਕੋਦਰ) ਤੋਂ 2014 ਦੇ ਵਿਚ ਇਥੇ ਆਈ ਰਮਨਦੀਪ ਕੌਰ ਨੇ। ਸਿਟੀ ਗਰੁੱਪ ਆਫ ਇੰਸਟੀਚਿਊਟ ਜਲੰਧਰ ਤੋਂ ਬਾਇ ਟੈਕਨਾਲੋਜੀ ਦੀ ਡਿਗਰੀ ਪੂਰੀ ਕਰਕੇ ਉਹ ਇਕ ਵਿਦਿਆਰਥਣ ਵਜੋਂ ਇਥੇ 'ਬਿਜ਼ਨਸ ਇਨ ਹੈਲਥ ਕੇਅਰ' ਦੀ ਪੜ੍ਹਾਈ ਕਰਨ ਪਹੁੰਚੀ। ਪੜ੍ਹਾਈ ਪੂਰੀ ਕਰਨ ਬਾਅਦ ਉਸਨੇ ਆਪਣੇ ਹੈਲਥ ਕੇਅਰ ਖੇਤਰ ਦੇ ਵਿਚ ਨੌਕਰੀ ਕੀਤੀ। ਸਮਾਂ ਲੰਘਿਆ ਫਿਰ ਉਹ ਜ਼ੇਲ੍ਹ ਵਿਭਾਗ ਦੇ ਵਿਚ 2017 'ਚ 'ਕੁਰੈਕਸ਼ਨ ਆਫੀਸਰ'(ਸੁਧਾਰ ਅਧਿਕਾਰੀ) ਵਜੋਂ ਨੌਕਰੀ ਕਰਨ ਲੱਗੀ ਅਤੇ ਆਪਣੀ ਮਿਹਨਤ ਨਾਲ ਸੀਨੀਅਰ ਕੁਰੈਕਸ਼ਨ ਅਫਸਰ ਦੇ ਅਹੁਦੇ ਤੱਕ ਪਹੁੰਚ ਗਈ। ਇਸ ਨੌਕਰੀ ਦੌਰਾਨ ਉਸਨੇ ਜਦੋਂ ਅਪਰਾਧੀਆਂ ਦੇ ਅਪਰਾਧ ਦੇ ਕਾਰਨਾਂ ਬਾਰੇ ਸਮਝਿਆ ਅਤੇ ਉਨ੍ਹਾਂ ਦੀ ਮਾਨਸਿਕਤਾ ਵੇਖੀ। ਆਤਮ ਚਿੰਤਨ ਕਰਦਿਆਂ ਉਸਨੇ ਸੋਚਿਆ ਕਿ ਬੇਸ਼ਰਤੇ ਕਿ ਉਹ ਅਪਰਾਧੀਆਂ ਦੇ ਲਈ ਜ਼ੇਲ੍ਹ ਦੇ ਵਿਚ ਸੁਧਾਰ ਦਾ ਕੰਮ ਕਰੇ, ਕਿਉਂਨਾ ਪੁਲਿਸ ਦੇ ਵਿਚ ਭਰਤੀ ਹੋ ਕਿ ਕਮਿਊਨਿਟੀ ਦੇ ਵਿਚ ਰਹਿ ਕੇ ਅਪਰਾਧੀ ਬਿਰਤੀ ਨੂੰ ਘੱਟ ਕੀਤਾ ਜਾਵੇ ਅਤੇ ਅਜਿਹੇ ਲੋਕਾਂ ਨੂੰ ਚੰਗੇ ਸ਼ਹਿਰੀ ਬਣਾਇਆ ਜਾਵੇ। ਸੋ ਇਹ ਜ਼ਜਬਾ ਇਸ ਕੁੜੀ ਨੂੰ ਪੁਲਿਸ



ਭਰਤੀ ਤੱਕ ਲੈ ਗਿਆ। 2023 ਦੇ ਵਿਚ ਜ਼ੇਲ੍ਹ ਵਿਭਾਗ ਦੀ ਨੌਕਰੀ ਛੱਡਣ ਬਾਅਦ ਉਹ ਪੁਲਿਸ ਵਿਚ ਭਰਤੀ ਹੋਣ ਦੀ ਤਿਆਰੀ ਕਰਨ ਲੱਗੀ। ਸ਼ਰਤਾਂ ਪੂਰੀਆਂ ਕਰਨ ਉਪਰੰਤ 7 ਮਹੀਨੇ ਦੀ ਵਲਿੰਗਟਨ ਵਿਖੇ ਪੁਲਿਸ ਟ੍ਰੇਨਿੰਗ ਕਾਲਜ ਤੋਂ ਸਿਖਿਆ ਲੈ ਕੇ ਉਸਨੇ ਬੀਤੀ 22 ਮਈ ਨੂੰ ਪਾਸਿੰਗ ਪ੍ਰੇਡ ਪੂਰੀ ਕੀਤੀ ਅਤੇ ਆਖਿਰ ਨਿਊਜ਼ੀਲੈਂਡ ਦੀ ਪੁਲਿਸ ਅਫਸਰ ਬਣ ਗਈ। ਹੁਣ ਉਨ੍ਹਾਂ ਦੀ ਨੌਕਰੀ ਅੱਜ ਰਮਿਸਟਨ ਪੁਲਿਸ ਸਟੇਸ਼ਨ ਵਿਖੇ ਸ਼ੁਰੂ ਹੋ ਗਈ ਹੈ ਅਤੇ ਨੀਲੀ ਵਰਦੀ ਧਾਰ ਇਹ ਪੁਲਿਸ ਅਫਸਰ ਤੁਹਾਨੂੰ ਵੇਖਣ ਨੂੰ ਮਿਲੇਗੀ।

ਇਸ ਕੁੜੀ ਨੇ ਦੱਸਿਆ ਕਿ ਉਸਦਾ ਵਿਚਾਰ ਸੀ ਕਿ ਆਮ ਗ੍ਰਹਿਣੀਆਂ ਦੇ ਵਾਂਗ 8 ਤੋਂ 5 ਨੌਕਰੀ ਕਰਨ ਦੀ ਬਜਾਏ ਇਹ ਅਜਿਹਾ ਕੰਮ ਵੀ ਕਰ ਸਕਣ ਦੇ ਯੋਗ ਹੋਵੇ ਜੋ ਮਹਿਲਾਵਾਂ ਦੇ ਲਈ ਆਦਰਸ਼ਿਕ ਹੋਵੇ ਅਤੇ ਕਿਤੇ ਵੀ ਕੰਮ ਕਰ ਸਕਣ। ਉਸਦੇ ਪਿਤਾ ਜੀ ਨੇ ਵੀ ਆਮ ਪਰਿਵਾਰਾਂ ਵਾਂਗ ਇਸ ਕੁੜੀ ਨੂੰ ਵਿਆਹ ਕਰਾਉਣ ਲਈ ਕਹਿਣ ਦੀ ਬਜਾਏ ਅੰਬਰੀ ਉਡਾਰੀ ਮਾਰਨ ਦੀ ਇਜਾਜ਼ਤ ਦਿੱਤੀ ਸੀ ਅਤੇ ਹੁਣ ਰਮਨਦੀਪ ਕੌਰ ਨੇ ਪੁਲਿਸ ਦੇ ਵਿਚ ਭਰਤੀ ਹੋ ਕੇ ਆਪਣੀ ਪ੍ਰਵਾਜ਼ ਨੂੰ ਖੰਬ ਲਾ ਦਿੱਤੇ ਹਨ।

ਰਮਨਦੀਪ ਕੌਰ ਨੇ ਇਸ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਨਿਊਜ਼ੀਲੈਂਡ ਵਸਦੇ ਭਾਈਚਾਰੇ ਦੀ ਸੇਵਾ ਕਰਨ 'ਤੇ ਮੇਰੇ ਪਿਤਾ ਸਤਿਕਾਰਯੋਗ ਸ. ਦਵਿੰਦਰ ਸਿੰਘ ਅਤੇ ਮਾਤਾ ਸ੍ਰੀਮਤੀ ਗੁਰਵਿੰਦਰ ਕੌਰ ਨੂੰ ਮੇਰੇ ਉਤੇ ਜ਼ਰੂਰ ਮਣਾਮੂੰਹੀ ਮਾਣ ਹੋਵੇਗਾ।




“ਦੇਸ਼ ਦੁਆਬਾ”
ਹਫਤਾਵਾਰੀ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ। ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ। ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com
(ਸੰਪਰਕ) 1-916-947-8920,
(ਫੈਕਸ) 1-916-238-1393

www.deshdoaba.com
www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਇੱਕ ਲੰਬੇ ਅਤੇ ਦਿਲਚਸਪ ਵਿਕਾਸ ਦਾ ਨਤੀਜਾ ਹੈ ਦੋ ਪਹੀਆਂ (ਬਾਇਸਾਈਕਲ) ਦੀ ਕਹਾਣੀ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਸਾਈਕਲ ਜਾਂ ਬਾਇਸਾਈਕਲ, ਜਿਸਨੂੰ ਅਸੀਂ ਅੱਜ ਜਾਣਦੇ ਹਾਂ, ਇੱਕ ਲੰਬੇ ਅਤੇ ਦਿਲਚਸਪ ਵਿਕਾਸ ਦਾ ਨਤੀਜਾ ਹੈ। ਦੋ ਸਦੀਆਂ ਤੋਂ ਵੱਧ ਸਮੇਂ ਤੋਂ, ਇਸ ਸਾਧਨ ਨੇ ਮਨੁੱਖੀ ਆਵਾਜਾਈ ਵਿੱਚ ਕ੍ਰਾਂਤੀ ਲਿਆ ਦਿੱਤੀ ਹੈ, ਸਿਹਤ, ਵਾਤਾਵਰਣ ਅਤੇ ਆਜ਼ਾਦੀ ਦਾ ਪ੍ਰਤੀਕ ਬਣ ਗਿਆ ਹੈ। ਆਓ, ਇਸਦੇ ਇਤਿਹਾਸ ਦੀਆਂ ਮੁੱਖ ਪੌੜੀਆਂ 'ਤੇ ਇੱਕ ਨਜ਼ਰ ਮਾਰੀਏ।

ਡਰੈਸਿਅਨ (Driaisne) ਜਾਂ ਲਾਫਮਾਸ਼ੀਨ (Laufmascihne) – 1817: ਸਾਈਕਲ ਦਾ ਸਭ ਤੋਂ ਪਹਿਲਾ ਜਾਣਿਆ-ਪਛਾਣਿਆ ਆਕਾਰ ਜਰਮਨ ਖੋਜੀ ਕਾਰਲ ਵਾਨ ਡਰੈਸ ਦੁਆਰਾ ਬਣਾਇਆ ਗਿਆ ਸੀ। ਇਸਨੂੰ ਡਰੈਸਿਅਨ ਜਾਂ ਲਾਫਮਸ਼ੀਨ (ਦੌੜਨ ਵਾਲੀ ਮਸ਼ੀਨ) ਕਿਹਾ ਜਾਂਦਾ ਸੀ। ਇਸ ਵਿੱਚ ਪੈਡਲ ਨਹੀਂ ਸਨ। ਚਾਲਕ ਨੂੰ ਆਪਣੇ ਪੈਰਾਂ ਨਾਲ ਜ਼ਮੀਨ 'ਤੇ ਧੱਕਾ ਦੇ ਕੇ ਇਸਨੂੰ ਚਲਾਉਣਾ ਪੈਂਦਾ ਸੀ। ਇਹ ਮੁੱਖ ਤੌਰ 'ਤੇ ਲੱਕੜ ਦਾ ਬਣਿਆ ਹੁੰਦਾ ਸੀ ਅਤੇ ਇਸਦਾ ਮੁੱਖ ਉਦੇਸ਼ ਘੋੜਿਆਂ ਦੀ ਥਾਂ ਲੈਣਾ ਸੀ। 12 ਜੂਨ 1817 ਨੂੰ, ਇੱਕ ਜਰਮਨ ਖੋਜੀ ਨੇ ਆਪਣੇ 'ਡੈਂਡੀ ਘੋੜੇ' 'ਤੇ ਮੈਨਹਾਈਮ ਦੇ ਦੁਆਲੇ ਚੱਕਰ ਲਗਾਇਆ ਸੀ।

ਵੈਲੋਸੀਪੀਡ (Veloicpede) ਜਾਂ ਬੋਨ-ਸ਼ੇਕਰ (Bone-Shaker) – 1860 ਦਾ ਦਹਾਕਾ:-1860 ਦੇ ਦਹਾਕੇ ਵਿੱਚ, ਫਰਾਂਸੀਸੀ ਖੋਜੀਆਂ, ਜਿਨ੍ਹਾਂ ਵਿੱਚ ਪੀਅਰੇ ਮਿਸ਼ੌਕਸ ਅਤੇ ਪੀਅਰੇ ਲਾਲਮੈਂਟ ਸ਼ਾਮਿਲ ਸਨ, ਨੇ ਅਗਲੇ ਪਹੀਏ 'ਤੇ ਪੈਡਲ ਜੋੜ ਕੇ ਡਰੈਸਿਅਨ ਵਿੱਚ ਸੁਧਾਰ ਕੀਤਾ। ਇਸਨੂੰ ਵੈਲੋਸੀਪੀਡ ਕਿਹਾ ਗਿਆ। ਇਸਦੇ ਲੋਹੇ ਦੇ ਫਰੇਮ ਅਤੇ ਲੱਕੜ ਦੇ ਪਹੀਏ, ਜਿਨ੍ਹਾਂ 'ਤੇ ਰਬੜ ਦੀ ਟਾਇਰਿੰਗ ਨਹੀਂ ਹੁੰਦੀ ਸੀ, ਕਾਰਨ ਇਹ ਬਹੁਤ ਝਟਕੇ ਦਿੰਦਾ ਸੀ, ਇਸ ਲਈ ਇਸਨੂੰ ਬੋਨ-ਸ਼ੇਕਰ (ਹੱਡੀਆਂ ਹਿਲਾਉ) ਵੀ ਕਿਹਾ ਜਾਂਦਾ ਸੀ।

ਹਾਈ-ਵ੍ਹੀਲ (High-Wheel) ਜਾਂ ਪੈਨੀ-ਫਾਰਥਿੰਗ (Penny-Fartihng) – 1870 ਦਾ ਦਹਾਕਾ-1870 ਦੇ ਦਹਾਕੇ ਵਿੱਚ, ਪੈਨੀ-ਫਾਰਥਿੰਗ ਜਾਂ ਹਾਈ-ਵ੍ਹੀਲ ਸਾਈਕਲ ਪ੍ਰਸਿੱਧ ਹੋਇਆ। ਇਸਦਾ ਇੱਕ ਬਹੁਤ ਵੱਡਾ ਅਗਲਾ ਪਹੀਆ ਅਤੇ ਇੱਕ ਛੋਟਾ ਪਿਛਲਾ ਪਹੀਆ ਹੁੰਦਾ ਸੀ। ਵੱਡਾ ਪਹੀਆ ਇਸਨੂੰ ਤੇਜ਼ੀ ਨਾਲ ਚਲਾਉਣ ਦੀ ਇਜਾਜ਼ਤ ਦਿੰਦਾ ਸੀ, ਪਰ ਇਹ ਅਸਥਿਰ ਅਤੇ ਖਤਰਨਾਕ ਵੀ ਸੀ, ਖਾਸ ਕਰਕੇ ਬ੍ਰੇਕ ਲਗਾਉਣ ਜਾਂ ਉਤਰਨ ਵੇਲੇ।

ਸੁਰੱਖਿਆ ਸਾਈਕਲ (Safety Bicycle) – 1880 ਦੇ ਦਹਾਕੇ-ਸੰਨ 1880 ਦੇ ਦਹਾਕੇ ਵਿੱਚ, ਸੁਰੱਖਿਆ ਸਾਈਕਲ ਦੀ ਸ਼ੁਰੂਆਤ ਨੇ ਸਾਈਕਲ ਡਿਜ਼ਾਈਨ ਵਿੱਚ ਇੱਕ ਵੱਡੀ ਕ੍ਰਾਂਤੀ ਲਿਆ ਦਿੱਤੀ। ਇਸ ਵਿੱਚ ਦੋ ਬਰਾਬਰ ਆਕਾਰ ਦੇ ਪਹੀਏ, ਇੱਕ ਚੇਨ ਡਰਾਈਵ ਸਿਸਟਮ ਜੋ ਪਿਛਲੇ ਪਹੀਏ ਨੂੰ ਸ਼ਕਤੀ ਦਿੰਦਾ ਸੀ, ਅਤੇ ਇੱਕ ਵਧੇਰੇ ਸਥਿਰ ਫਰੇਮ ਸ਼ਾਮਲ ਸੀ। ਜੌਹਨ ਕੇਂਪ ਸਟਾਰਲੇ ਦਾ 1885 ਦਾ 'ਰੋਵਰ' ਸੁਰੱਖਿਆ ਸਾਈਕਲ ਇਸਦਾ ਇੱਕ ਪ੍ਰਮੁੱਖ ਉਦਾਹਰਣ ਸੀ। ਇਸ ਡਿਜ਼ਾਈਨ ਨੇ ਸਾਈਕਲ ਨੂੰ ਆਮ ਲੋਕਾਂ ਲਈ ਵਧੇਰੇ ਪਹੁੰਚਯੋਗ ਅਤੇ ਸੁਰੱਖਿਅਤ ਬਣਾਇਆ।




ਨਿਊਮੈਟਿਕ ਟਾਇਰ (Pneumaitc itres) – 1888-ਸੰਨ 1888 ਵਿੱਚ, ਜੌਹਨ ਬੌਇਡ ਡਨਲੌਪ ਨੇ ਨਿਊਮੈਟਿਕ (ਹਵਾ ਨਾਲ ਭਰੇ) ਟਾਇਰ ਦੀ ਕਾਢ ਕੱਢੀ। ਇਸ ਕਾਢ ਨੇ ਸਾਈਕਲ ਚਲਾਉਣ ਦੇ ਅਨੁਭਵ ਨੂੰ ਬਹੁਤ ਸੁਧਾਰਿਆ, ਇਸਨੂੰ ਵਧੇਰੇ ਆਰਾਮਦਾਇਕ ਬਣਾਇਆ ਅਤੇ ਝਟਕਿਆਂ ਨੂੰ ਘਟਾਇਆ। ਇਸ ਨਾਲ ਸਾਈਕਲ ਦੀ ਪ੍ਰਸਿੱਧੀ ਹੋਰ ਵਧ ਗਈ।

ਆਧੁਨਿਕ ਸਾਈਕਲ ਅਤੇ ਵਿਕਾਸ (Modern Bicycle and Evoluiton)- 20ਵੀਂ ਸਦੀ ਤੋਂ ਅੱਜ ਤੱਕ: 20ਵੀਂ ਸਦੀ ਵਿੱਚ, ਸਾਈਕਲ ਡਿਜ਼ਾਈਨ ਵਿੱਚ ਹੋਰ ਸੁਧਾਰ ਹੋਏ, ਜਿਵੇਂ ਕਿ ਗੀਅਰ ਸਿਸਟਮ (ਡੇਰੇਲੀਅਰ), ਬਿਹਤਰ ਬ੍ਰੇਕ, ਹਲਕੇ ਫਰੇਮ ਸਮੱਗਰੀ (ਐਲੂਮੀਨੀਅਮ, ਕਾਰਬਨ ਫਾਈਬਰ), ਅਤੇ ਵੱਖ-ਵੱਖ ਉਦੇਸ਼ਾਂ ਲਈ ਵਿਸ਼ੇਸ਼ ਸਾਈਕਲ (ਮਾਊਂਟੇਨ ਬਾਈਕ, ਰੋਡ ਬਾਈਕ, ਫੋਲਡਿੰਗ ਬਾਈਕ, ਇਲੈਕਟ੍ਰਿਕ ਬਾਈਕ)। ਸਾਈਕਲ ਨੇ ਆਵਾਜਾਈ, ਖੇਡਾਂ ਅਤੇ ਮਨੋਰੰਜਨ ਵਿੱਚ ਆਪਣੀ ਜਗ?ਾ ਪੱਕੀ ਕਰ ਲਈ ਹੈ।

ਸਾਈਕਲ ਦਾ ਇਤਿਹਾਸ ਮਨੁੱਖੀ ਨਵੀਨਤਾ ਅਤੇ ਸਾਦਗੀ ਦਾ ਇੱਕ ਪ੍ਰਮਾਣ ਹੈ। ਇਹ ਇੱਕ ਅਜਿਹਾ ਸਾਧਨ ਹੈ ਜੋ ਸਮੇਂ ਦੇ ਨਾਲ ਬਦਲਦਾ ਰਿਹਾ ਹੈ, ਪਰ ਇਸਦਾ ਮੂਲ ਉਦੇਸ਼- ਆਜ਼ਾਦੀ, ਪਹੁੰਚਯੋਗਤਾ ਅਤੇ ਸਥਿਰਤਾ ਪ੍ਰਦਾਨ ਕਰਨਾ- ਅੱਜ ਵੀ ਉਹੀ ਹੈ।

**ਸਿਹਤ ਲਈ ਲਾਭਦਾਇਕ:-** ਇਹ ਇੱਕ ਵਧੀਆ ਏਰੋਬਿਕ ਕਸਰਤ ਹੈ ਜੋ ਸਰੀਰ ਦੀਆਂ ਮਾਸਪੇਸ਼ੀਆਂ ਨੂੰ ਮਜ਼ਬੂਤ ਕਰਦੀ ਹੈ।

ਇਹ ਭਾਰ ਘਟਾਉਣ ਵਿੱਚ ਮਦਦ ਕਰਦਾ ਹੈ ਅਤੇ ਮੋਟਾਪੇ, ਸ਼ੂਗਰ ਵਰਗੀਆਂ ਬਿਮਾਰੀਆਂ ਦੇ ਖਤਰੇ ਨੂੰ ਘਟਾਉਂਦਾ ਹੈ। ਦਿਲ ਦੀ ਸਿਹਤ ਲਈ ਬਹੁਤ ਫਾਇਦੇਮੰਦ ਹੈ, ਖੂਨ ਸੰਚਾਰ ਨੂੰ ਸੁਧਾਰਦਾ ਹੈ। ਮਾਨਸਿਕ ਤਣਾਅ ਨੂੰ ਘਟਾਉਂਦਾ ਹੈ ਅਤੇ ਮੂਡ ਨੂੰ ਬਿਹਤਰ ਬਣਾਉਂਦਾ ਹੈ, ਜਿਸ ਨਾਲ ਚੰਗੀ ਨੀਂਦ ਆਉਂਦੀ ਹੈ। ਕੈਂਸਰ (ਖਾਸ ਕਰਕੇ ਛਾਤੀ ਅਤੇ ਅੰਤੜੀਆਂ ਦੇ ਕੈਂਸਰ) ਦੇ ਖਤਰੇ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ।

**ਵਾਤਾਵਰਣ ਲਈ ਲਾਭਦਾਇਕ:-** ਇਹ ਇੱਕ ਪ੍ਰਦੂਸ਼ਣ-ਰਹਿਤ ਆਵਾਜਾਈ ਦਾ ਸਾਧਨ ਹੈ, ਜੋ ਹਵਾ ਪ੍ਰਦੂਸ਼ਣ ਅਤੇ ਸ਼ੋਰ ਪ੍ਰਦੂਸ਼ਣ ਨੂੰ ਘਟਾਉਂਦਾ ਹੈ। ਕਾਰਬਨ ਫੁੱਟਪ੍ਰਿੰਟ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ, ਜਿਸ ਨਾਲ ਜਲਵਾਯੂ ਪਰਿਵਰਤਨ ਦਾ ਮੁਕਾਬਲਾ ਕਰਨ ਵਿੱਚ ਸਹਾਇਤਾ ਮਿਲਦੀ ਹੈ। ਦੁਨੀਆ ਭਰ ਵਿੱਚ ਹਰ ਸਾਲ 100 ਮਿਲੀਅਨ ਤੋਂ ਵੱਧ ਸਾਈਕਲ ਵੇਚੇ ਜਾਂਦੇ ਹਨ।

**ਸਾਈਕਲਿੰਗ ਦੀ ਮਹੱਤਤਾ ਵਿਦੇਸ਼ੀ ਦੇਸ਼ਾਂ ਵਿੱਚ**

ਕਈ ਦੇਸ਼ਾਂ ਵਿੱਚ ਸਾਈਕਲ ਸਿਰਫ਼ ਇੱਕ ਆਵਾਜਾਈ ਦਾ ਮਾਧਿਅਮ ਨਹੀਂ, ਬਲਕਿ ਸੰਸਕ੍ਰਤੀ ਅਤੇ ਜੀਵਨਸ਼ੈਲੀ ਦਾ ਹਿੱਸਾ ਹੈ। ਕੁਝ ਮੁਲਕ ਜਿੱਥੇ ਸਾਈਕਲਿੰਗ ਬਹੁਤ ਮਹੱਤਵਪੂਰਨ ਹੈ: ਹਾਲੈਂਡ (ਨੀਦਰਲੈਂਡ)- ਸਾਈਕਲਾਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਹੈ। ਇੱਥੇ ਲੋਕ ਕਾਰਾਂ ਤੋਂ ਵਧ ਸਾਈਕਲਾਂ ਚਲਾਉਂਦੇ ਹਨ। ਡੈਨਮਾਰਕ – ਕੋਪਨਹੇਗਨ ਵਿੱਚ ਸਾਈਕਲ ਦੀ ਗਿਣਤੀ ਕਾਰਾਂ ਤੋਂ ਵੀ ਵੱਧ ਹੈ! ਚੀਨ – ਚੀਨ ਦੁਨੀਆ ਵਿੱਚ ਸਭ ਤੋਂ ਵਧ ਸਾਈਕਲਾਂ ਰੱਖਣ ਵਾਲਾ ਦੇਸ਼ ਹੈ, ਲਗਭਗ 450-500 ਮਿਲੀਅਨ। ਜਰਮਨੀ – ਬਰਲਿਨ ਅਤੇ ਹੋਰ ਸ਼ਹਿਰਾਂ ਵਿੱਚ ਸਾਈਕਲ-ਪਥ ਬਣਾਏ ਗਏ ਹਨ। ਕੋਲੰਬੀਆ – ਬੋਗੋਟਾ ਵਿੱਚ ਸਾਈਕਲ ਦਿਨ ਰੱਖਿਆ ਜਾਂਦਾ ਹੈ, ਅਤੇ ਬਹੁਤ ਸਾਰੇ ਲੋਕ ਦੈਨਿਕ ਆਵਾਜਾਈ ਲਈ ਸਾਈਕਲ ਵਰਤਦੇ ਹਨ। ਵਿਕਸਤ ਦੇਸ਼ਾਂ ਦੇ ਵਿਚ ਸੜਕਾਂ ਦੇ ਉਤੇ ਸਾਈਕਲ ਲੇਨ ਵੀ ਬਣਾਈ ਜਾਂਦੀ ਹੈ ਤਾਂ ਕਿ ਸਾਈਕਲ ਚਾਲਕ ਸੁਰੱਖਿਅਤ ਆਪਣਾ ਸਫਰ ਤੈਅ ਕਰ ਸਕਣ।

# ਡਾ. ਅੰਬੇਡਕਰ ਮਿਸ਼ਨ ਸੁਸਾਇਟੀ ਵੱਲੋਂ ਬਾਬਾ ਸਾਹਿਬ ਭੀਮ ਰਾ ਦਾ 134ਵਾਂ ਜਨਮ ਦਿਵਸ ਮਨਾਇਆ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**-ਡਾ. ਅੰਬੇਡਕਰ ਮਿਸ਼ਨ ਸੁਸਾਇਟੀ ਨਿਊਜ਼ੀਲੈਂਡ ਵੱਲੋਂ ਅੱਜ ਭਾਰਤ ਰਤਨ (ਭਾਰਤ ਦਾ ਸਭ ਤੋਂ ਉੱਚਾ ਨਾਗਰਿਕ ਸਨਮਾਨ) ਬਾਬਾ ਸਾਹਿਬ ਡਾ. ਭੀਮ ਰਾ ਅੰਬੇਡਕਰ ਜੀ ਦਾ 134ਵਾਂ ਜਨਮ ਦਿਵਸ 'ਫ੍ਰੈਂਕਲਿਨ ਦਾ ਸੈਂਟਰ' ਪੁੱਕੀਕੋਹੀ ਵਿਖੇ ਦੁਪਹਿਰ 1 ਵਜੇ ਤੋਂ 6 ਵਜੇ ਤੱਕ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਜਨਰਲ ਸਕੱਤਰ ਸ੍ਰੀ ਰੇਸ਼ਮ ਕਰੀਮਪੁਰੀ ਹੋਰਾਂ ਨੇ ਆਏ ਮਹਿਮਾਨਾਂ ਅਤੇ ਦਰਸ਼ਕਾਂ ਨੂੰ ਜੀ ਆਇਆਂ ਆਖ ਕੇ ਕੀਤੀ। ਇਸ ਮੌਕੇ ਪੁੱਜੇ ਸੰਤ ਦੇਸ ਰਾਜ ਡੇਰਾ ਬਾਬਾ ਗੋਬਿੰਦ ਦਾਸ ਫਗਵਾੜਾ ਵਾਲਿਆਂ ਨੇ ਸ਼ਮਾਂ ਰੌਸ਼ਨ ਕਰਕੇ ਰਸਮੀ ਤੌਰ ਉਤੇ ਸਮਾਗਮ ਆਰੰਭ ਕਰਵਾਇਆ। ਰਾਕੇਸ਼ ਚੰਦਰ ਹੋਰਾਂ ਨੇ ਚਰਨ ਵੰਦਨਾ ਕੀਤੀ। ਸਵਾਗਤੀ ਭਾਸ਼ਣ ਦੇ ਵਿਚ ਸੁਸਾਇਟੀ ਦੇ ਪ੍ਰਧਾਨ ਸ੍ਰੀ ਮਹਿੰਦਰ ਪਾਲ ਹੋਰਾਂ ਨੇ ਬਾਬਾ ਸਾਹਿਬ ਅੰਬੇਡਕਰ ਜੀ ਦੀਆਂ ਸਿਖਿਆਵਾਂ ਉਤੇ ਸੰਖੇਪ ਚਾਨਣਾ ਪਾਇਆ ਅਤੇ ਅੰਬੇਡਕਰ ਸਾਹਿਬ ਦੇ ਸੁਪਨਿਆਂ ਨੂੰ ਪੂਰਾ ਕਰਨ ਦੇ ਲਈ ਪ੍ਰਣ ਕੀਤਾ। ਆਏ ਦਰਸ਼ਕਾਂ ਦਾ ਧੰਨਵਾਦ ਕੀਤਾ ਗਿਆ। ਬੁਲਾਰਿਆਂ ਵਿਚ ਸ੍ਰੀ ਨਰਿੰਦਰ ਸਹੋਤਾ, ਭਲਮਣ ਸਿੰਘ, ਸਤਿੰਦਰ ਪੱਪੀ, ਹਰਜਿੰਦਰ ਸਿੰਘ ਬਸਿਆਲਾ, ਹੰਸ ਰਾਜ, ਬਿੱਲਾ ਮੁੱਗੋਵਾਲੀਆ-ਹਨੀ ਦੀ ਗਾਇਕ ਜੋੜੀ ਅਤੇ ਹੋਰ ਕਈ ਬੁਲਾਰਿਆਂ ਨੇ ਦਰਸ਼ਕਾਂ ਨੂੰ ਸੰਬੋਧਨ ਕੀਤਾ। ਸੰਤ ਜਸਵਿੰਦਰ ਪਾਲ ਅਤੇ ਸ੍ਰੀ ਮਨਜੀਤ ਸੰਧੂ ਵੀ ਇਸ ਮੌਕੇ ਹੇਸਟਿੰਗਜ਼ ਤੋਂ ਪੁੱਜੇ। ਇਸ ਮੌਕੇ ਬਾਬਾ ਸਾਹਿਬ ਭੀਮ ਰਾ ਹੋਰਾਂ ਦੇ ਜੀਵਨ ਸਫਰ ਦੀਆਂ ਸਿਖਿਆਵਾਂ ਉਤੇ ਚਾਨਣਾ ਪਾਉਂਦਾ ਇਕ ਪਰਚਾ ਵੀ ਜਾਰੀ ਕੀਤਾ ਗਿਆ। ਕਿਤਾਬਾਂ ਦਾ ਸਟਾਲ ਵੀ ਇਸ ਮੌਕੇ ਖਿੱਚ ਦਾ ਕੇਂਦਰ ਰਿਹਾ।



ਇੰਡੀਆ ਤੋਂ ਵਿਸ਼ੇਸ਼ ਤੌਰ ਉਤੇ ਪੁੱਜੀ ਮਿਸ਼ਨਰੀ ਗਾਇਕਾ ਬੀਬਾ ਪ੍ਰੀਆ ਬੰਗਾ ਦੀ ਬੀਬੀਆਂ ਵੱਲੋਂ ਭਰਵੀਂ ਐਂਟਰੀ ਕਰਵਾਈ ਗਈ। ਗੁਰਬਾਣੀ ਦੀਆਂ ਕੁਝ ਸਤਰਾਂ ਨਾਲ ਉਨ੍ਹਾਂ ਆਪਣਾ ਪ੍ਰੋਗਰਾਮ ਸ਼ੁਰੂ ਕੀਤਾ ਜਿਸ ਦੇ ਵਿਚ ਕੀ ਬੋਰਡ ਉਤੇ ਦਿਨੇਸ਼ ਸਿੰਘ ਸਾਬੀ ਅਤੇ ਕੋਰਸ ਵਿਚ ਬਿੱਲਾ ਮੁੱਗੋਵਾਲੀਆ-ਹਨੀ ਨੇ ਸਾਥ ਦਿੱਤਾ। ਪ੍ਰੀਆ ਬੰਗਾ ਨੇ ਲਗਪਗ 3 ਘੰਟੇ ਤੱਕ ਇਹ ਰੰਗਾ-ਰੰਗ ਪ੍ਰੋਗਰਾਮ ਕਰਕੇ ਦਰਸ਼ਕਾਂ ਦਾ ਜਿੱਤ ਲਿਆ।

ਉਨ੍ਹਾਂ ਨੇ ਆਪਣੇ ਚਰਚਿਤ ਮਿਸ਼ਨਰੀ ਗੀਤਾਂ ਦੇ ਨਾਲ ਜਿੱਥੇ ਬਾਬਾ ਸਾਹਿਬ ਨੂੰ ਸਿਜਦਾ ਕੀਤਾ ਉਥੇ ਸੰਵਿਧਾਨ ਨਾਲ ਛੇੜ-ਛਾੜ ਕਰਦੀਆਂ ਸਰਕਾਰਾਂ ਉਤੇ ਵੀ ਗੀਤਾਂ ਦੇ ਵਿਚ ਟਕੋਰ ਕੀਤੀ। ਅਮਰਜੀਤ ਬੰਗੜ, ਕੁਲਵਿੰਦਰ ਝਮਟ, ਪਰਮਜੀਤ ਮਹਿਮੀ, ਜਸਵਿੰਦਰ ਸੰਧੂ, ਅਵਤਾਰ ਤਰਕਸ਼ੀਲ, ਮਲਕੀਅਤ ਸਹੋਤਾ, ਨਿਰਮਲਜੀਤ ਸਿੰਘ ਭੱਟੀ, ਹੰਸਰਾਜ ਕਟਾਰੀਆ,ਰਵਿੰਦਰ ਝਮਟ ਤੋਂ ਇਲਾਵਾ ਰੇਡੀ ਸਪਾਈਸ ਮੀਡੀਆ ਤੋਂ ਸ. ਨਵਤੇਜ ਰੰਧਾਵਾ, ਸ. ਪਰਮਿੰਦਰ ਸਿੰਘ, ਪੰਜਾਬੀ ਹੈਰਲਡ ਤੋਂ ਸ. ਹਰਜਿੰਦਰ ਸਿੰਘ ਬਸਿਆਲਾ ਪਹੁੰਚੇ ਸਨ। ਪ੍ਰਬੰਧਕਾਂ ਵੱਲੋਂ ਆਏ ਸਾਰੇ ਦਰਸ਼ਕਾਂ ਦਾ ਧੰਨਵਾਦ ਕੀਤਾ ਗਿਆ। ਚਾਹ-ਪਾਣੀ ਅਤੇ ਦੁਪਹਿਰ ਦੇ ਭੋਜਨ ਦਾ ਵਧੀਆ ਪ੍ਰਬੰਧ ਕੀਤਾ ਗਿਆ ਸੀ।

ੴ
ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

In Loving Memory of
PARMJIT KAUR
MARCH 15 1964-JUNE 1ST 2025
FUNERAL CEREMONY: JUNE 14TH 2025 8:30AM TO 10:30AM
LOCATION: CHAPEL OF CHIMES HAYWARD
ADDRESS: 32992 MISSION BLVD. HAYWARD, CA 94544
FREMONT GURDWARA SAHIB. 11:00AM- 1:00PM
300 GURDWARA RD, FREMONT, CA 94536
ਅਦਾਰਾ ਦੇਸ਼ ਦੁਆਬਾ ਇਸ ਦੁੱਖ ਦੀ ਘੜੀ
ਸ਼ੀਮਾਰ ਪਰਿਵਾਰ ਦੇ ਨਾਲ ਦੁੱਖ ਪ੍ਰਗਟ ਕਰਦਾ ਹੈ

# 29ਵਾਂ ਪੰਜਾਬੀ ਅਮਰੀਕਨ ਮੇਲਾ ਸ਼ਹੀਦ ਪੁਲਿਸ ਅਫਸਰ ਓਸਮਾਰ ਰੋਡਾਰਟੇ ਨੂੰ ਸਮਰਪਿਤ

**ਯੂਬਾ ਸਿਟੀ, ਕੈਲੀਫੋਰਨੀਆ–** ਪੰਜਾਬੀ ਅਮਰੀਕਨ ਹੈਰਿਟੇਜ ਸੋਸਾਇਟੀ ਵੱਲੋਂ ਆਯੋਜਿਤ ਪੰਜਾਬੀ ਅਮਰੀਕਨ ਮੇਲੇ ਵਿੱਚ ਪੁਲਿਸ ਅਫਸਰ ਸਮਾਰ ਰੋਡਾਰਟੇ ਦੇ ਪਰਿਵਾਰ ਨੂੰ ਭਾਵਪੂਰਵਕ ਸ਼ਰਧਾਂਜਲੀ ਦਿੱਤੀ ਗਈ, ਜੋ ਡਿਊਟੀ ਦੌਰਾਨ ਆਪਣੀ ਜਾਨ ਗੁਆ ਬੈਠੇ। ਅਫਸਰ ਰੋਡਾਰਟੇ, ਜੋ ਸੰਯੁਕਤ ਰਾਜ ਅਮਰੀਕਾ ਫੌਜ ਦੇ ਮਾਹਰ ਸਿਪਾਹੀ ਰਹੇ, ਨੂੰ ਉਨ੍ਹਾਂ ਦੀ ਸਮਰਪਿਤ ਸੇਵਾ ਅਤੇ ਨਿਭਾਉ ਲਈ ਯਾਦ ਕੀਤਾ ਗਿਆ। ਇੱਕ ਵਿਸ਼ੇਸ਼ ਸਮਾਗਮ ਦੌਰਾਨ, ਉਨ੍ਹਾਂ ਦੇ ਪਰਿਵਾਰ ਨੂੰ $2,500 ਦਾ ਚੈਕ ਸਹਾਇਤਾ ਵਜੋਂ ਦਿੱਤਾ ਗਿਆ। ਮੈਰੀਜ਼ਵਿਲ ਪੁਲਿਸ ਵਿਭਾਗ ਦੇ ਕਈ ਸਾਥੀਆਂ ਨੇ ਉਨ੍ਹਾਂ ਦੀ ਯਾਦ ਵਿੱਚ ਹਾਜ਼ਰੀ ਭਰੀ।

1995 ਵਿੱਚ ਸਥਾਪਿਤ, ਪੰਜਾਬੀ ਅਮਰੀਕਨ ਹੈਰਿਟੇਜ ਸੋਸਾਇਟੀ ਦੋਸਤਾਨਾ, ਸੱਭਿਆਚਾਰਕ ਸਮਝ ਅਤੇ ਬੱਚਿਆਂ ਨੂੰ ਆਪਣੀ ਜੜਾਂ ਨਾਲ ਜੋੜਨ ਲਈ ਸਮਰਪਿਤ ਹੈ। ਇਸ ਵਾਰ ਦੇ ਮੇਲੇ ਵਿੱਚ 200 ਤੋਂ ਵੱਧ ਸਥਾਨਕ ਬੱਚਿਆਂ ਨੇ ਭਾਗ ਲਿਆ ਅਤੇ ਲਗਭਗ 6,000 ਲੋਕਾਂ ਦੀ ਭਾਰੀ ਭੀੜ ਨੇ ਹਿੱਸਾ ਲਿਆ। ਮੇਲੇ ਵਿੱਚ ਪ੍ਰਸਿੱਧ ਕਲਾਕਾਰਾਂ ਜਿਵੇਂ ਕਿ ਜੀ। ਸਿੱਧੂ, ਇਸ਼ਮੀਤ ਨਰੂਲਾ ਅਤੇ ਹਰਜੀਤ ਹਰਮਨ ਨੇ ਆਪਣੇ ਪ੍ਰਦਰਸ਼ਨ ਰਾਹੀਂ ਪੰਜਾਬੀ ਅਮਰੀਕਨ ਕੌਮ ਦੀ ਰੰਗੀਨ ਵਿਰਾਸਤ ਨੂੰ ਉਜਾਗਰ ਕੀਤਾ।

ਅਕਾਦਮਿਕ ਉਤਕ੍ਰਿਸ਼ਟਤਾ ਦੀ ਮਾਨਤਾ ਦੇਣ ਵਾਸਤੇ, 7 ਸਥਾਨਕ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦਿੱਤੇ ਗਏ। ਪੱਤਰਕਾਰ ਪ੍ਰੇਮ ਕੁਮਾਰ ਚੰਬਰ ਨੂੰ ਭਾਈਚਾਰੇ ਵਿੱਚ ਏਕਤਾ ਤੇ ਸਾਂਝੀਵਾਲਤਾ ਵਧਾਉਣ ਲਈ ਉਨ੍ਹਾਂ ਦੀ ਵਿਸ਼ੇਸ਼ ਭੂਮਿਕਾ ਲਈ ਸਨਮਾਨਿਤ ਕੀਤਾ ਗਿਆ।

ਡਾ. ਕੁਲਦੀਪ ਸਿੰਘ ਨੂੰ UC Davis ਅਤੇ Stanford University ਵਿੱਚ ਪੰਜਾਬੀ ਭਾਸ਼ਾ ਪੜ੍ਹਾਉਣ ਅਤੇ ਅਗਲੀ ਪੀੜ੍ਹੀ ਵਿੱਚ ਸੱਭਿਆਚਾਰਕ ਜੁੜਾਅ ਮਜ਼ਬੂਤ ਕਰਨ ਲਈ ਮਾਣਤਾ ਦਿੱਤੀ ਗਈ।

ਇਸ ਵਾਰ, ਭਾਈਚਾਰੇ ਦੇ ਮੈਂਬਰਾਂ ਅਤੇ ਸਥਾਨਕ ਵਪਾਰੀ ਸਹਿਯੋਗ ਨਾਲ ਮੇਲੇ ਦੀ ਪ੍ਰਵੇਸ਼ ਮੁਫ਼ਤ ਰੱਖੀ ਗਈ।

ਪੰਜਾਬੀ ਅਮਰੀਕਨ ਮੇਲਾ ਇਕਤਾ, ਯਾਦਗਾਰੀ ਅਤੇ ਸੱਭਿਆਚਾਰਕ ਮਾਣ ਦਾ ਪ੍ਰਤੀਕ ਬਣ ਕੇ, ਹਰ ਵਰਗ ਦੇ ਲੋਕਾਂ ਨੂੰ ਇਕੱਠੇ ਕਰਦਾ ਹੈ, ਤਾਂ ਜੋ ਸੇਵਾ, ਵਿਦਿਆ ਅਤੇ ਭਾਈਚਾਰੇ ਦੇ ਆਦਰਸ਼ਾਂ ਨੂੰ ਮਨਾਇਆ ਅਤੇ ਸਨਮਾਨਿਤ ਕੀਤਾ ਜਾ ਸਕੇ।












# 29ਵਾਂ ਪੰਜਾਬੀ ਅਮਰੀਕਨ ਮੇਲਾ ਸ਼ਹੀਦ ਪੁਲਿਸ ਅਫਸਰ ਓਸਮਾਰ ਰੋਡਾਰਟੇ ਨੂੰ ਸਮਰਪਿਤ














# 29ਵਾਂ ਪੰਜਾਬੀ ਅਮਰੀਕਨ ਮੇਲਾ ਸ਼ਹੀਦ ਪੁਲਿਸ ਅਫਸਰ ਓਸਮਾਰ ਰੋਡਾਰਟੇ ਨੂੰ ਸਮਰਪਿਤ




















# 29ਵਾਂ ਪੰਜਾਬੀ ਅਮਰੀਕਨ ਮੇਲਾ ਸ਼ਹੀਦ ਪੁਲਿਸ ਅਫਸਰ ਓਸਮਾਰ ਰੋਡਾਰਟੇ ਨੂੰ ਸਮਰਪਿਤ


















# 29ਵਾਂ ਪੰਜਾਬੀ ਅਮਰੀਕਨ ਮੇਲਾ ਸ਼ਹੀਦ ਪੁਲਿਸ ਅਫਸਰ ਓਸਮਾਰ ਰੋਡਾਰਟੇ ਨੂੰ ਸਮਰਪਿਤ









"ਦੇਸ਼ ਦੁਆਬਾ ਟੀਵੀ"
ਦੇਸ਼
https://youtube.com/@deshdoaba-batv?si=d4El3KT9SnO3qdav
'ਤੇ ਹਰ ਰੋਜ਼ ਦੇਖੋ
ਦੇਸ਼ ਦੁਨੀਆ ਦੀਆਂ ਖਬਰਾਂ
ਦੇਸ਼ ਦੁਆਬਾ
Established: 2012
Editor-in-Chief: Prem K. Chumber
Phone: 001-916-947-8920
Email: deshdoaba@yahoo.com

# ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੀ ਮਾਸਿਕ ਮੀਟਿੰਗ

**ਕੈਲੇਫੋਰਨੀਆ–** ਬੀਤੀ 25 ਮਈ ਨੂੰ ਸੰਤ ਸਾਗਰ ਗੁਰੂ ਘਰ ਦੇ ਬਾਹਰਲੇ ਹਾਲ ਵਿਖੇ ਇਕ ਮੀਟਿੰਗ ਹੋਈ, ਜਿਸ ਵਿਚ ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਦੇ ਪ੍ਰਧਾਨ ਸ. ਜਸਬੀਰ ਸਿੰਘ ਧੀਮਾਨ ਆਪਣੇ ਪਰਿਵਾਰ ਨਾਲ ਉਚੇਚੇ ਤੌਰ 'ਤੇ ਪਹੁੰਚੇ। ਸਭਾ ਵੱਲੋਂ ਉਹਨਾਂ ਦਾ ਅਤੇ ਉਹਨਾਂ ਦੀ ਸੁਪਤਨੀ ਦਾ ਸਨਮਾਨ ਕੀਤਾ ਗਿਆ। ਇਸ ਮੀਟਿੰਗ ਵਿਚ ਧੀਮਾਨ ਸਾਹਿਬ ਨੇ ਆਪਣੀਆਂ ਰਚਨਾਵਾਂ ਨਾਲ ਸਾਂਝ ਪਾਈ ਅਤੇ ਆਪਣੀ ਜ਼ਿੰਦਗੀ ਦੇ ਕਈ ਤਜਰਬੇ ਸਾਂਝੇ ਕੀਤੇ। ਸਭਾ ਦੇ ਮੈਂਬਰਾਂ ਨੇ ਬੜੀ ਸ਼ਿਦਤ ਨਾਲ ਉਹਨਾਂ ਨੂੰ ਜੀ ਆਇਆਂ ਕਿਹਾ। ਇਸ ਮੀਟਿੰਗ ਵਿਚ ਪ੍ਰਧਾਨ ਰਹਿ ਚੁੱਕੇ 'ਦਿਲ ਨਿੱਜਰ' ਜੀ ਨੇ ਨਵੇਂ ਪ੍ਰਧਾਨ ਹਰਿਭਜਨ ਸਿੰਘ ਢੇਰੀ ਨੂੰ ਜੀ ਆਇਆਂ ਕਿਹਾ ਤੇ ਉਹਨਾਂ ਨੂੰ ਰਜਿਸਟਰ ਅਤੇ ਪੈਨ ਦੇ ਕੇ ਸਨਮਾਨਿਤ ਕੀਤਾ ਗਿਆ। ਹਰਿਭਜਨ ਸਿੰਘ ਢੇਰੀ ਨੇ ਆਪਣੀ ਬਣਾਈ ਨਵੀਂ ਕਾਰਜਕਾਰਨੀ ਕਮੇਟੀ ਬਾਰੇ ਦੱਸਿਆ। ਜਿਸ ਵਿਚ ਪ੍ਰਧਾਨ ਹਰਿਭਜਨ ਸਿੰਘ ਢੇਰੀ, ਜੋਤੀ ਸਿੰਘ ਸੈਕਟਰੀ, ਮਕਸੂਦ ਅਲੀ ਤੇ ਪਰਗਟ ਉਪਲ ਵਾਈਸ ਪ੍ਰਧਾਨ, ਬਿੱਕਰ ਸਿੰਘ ਮਾਨ ਖਜ਼ਾਨਚੀ, ਜਗਰੂਪ ਸਿੰਘ ਮਾਂਗਟ ਮੀਡੀਆ ਸਲਾਹਕਾਰ। ਇਸ ਮੌਕੇ ਸੀਨੀਅਰ ਸਿਟੀਜ਼ਨ ਗਰੁੱਪ ਦੇ ਸਕੱਤਰ ਸੁਖਚੈਨ ਸਿੰਘ ਜੀ ਨੇ ਇਸ ਮੌਕੇ 'ਤੇ ਹਾਜ਼ਰੀ ਭਰੀ ਤੇ ਮੁੱਖ ਮਹਿਮਾਨ ਨੂੰ ਸਨਮਾਨਿਤ ਕੀਤਾ।

**(ਰਿਪੋਰਟ ਅਤੇ ਤਸਵੀਰਾਂ– ਦਿਲ ਨਿੱਝਰ)**


























# ਸ੍ਰ. ਗੁਰਦੀਪ ਸਿੰਘ ਅਣਖੀ ਦੀ ਯਾਦ ਵਿਚ ਪ੍ਰਭਾਵਸ਼ਾਲੀ ਪ੍ਰੋਗਰਾਮ ਫਰਿਜਨੋ ਵਿਚ ਪਰਵਿਾਰ ਵਲੋਂ ਉਨਾਂ ਦੀ ਯਾਦ ਵਿਚ ਸਕਾਲਰਸ਼ਿਪ ਸ਼ੁਰੂ ਕਰਨ ਦਾ ਐਲਾਨ






























**ਫਰਿਜਨੋ –** ਐਤਵਾਰ ਜੂਨ 1, 2025 ਨੂੰ ਫਰਿਜਨੋ ਵਿਚ ਹੋਏ ਇਕ ਪ੍ਰਭਾਵਸ਼ਾਲੀ ਪ੍ਰੋਗਰਾਮ ਵਿਚ ਫਰਿਜਨੋ ਇਲਾਕੇ ਅਤੇ ਕੈਲੇਫੋਰਨੀਆਂ ਦੇ ਕਈ ਸ਼ਹਿਰਾ ਤੋ ਆਏ ਲੋਕਾਂ ਨੇ ਸ੍ਰ ਗੁਰਦੀਪ ਸਿੰਘ ਅਣਖੀ ਨੂੰ ਉਨਾਂ ਦੀਆਂ ਲੋਕਾਂ ਪ੍ਰਤੀ ਸੇਵਾਵਾ ਲਈ ਯਾਦ ਕੀਤਾ।ਸ੍ਰ ਗੁਰਦੀਪ ਸਿੰਘ ਅਣਖੀ ਤਿੰਨ ਸਾਲ ਪਹਿਲਾਂ ਮਈ 18, 2022 ਨੂੰ ਸਦੀਵੀ ਵਿਛੋੜਾ ਦੇ ਗਏ ਸੰਨ। ਅਣਖੀ ਹੁਣਾਂ ਦਾ ਜਨਮ ਵੰਡ ਤੋਂ ਪਹਿਲਾਂ ਦੇ ਪੰਜਾਬ ਵਿਚ ਢੇਸੀਆਂ, ਚੱਕ ਨੰਬਰ 53 ਵਿਚ ਹੋਇਆ ਸੀ। 1947 ਵਿਚ ਹੋਈ ਭਾਰਤ ਪਾਕਿਸਤਾਨ ਦੀ ਵੰਡ ਕਾਰਨ ਉਨਾਂ ਨੂੰ ਜਵਾਨੀ ਵਿਚ ਪੈਰ ਰੱਖਦਿਆਂ ਹੀ ਹੋਰ ਲੱਖਾਂ ਲੋਕਾਂ ਵਾਂਗ ਹੀ ਆਪਣਾ ਰੱਸਦਾ ਵੱਸਦਾ ਘਰ, ਪਿੰਡ, ਯਾਰ ਦੋਸਤ ਤੇ ਬੇਹੱਦ ਸ਼ਖਤ ਮੇਹਨਤ ਨਾਲ ਆਬਾਦ ਕੀਤੀਆਂ ਜਮੀਨਾਂ ਛੱਡ ਕੇ ਆਉਣਾ ਪਿਆ। ਭਾਂਵੇ ਪਿਛਲੇ ਵਕਤ ਲਈ ਪਛਤਾਉਣਾ ਉਨਾਂ ਦੇ ਸਭਾਅ ਦਾ ਹਿਸਾ ਨਹੀਂ ਸੀ ਪਰ ਫਿਰ ਵੀ ਵੰਡ ਸਮੇਂ ਆਪਣੀਆਂ ਅੱਖਾਂ ਨਾਲ ਦੇਖੇ ਅਣਮਨੁਖੀ ਵਰਤਾਰਿਆਂ, ਰਾਹ ਵਿਚ ਅਤੇ ਵਸੇਬੇ ਦੌਰਾਨ ਝੱਲੀਆਂ ਦੁਸ਼ਵਾਰੀਆਂ ਦੀ ਚੀਸ ਉਨਾਂ ਦੇ ਨਾਲ ਸਾਰੀ ਉਮਰ ਰਹੀ। ਸ਼ਹੀਦੇ ਆਜ਼ਾਮ ਸ੍ਰ ਭਗਤ ਸਿੰਘ ਹੁਣਾਂ ਦਾ ਦੇ ਪਿੰਡ ਉਨਾਂ ਦੇ ਪਿੰਡ ਚੱਕ ਨੰਬਰ 53 ਤੋਂ ਥੋੜੀ ਦੂਰੀ ਤੇ ਹੀ ਸੀ ਜਿਥੇ ਭਗਤ ਸਿੰਘ ਦੀ ਯਾਦ ਵਿਚ ਹਰ ਸਾਲ ਮੇਲਾ ਲੱਗਦਾ ਸੀ ਇਸ ਮੇਲੇ ਸਮੇਂ ਹੁੰਦੀਆਂ ਜੋਸ਼ੀਲੀਆਂ ਤਕਰੀਰਾਂ ਅਤੇ ਕਵਿਤਾਵਾਂ ਦਾ ਉਨਾਂ ਦੇ ਮਨ ਤੇ ਕਾਫੀ ਅਸਰ ਸੀ ਇਸੇ ਅਸਰ ਹੇਠ ਉਹ ਆਜ਼ਾਦੀ ਤੋਂ ਬਾਅਦ ਵੀ ਦੇਸ਼ ਭਗਤਾਂ, ਆਜ਼ਾਦੀ ਸੰਗਰਾਮੀਆਂ ਵੱਲ ਖਿਚੇ ਗਏ ਉਹਨਾਂ ਨੂੰ ਬਾਬਾ ਕਰਮ ਸਿੰਘ ਚੀਮਾ, ਬਾਬਾ ਭਾਗ ਸਿੰਘ ਕਨੇਡੀਅਨ, ਬਾਬਾ ਭਗਤ ਸਿੰਘ ਬਿਲਗਾ ਤੇ ਪੰਡਤ ਕਿਸ਼ੋਰੀ ਲਾਲ ਵਿਚਰਨ ਦਾ ਮੌਕਾ ਮਿਲਿਆ। ਉਨਾਂ ਮਹਾਨ ਸਖਸ਼ੀਅਤਾਂ ਦੇ ਕਾਰਣ ਹੀ ਉਨਾਂ ਨੇ ਵੀ ਆਪਣਾ ਜੀਵਨ ਦੱਬੇ ਕੁਚਲੇ ਲੋਕਾਂ ਦੇ ਹੱਕਾਂ ਦੀ ਰਾਖੀ ਅਤੇ ਲੋਕ ਸਘੰਰਸ਼ਾ ਦੇ ਲੇਖੇ ਲਾਇਆ। ਪੰਜਾਬ ਤੋਂ ਅਮਰੀਕਾ ਪਹੁੰਚਣ ਤੋਂ ਬਾਅਦ ਵੀ ਉਨਾਂ ਨੇ ਇੰਡੋ ਅਮਰੀਕਨ ਹੈਰੀਟੇਜ਼ ਫੋਰਮ ਨਾਲ ਜੁੜ ਕੇ ਗਦਰੀ ਬਾਬਿਆਂ ਦੀ ਸੋਚ ਅਤੇ ਕੁਰਬਾਨੀਆਂ ਨੂੰ ਲੋਕਾਂ ਵਿਚ ਪਹੁੰਚਾਉਣ ਦਾ ਕੰਮ ਕੀਤਾ, ਉਨਾਂ ਨੇ ਪੂਰੇ 20 ਸਾਲ ਫੋਰਮ ਦੀ ਅਗਵਾਈ ਕੀਤੀ ਅਤੇ ਦਰਜਨਾਂ ਸਫਲ ਪ੍ਰੋਗਰਾਮ ਕਰਵਾਏ। ਉਨਾਂ ਨੇ ਕੈਲੇਫੋਰਨੀਆਂ ਦੇ ਹੋਰ ਕਈ ਸ਼ਹਿਰਾਂ ਵਿਚ ਵਸਦੇ ਦੋਸਤਾਂ ਨੂੰ ਉਤਸ਼ਾਹਤ ਕਰਕੇ ਉਥੇ ਵੀ ਗਦਰੀ ਬਾਬਿਆਂ ਨੂੰ ਯਾਦ ਕਰਨ ਵਾਲੀਆਂ ਸੰਸਥਾਵਾਂ ਸ਼ੁਰੂ ਕਰਵਾਈਆਂ। ਉਨਾਂ ਦਾ ਕਿਤਾਬਾਂ ਪ੍ਰਤੀ ਅਥਾਹ ਪਿਆਰ ਸੀ ਅਤੇ ਇਤਿਹਾਸ ਨੂੰ ਸਹੀ ਅਥਰਾਂ ਵਿਚ ਸਾਭਣ ਲਈ ਉਨਾਂ ਨੇ ਪ੍ਰਸਿਧ ਲੇਖਕ ਡਾ ਗੁਰੂਮੇਲ ਸਿੰਘ ਸਿੱਧੂ ਸਮੇਤ ਹੋਰ ਕਈਆਂ ਨੂੰ ਗਦਰ ਦਾ ਇਤਿਹਾਸ ਲਿਖਣ ਲਈ ਪ੍ਰੇਰਿਆ।ਅਣਖੀ ਹੋਰਾਂ ਦੀ ਸਖਸ਼ੀਅਤ ਦੇ ਇਨਾ ਪੱਖਾਂ ਨੂੰ ਹੀ ਵੱਖ ਵੱਖ ਬੁਲਾਰਿਆਂ ਨੇ ਆਪਣੇ ਸ਼ਬਦਾ ਵਿਚ ਬਿਆਨ ਕੀਤਾ। ਸ਼ੁਰੂਆਤ ਵਿਚ ਡਾ ਅਰਜਨ ਸਿੰਘ ਜੋਸਨ ਹੁਣਾਂ ਨੇ ਅਣਖੀ ਜੀ ਨੂੰ ਯਾਦ ਕਰਦਿਆਂ ਇਕ ਕਵਿਤਾ ਨਾਲ ਉਨਾਂ ਨੂੰ ਸ਼ਰਧਾਜਲੀ ਦਿਤੀ। ਆਂਚਲ ਹੇਅਰ ਨੇ ਆਪਣੇ ਬਚਪਨ ਦੀਆਂ ਯਾਦਾ ਸਾਂਝੀਆਂ ਕੀਤੀਆਂ ਤੇ ਅਣਖੀ ਹੁਣਾ ਤੇ ਇਕ ਕਿਤਾਬ ਲਿਖਣ ਦੀ ਅਪੀਲ ਕੀਤੀ, ਸਵਨੀਤ ਕਿੰਗਰਾ ਨੇ ਵੀ ਪੰਜਾਬੀ ਬੋਲ਼ੀ ਬਾਰੇ ਇਕ ਕਵਿਤਾ ਪੜੀ, ਸ੍ਰ ਗਿਆਨ ਸਿੰਘ ਬਿਲਗਾ ਨੇ ਅਣਖੀ ਹੁਣਾ ਨਾਲ ਆਪਣੇ 50 ਸਾਲ ਲੰਬੀ ਦੋਸਤੀ ਚੋ ਕਈ ਪਲ ਉਜਾਗਰ ਕੀਤੇ, ਗਿਆਨ ਸਿੰਘ ਹੁਣਾ ਦੇ ਪੋਤਰੇ ਏਕਮ ਸਿੰਘ ਨੇ ਵੀ ਪੰਜਾਬੀ ਵਿਚ ਬੋਲਦਿਆ ਅਣਖੀ ਸਾਹਬ ਤੇ ਗਿਆਨ ਹੁਣਾ ਦੀ ਦੋਸਤੀ ਦਾ ਜਿਕਰ ਕੀਤਾ। ਡਾ ਮਲਕੀਤ ਸਿੰਘ ਕਿੰਗਰਾ, ਅਮੋਲਕ ਸਿੰਘ ਸਿੱਧੂ, ਕੁਲਦੀਪ ਸੁਜੋਂ ਤੇ ਅਮਰੀਕ ਖਡਾਲੀਆਂ, ਜਸਵੰਤ ਸਿੰਘ ਮਾਨ ਨੇ ਵੀ ਅਣਖੀ ਹੁਣਾਂ ਨਾਲ ਆਪਣੀ ਸਾਂਝ ਵਿਚੋਂ ਕਈ ਮਹੱਤਵਪੂਰਣ ਗੱਲਾਂ ਸਾਂਝੀਆਂ ਕੀਤੀਆ।ਅਣਖੀ ਸਾਹਬ ਦੇ ਭਰਾਵਾਂ ਵਰਗੇ ਦੋਸਤ ਸ੍ਰ ਨਾਨਕ ਸਿੰਘ ਨੇ ਅਣਖੀ ਹੁਣਾਂ ਦੀ ਦਰਿੜਤਾ ਦੀ ਗਲ ਕਰਦਿਆਂ ਕਿਹਾ ਕਿ ਪੰਜਾਬ ਦੇ ਕਾਲੇ ਦੌਰ ਦੌਰਾਨ ਆਪਣਾ ਭਰਾਤੇ ਭਤੀਜਾ ਸ਼ਹੀਦ ਹੋਣ ਤੋ ਬਾਅਦ ਵੀ ਅਣਖੀ ਜੀ ਅਡੋਲ ਰਹੇ ਤੇ ਹੱਕ ਸੱਚ ਦੇ ਰਾਹ ਤੇ ਚਲਦੇ ਰਹੇ।

ਡਾ ਦਲਜੀਤ ਸਿੰਘ ਨੇ ਅਣਖੀ ਹੁਣਾ ਦੀ ਪੰਜਾਬੀ ਮੋਰਚੇ ਸਮੇਂ ਦਿਤੀ ਗ੍ਰਿਫਤਾਰੀ ਦੀ ਗਲ ਕਰਦਿਆਂ ਅਫਸੋਸ ਪ੍ਰਗਟ ਕੀਤਾ ਅੱਜ ਪੰਜਾਬ ਦੇ ਰਾਜਸੀ ਤੇ ਧਾਰਮਿਕ ਲੀਡਰ ਤੇ ਸੰਸਥਾਵਾਂ ਪੰਜਾਬੀ ਬੋਲੀ ਪ੍ਰਤੀ ਜਾਗਰੂਕ ਨਹੀ ਹਨ ਸਗੋਂ ਕੇਂਦਰ ਸਰਕਾਰ ਦੀਆਂ ਘੱਟ ਗਿਣਤੀ ਭਸ਼ਾਵਾਂ ਨਾਲ ਵਿਤਰੇਵੇ ਵਾਲੇ ਵਿਹਾਰ ਦੇ ਹਕ ਵਿਚ ਭੁਗਤ ਰਹੇ ਹਨ। ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੇ ਬਾਨੀ ਮੈਂਬਰ ਸੁਰਿੰਦਰ ਸਿੰਘ ਮੰਢਾਲੀ ਨੇ ਵੀ ਅਣਖੀ ਹੁਣਾ ਨਾਲ ਆਪਣੀਆਂ ਯਾਦਾ ਦੀ ਸਾਂਝ ਪਾਈ।ਅਣਖੀ ਸਾਹਬ ਦੇ ਬੇਟੇ ਹਰਜਿੰਦਰ ਸਿੰਘ ਢੇਸੀ ਨੇ ਆਪਣੇ ਪਿਤਾ ਦੇ ਪਾਏ ਨਕਸ਼ਾ ਤੇ ਚਲਦੇ ਰਹਿਣ ਦਾ ਪ੍ਰਣ ਦੁਹਰਾਇਆ। ਉਨਾਂ ਨੇ ਆਪਣੇ ਪਿਤਾ ਦੀ ਲੋਕਪੱਖੀ ਸੋਚ ਤੋਂ ਪਰੇਰਨਾ ਲੈਦਿਆਂ ਪਰਿਵਾਰ ਵਲੋਂ ਇਕ ਸਕਾਲਰਸ਼ਿਪ ਸੁਰੂ ਕਰਨ ਦਾ ਐਲਾਨ ਕੀਤਾ। ਇਹ ਸਕਾਲਰਸ਼ਿਪ ਗਦਰ ਪਾਰਟੀ ਦੇ ਨਾਂ ਤੇ ਹੋਏਗਾ ਅਤੇ ਫੋਰਮ ਦੇ ਅਗਲੇ ਮੇਲੇ ਵਿਚ ਇਸ ਸਕਾਲਰਸ਼ਿਪ ਦੀ ਪੂਰੀ ਰੂਪ ਰੇਖਾ ਦਾ ਐਲਾਨ ਕੀਤਾ ਜਾਵੇਗਾ।

ਇਸ ਪ੍ਰੋਗਰਾਮ ਦੇ ਦੂਜੇ ਹਿਸੇ ਵਿਚ ਕਵੀਆਂ ਨੇ ਆਪਣੀਆਂ ਕਵਿਤਾਵਾ ਨਾਲ ਸ੍ਰ ਗੁਰਦੀਪ ਸਿੰਘ ਅਣਖੀ ਹੁਰਾਂ ਨੂੰ ਸਰਧਾਂਜਲੀ ਦਿਤੀ। ਕੁਲਵੰਤ ਸਿੰਘ ਨੇ ਅਣਖੀ ਹੁਣਾਂ ਦਾ ਲਿਖਿਆ ਹੋਇਆ ਇਕ ਗੀਤ ਆਪਣੀ ਮਿਠੀ ਆਵਾਜ ਵਿਚ ਗਾ ਕੇ ਸ਼ਰਧਾਜਲੀ ਭੇਟ ਕੀਤੀ। ਹੋਰ ਕਵੀਆਂ ਵਿਚ ਰਾਜ ਬਰਾੜ, ਸ਼ਰਨ ਧਾਲੀਵਾਲ, ਜੋਤ ਰਣਜੀਤ, ਅੰਜੂ ਮੀਰਾ, ਸਾਧੂ ਸਿੰਘ ਸੰਘਾ, ਦਿਲਜੀਤ ਸਿੰਘ ਰਿਆੜ, ਕਮਲਜੀਤ ਕੌਰ, ਹੈਰੀ ਮਾਨ, ਇੰਦਰਜੀਤ ਚੁਗਾਵਾਂ ਤੇ ਸੰਤੋਖ ਸਿੰਘ ਮਿਨਹਾਸ ਸ਼ਾਮਲ ਹੋਏ। ਇਸ ਸਾਰੇ ਪ੍ਰੋਗਰਾਮ ਨੂੰ ਇਕ ਸੁਰਤਾ ਨਾਲ ਚਲਾਉਣ ਦੀ ਜੁਮੇਵਾਰੀ ਸਾਇਰ ਹਰਜਿੰਦਰ ਕੰਗ ਹੁਣਾਂ ਨੇ ਬਾਖੂਬੀ ਨਿਭਾਈ। ਉਨਾਂ ਨੇ ਵੱਖ ਵੱਖ ਬੁਲਾਰਿਆਂ ਨੂੰ ਪੇਸ਼ ਕਰਦਿਆਂ ਅਣਖੀ ਸਾਹਬ ਨਾਲ ਆਪਣੀਆਂ ਯਾਦਾਂ ਵੀ ਸਾਝੀਆਂ ਕੀਤੀਆ, ਵਧੀਆਂ ਸ਼ੇਅਰ ਵੀ ਸ਼ਾਝੇ ਕੀਤੇ ਅਤੇ ਸਾਰੇ ਪ੍ਰੋਗਰਾਮ ਨੂੰ ਇਕ ਕਵਿਤਾ ਦੀ ਤਰਾਂ ਸੁਰ ਕਰੀ ਰੱਖਿਆਂ। ਇਹ ਪ੍ਰੋਗਰਾਮ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਅਤੇ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੇ ਸਹਿਯੋਗ ਨਾਲ ਕਰਵਾਇਆ ਗਿਆ।ਇਸ ਪ੍ਰੋਗਰਾਮ ਵਿਚ ਸ਼ਾਇਰ ਤਜੱਮਲ ਕਲੀਮ ਅਤੇ ਡਾ ਰਤਨ ਸਿੰਘ ਜੱਗੀ ਨੂੰ ਵੀ ਸ਼ਰਧਾਜਲੀ ਭੇਟ ਕੀਤੀ। ਮੀਡੀਏ ਨਾਲ ਜੁੜੇ ਪੱਤਰਕਾਰ ਰਾਜ ਸਿੰਘ ਵੀ ਸ਼ਾਮਲ ਹੋਏ। ਤਸਵੀਰਾਂ ਦੀ ਜੁਮੇਵਾਰੀ ਹੇਅਰ ਮੀਡੀਏ ਵਲੋਂ ਕੁਲਵੀਰ ਹੇਅਰ ਨੇ ਨਿਭਾਈ। ਦੇਸ਼ ਦੁਆਬਾ ਵੀਕ.ਲੀ ਨਿਉਜ਼ ਪੇਪਰ ਅਤੇ ਅੰਬੇਦਕਰ ਟਾਇਮਜ ਵਲੋਂ ਸ੍ਰੀ ਪ੍ਰੇਮ ਕੁਮਾਰ ਚੁੰਬਰ ਉਚੇਚੇ ਤੌਰ ਤੇ ਇਸ ਪ੍ਰੋਗਰਾਮ ਦੀ ਕਵਰੇਜ ਕਰਨ ਲਈ ਸੈਕਰਾਮੈਂਟੋ ਤੋਂ ਪਹੁੰਚੇ। ਉਨਾਂ ਨੇ ਫੇਸਬੁਕ ਤੇ ਇਸ ਪ੍ਰੋਗਾਮ ਦਾ ਲਾਇਵ ਟੈਲੀਕਾਸਟ ਕੀਤਾ। ਅਵਤਾਰ ਸਿੰਘ ਗੋਦਾਰਾ ਵਲੋਂ ਪੁਸਤਕ ਪ੍ਰਦਰਸ਼ਨੀ ਲਗਾਈ ਗਈ। ਅਦਾਰਾ ਦੇਸ਼ ਦੁਆਬਾ ਵੱਲੋਂ ਹਰਜਿੰਦਰ ਕੰਗ ਨੇ ਨਿੱਘੀ ਸ਼ਰਧਾਂਜਲੀ ਭੇਟ ਕੀਤੀ।

**(ਰਿਪੋਰਟ ਅਤੇ ਤਸਵੀਰਾਂ- ਕੁਲਵੀਰ ਹੇਅਰ)**

# ਹੌਸਪਿਸ ਟੋਟਾਰਾ ਵੱਲੋਂ ਭਾਰਤੀ ਕਮਿਊਨਿਟੀ ਦੇ ਨਾਲ ਤਾਲਮੇਲ ਮਿਲਣੀ-ਦੱਸੀ ਕਾਰਜ ਪ੍ਰਣਾਲੀ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਅੱਜ ਹੌਸਪਿਸ ਟੋਟਾਰਾ ਵਿਖੇ ਸਮੂਹ ਮੈਨੇਜਮੈਂਟ ਵੱਲੋਂ ਭਾਰਤੀ ਕਮਿਊਨਿਟੀ ਦੇ ਨਾਲ ਇਕ ਤਾਲਮੇਲ ਮਿਲਣੀ ਕੀਤੀ ਗਈ। ਇਸ ਖਾਸ ਮਿਲਣੀ ਦਾ ਮਕਸਦ ਐਨਾ ਸੀ ਕਿ ਭਾਰਤੀ ਕਮਿਊਨਿਟੀ ਦਾ ਇਥੇ ਵੱਡਾ ਕਾਰੋਬਾਰੀ ਅਧਾਰ ਹੈ, ਵਧਦੀ ਜਨਸੰਖਿਆ ਹੈ ਅਤੇ ਵਲੰਟੀਅਰ ਸੇਵਾਵਾਂ ਦੇ ਵਿਚ ਐਨੀ ਭਾਗੀਦਾਰੀ ਨਹੀਂ ਜਿੰਨੀ ਦਾ ਯੋਗਦਾਨ ਹੋ ਸਕਦਾ ਹੈ। ਇਸਦਾ ਕਾਰਨ ਸ਼ਾਇਦ ਕਮਿਊਨਿਟੀ ਦੇ ਨਾਲ ਕਮਿਊਨੀਕੇਸ਼ਨ ਥੋੜ੍ਹਾ ਘੱਟ ਹੋ ਸਕਦਾ ਹੈ, ਪਰ ਫਿਰ ਵੀ ਕੁਝ ਅਜਿਹੇ ਪੰਜਾਬੀ ਵਲੰਟੀਅਰ ਹਨ ਜੋ ਕਿ ਹੌਸਪਿਸ ਵਰਗੀ ਸੰਸਥਾ ਦੇ ਵਿਚ ਆਪਣੀਆਂ ਸੇਵਾਵਾਂ ਦੇ ਰਹੇ ਹਨ। ਵਰਲਡ ਵਾਈਡ ਇਮੀਗ੍ਰੇਸ਼ਨ ਵਾਲੇ ਸੰਨੀ ਸਿੰਘ ਹਰ ਹਫਤੇ ਇਥੇ ਸੇਵਾ ਕਰਦੇ ਹਨ ਅਤੇ ਅੱਜ ਦੀ ਇਸ ਮਿਲਣੀ ਦੇ ਵਿਚ ਉਨ੍ਹਾਂ ਦੇ ਸੱਦੇ ਕਾਫੀ ਮਹਿਮਾਨ ਸਨ। ਮੇਜ਼ਬਾਨ ਨੇ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਜੀ ਆਇਆਂ ਆਖਿਆ। ਸੰਨੀ ਸਿੰਘ ਅਤੇ ਅੰਮ੍ਰਿਤਾ ਕੌਰ ਹੋਰਾਂ ਨੇ ਵੀ ਸੰਬੋਧਨ ਕਰਦਿਆਂ ਭਾਰਤੀ ਕਮਿਊਨਿਟੀ ਦੇ ਹੋਰ ਮੈਂਬਰਾਂ ਦੇ ਸ਼ਾਮਿਲ ਹੋਣ ਲਈ ਬੇਨਤੀ ਕੀਤੀ ਅਤੇ ਕਿਹਾ ਕਿ ਇਥੇ ਕੁਝ ਘੰਟੇ ਬਿਤਾਉਣ ਦੇ ਨਾਲ ਅਲੱਗ ਤਰ੍ਹਾਂ ਦਾ ਅਹਿਸਾਸ ਤੁਹਾਨੂੰ ਹੋਵੇਗਾ।




ਮੈਡੀਕਲ ਡਾਇਰੈਕਟਰ ਡਾ. ਜੇਮਜ਼ ਜੈਪ ਨੇ ਹੌਸਪਿਸ ਦੀ ਡਾਕਟਰੀ ਕਾਰਜ ਪ੍ਰਣਾਲੀ ਬਾਰੇ ਦੱਸਿਆ ਅਤੇ ਬਹੁਤ ਸਾਰੇ ਅਜਿਹੇ ਜੀਵਨ ਤਜ਼ਰਬੇ ਸਾਂਝੇ ਕੀਤੇ ਜਦੋਂ ਜੀਵ ਆਪਣੇ ਅੰਤਲੇ ਦਿਨਾਂ ਦੇ ਵਿਚ ਹੁੰਦਾ ਹੈ ਤਾਂ ਕਿਹੋ ਜਿਹੀ ਉਨ੍ਹਾਂ ਨੂੰ ਦੇਖਭਾਲ ਦੀ ਲੋੜ ਹੁੰਦੀ ਹੈ ਅਤੇ ਪਰਿਵਾਰ ਨੂੰ ਮਿਲਣ ਦੀ ਤਾਂਘ ਹੁੰਦੀ ਹੈ। ਸੀ.ਈ. ਟੀਨਾ ਮੈਕ ਕੈਫਿਰਟੀ ਨੇ ਆਪਣੇ ਸੰਬੋਧਨ ਦੇ ਵਿਚ ਭਾਵੁਕ ਹੁੰਦਿਆ ਦੱਸਿਆ ਕਿ ਹੌਸਪਿਸ ਕਿਵੇਂ ਲੋਕਾਂ ਦੇ ਲਈ ਕੰਮ ਕਰ ਰਿਹਾ ਹੈ। ਅੱਜ ਦੀ ਮੀਟਿੰਗ ਦਾ ਮਤਲਬ ਦੱਸਣਾ ਸੀ ਕਿ ਅਸੀਂ ਕਿਉਂ ਦੇਖਭਾਲ ਕਰਦੇ ਹਾਂ, ਇਹ ਸਾਰਾ ਕੁਝ ਸੁਣ ਕੇ ਸਾਰੇ ਭਾਵੁਕ ਵੀ ਹੋਏ। ਕਮਿਊਨਿਟੀ ਨੈਟਵਰਕਿੰਗ ਲੀਡਰ ਤੁਈਗਾਮਾਲਾ ਨੇ ਨੈਟਵਰਕਿੰਗ ਬਾਰੇ ਚਾਨਣਾ ਪਾਇਆ। ਫੰਡ ਰੇਜ਼ਿੰਗ ਮੈਨੇਜਰ ਸ਼ੀ ਜਾਂਗ ਨੇ ਏਸ਼ੀਅਨ ਕਲਚਰ ਅਤੇ ਵੱਖ-ਵੱਖ ਭਾਸ਼ਾਵਾਂ ਦੀ ਸਹੂਲਤ ਬਾਰੇ ਜਾਣਕਾਰੀ ਦਿੱਤੀ। ਏਸ਼ੀਅਨ ਕਲਚਰਲ ਲਾਇਜਨ ਆਫੀਸਰ ਅੰਮ੍ਰਿਤਾ ਕੌਰ ਨੇ ਵੀ ਭਾਰਤੀਆਂ ਨੂੰ ਸ਼ਾਮਿਲ ਹੋਣ ਦੀ ਅਪੀਲ ਕੀਤੀ।

ਵਰਨਣਯੋਗ ਹੈ ਕਿ ਹੌਸਪਿਸ ਟੋਟਾਰਾ ਵਿਖੇ ਅੰਦਰ ਹੀ ਸ਼ਾਪਿੰਗ ਸੈਂਟਰ ਵੀ ਹੈ ਜਿੱਥੇ ਦਾਨ ਦਿੱਤੀਆਂ ਵਸਤਾਂ ਦੀ ਖਰੀਦੋ-ਫਰੋਖਤ ਹੁੰਦੀ ਹੈ। ਇਸ ਹੌਸਪਿਸ ਦੇ ਕੋਲ 100 ਦੇ ਕਰੀਬ ਸਟਾਫ ਹੈ ਜਿਸ ਦੇ ਵਿਚ 60 ਕਲੀਨੀਕਲੀ, 40 ਨਾਨ ਕਲੀਨੀਕਲੀ ਅਤੇ ਬਾਕੀ ਵਲੰਟੀਅਰਜ਼ ਹਨ। 360 ਦੇ ਕਰੀਬ ਉਹ ਮਰੀਜ਼ ਹਨ ਜਿਨ੍ਹਾਂ ਜੀਵਨ ਦੇ ਆਖਰੀ ਪਲਾਂ ਦੇ ਵਿਚ ਜੀਵਨ ਦੀ ਲੋਅ ਨੂੰ ਜਗਦਾ ਰੱਖਣ ਦੇ ਲਈ ਹੌਸਪਿਸ ਦੀ ਦੇਖਰੇਖ ਵਿਚ ਹਨ। ਇਥੇ ਭਾਰਤੀ ਮਰੀਜ਼ਾਂ ਦੀ ਵੀ ਗਿਣਤੀ ਹੈ। ਟੋਟਾਰਾ ਹੌਸਪਿਸ ਦੇ ਅੰਦਰ 12 ਦੇ ਕਰੀਬ ਬੈਡ ਹਨ ਜਦ ਕਿ ਬਾਕੀਆਂ ਦੀ ਘਰਾਂ ਦੇ ਵਿਚ ਸਟਾਫ ਵੱਲੋਂ ਦੇਖਭਾਲ ਕੀਤੀ ਜਾਂਦੀ ਹੈ। ਸ. ਖੜਗ ਸਿੰਘ ਅਤੇ ਸ੍ਰੀ ਮਾਰਸ਼ਲ ਵਾਲੀਆ ਨੇ ਵੀ ਇਸ ਮੌਕੇ ਸੰਬੋਧਨ ਕੀਤਾ ਅਤੇ ਚੰਗੇ ਕੰਮਾਂ ਦੀ ਸਰਾਹਣਾ ਕੀਤੀ।

ਪੰਜਾਬੀ ਮੀਡੀਆ ਤੋਂ ਸ. ਹਰਜਿੰਦਰ ਸਿੰਘ ਬਸਿਆਲਾ, ਸ. ਪਰਮਿੰਦਰ ਸਿੰਘ ਪਾਪਾਟੋਏਟੋਏ, ਸ. ਨਵਤੇਜ ਸਿੰਘ ਰੰਧਾਵਾ, ਹਾਰਕੋਟ ਮੈਨੁਰੇਵਾ ਤੋਂ ਗੈਰੀ ਬੱਲ, ਦਲਜਿੰਦਰ ਸਿੰਘ ਅਤੇ ਹੋਰ ਟੀਮ, ਲੀਗਲ ਐਸੋਸੀਏਟਸ ਤੋਂ ਸ੍ਰੀ ਰਾਜ ਪ੍ਰਦੀਪ, ਕਾਰੋਬਾਰੀ ਮੰਦੀਪ ਸਿੰਘ, ਇੰਡੀਅਨ ਈਟਰੀ ਤੋਂ ਪਰਮਿੰਦਰ ਬਾਵਾ ਪਹੁੰਚੇ ਸਨ।

## 'ਪੰਜਾਬੀ ਹੈਰਟੇਜਰ' ਦੀ ਟੀਮ ਨੇ ਕੀਤਾ ਉਦਮ ਮਹਿਲਾਵਾਂ ਨੂੰ 'ਬ੍ਰੈਸਟ ਕੈਂਸਰ ਸੰਬੰਧੀ' ਜਾਗਰੂਕ ਕੀਤਾ



**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-**ਜ਼ਿੰਦਗੀ ਇਕ ਚਲਦੀ-ਫਿਰਦੀ ਗੱਡੀ ਹੈ, ਜੀਵਨ ਪੰਧ ਮੁਕਾਇੰਦਿਆ ਕਿਸ ਮੋੜ ਉਤੇ ਕਿਹੜਾ ਅੰਗ ਸਾਥ ਛੱਡ ਜਾਵੇ, ਕਿਹਾ ਨਹੀਂ ਜਾ ਸਕਦਾ, ਪਰ ਚੰਗੀ ਦੇਖਭਾਲ ਦੇ ਨਾਲ ਇਨ੍ਹਾਂ ਅੰਗਾਂ ਨੂੰ ਦੇਰ ਤੱਕ ਸੁਰੱਖਿਅਤ ਰੱਖਿਆ ਜਾ ਸਕਦਾ ਹੈ। ਇਸ ਕਾਰਜ ਵਾਸਤੇ ਬਹੁਪੱਖੀ ਜਾਣਕਾਰੀ ਹੋਣਾ ਜ਼ਰੂਰੀ ਹੈ। ਨਿਊਜ਼ੀਲੈਂਡ ਦੀ 'ਪਿੰਕ ਰਿਬਨ ਬ੍ਰੈਸਟ ਕੈਂਸਰ ਫਾਊਂਡੇਸ਼ਨ' ਇਕ ਅਜਿਹੀ ਮੁਹਿੰਮ ਦਾ ਨਾਂਅ ਹੈ ਜੋ ਕਿ ਇਸ ਲਾਇਲਾਜ ਬਿਮਾਰੀ ਦੀ ਰੋਕਥਾਮ ਬਾਰੇ ਅਗਾਊਂ ਜਾਗੂ-ਰੁਕਤਾ ਅਤੇ ਖੋਜ਼ ਸਾਂਝੀ ਕਰਦੀ ਹੈ। 'ਪੰਜਾਬੀ ਹੈਰੀਟੇਜਰ' ਦੀ ਟੀਮ ਨੇ ਇਕ ਅਜਿਹਾ ਉਦਮ ਕਰਦਿਆਂ ਅੱਜ ਇਕ ਸਮਾਗਮ ਗਾਰਡਨ ਸਕੂਲ ਹਾਲ ਦੇ ਵਿਚ ਕਰਵਾਇਆ। ਜਿਸ ਦੇ ਵਿਚ ਸਥਾਨਿਕ ਭਾਰਤੀ ਮਹਿਲਾਵਾਂ, ਸਮਾਜ ਸੇਵਕ ਅਤੇ ਡਾਕਟਰੀ ਖਿੱਤੇ ਨਾਲ ਜੁੜੀਆਂ ਕੁੜੀਆਂ ਨੇ ਭਾਗ ਲਿਆ। ਨਰਸ ਗੁਰਜੀਤ ਕੌਰ ਨੇ ਅੱਜ ਇਸ ਵਿਸ਼ੇ ਉਤੇ ਕੀ ਨੋਟ ਲੈਕਚਰ ਦਿੱਤਾ। ਸ਼੍ਰੀਮਤੀ ਸ਼ੀਬਾ ਸਾਉਂਧਰ ਨੇ ਵੀ ਆਪਣੀ ਬਿਮਾਰੀ ਦਾ ਤਜ਼ਰਬਾ ਸਾਂਝਾ ਕੀਤਾ ਜਿਸ ਨੇ ਵੇਲੇ ਸਿਰ ਜਾਣਕਾਰੀ ਹਾਸਿਲ ਕਰਕੇ ਇਸ ਦੁੱਖ ਤੋਂ ਨਿਜਾਤ ਪਾਈ। ਸਮਾਗਮ ਨੂੰ ਖੁਸ਼ਗਵਾਰ ਰੱਖਣ ਦੇ ਲਈ ਬੱਚੀਆਂ ਨੇ ਸਭਿਆਚਾਰਕ ਵੰਨਗੀ ਪੇਸ਼ ਕੀਤੀ। ਰਾਫਲ ਇਨਾਮ ਕੱਢੇ ਗਏ। ਪਿੰਕ ਰਿਬਨ ਸੰਸਥਾ ਦੇ ਲਈ ਫੰਡ ਇਕੱਤਰ ਕੀਤਾ ਗਿਆ। ਪ੍ਰੋਗਰਾਮ ਨੂੰ ਸਫਲ ਕਰਨ ਦੇ ਲਈ 'ਪੰਜਾਬੀ ਹੈਰੀਟੇਜ਼ਰ' ਦੀ ਸਮੁੱਚੀ ਟੀਮ ਵੱਲੋਂ ਆਈਆਂ ਸਾਰੀਆਂ ਮਹਿਲਾਵਾਂ ਦਾ ਧੰਨਵਾਦ ਕੀਤਾ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## ਵਾਇਕਾਟੋ ਸ਼ਹੀਦੇ ਆਜ਼ਿਮ ਸ. ਭਗਤ ਸਿੰਘ ਟ੍ਰਸਟ ਦਾ ਸਲਾਨਾ ਇਜਲਾਸ ਸੰਪੰਨ-ਸਰਬ ਸੰਮਤੀ ਨਾਲ ਨਵੀਂ ਕਮੇਟੀ ਚੁਣੀ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਵਾਇਕਾਟੋ ਸ਼ਹੀਦੇ ਆਜ਼ਿਮ ਸ. ਭਗਤ ਸਿੰਘ ਟਰੱਸਟ ਹਮਿਲਟਨ ਦਾ ਸਲਾਨਾ ਇਜਲਾਸ ਬੀਤੇ ਕੱਲ੍ਹ ਟ੍ਰਸਟ ਦੇ ਮੈਂਬਰਾਂ ਦੀ ਭਰਵੀਂ ਹਾਜ਼ਰੀ ਵਿਚ ਕੋਆਪ੍ਰੇਸ਼ਨ ਚਰਚ ਵਿਚ ਹੋਇਆ। ਆਰੰਭ ਦੇ ਵਿਚ ਵਿਛੜੇ ਕਮਿਊਨਿਟੀ ਮੈਂਬਰਾਂ ਨੂੰ 2 ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਟ੍ਰਸਟ ਦੇ ਪ੍ਰਧਾਨ ਸ। ਜਰਨੈਲ ਸਿੰਘ ਰਾਹੋਂ ਵਲੋ ਪਿਛਲੇ ਸਾਲ ਦੇ ਕੰਮਾ-ਕਾਰਾਂ ਬਾਰੇ ਵਿਸਥਾਰ ਪੂਰਵਕ ਰਿਪੋਰਟ ਪੇਸ਼ ਕੀਤੀ ਜਿਸ 'ਤੇ ਹਾਜ਼ਿਰ ਮੈਂਬਰਾਂ ਨੇ ਤਸੱਲੀ ਪ੍ਰਗਟ ਕੀਤੀ ਅਤੇ ਆਪਣੇ ਵਿਚਾਰ ਦਿੱਤੇ। ਟ੍ਰਸਟ ਮੈਂਬਰਾਂ ਦੇ ਵਿਚ ਵਾਧਾ ਕਰਦਿਆਂ ਨਵੇਂ ਮੈਂਬਰਾਂ ਅਮਨਦੀਪ ਕੌਰ ਸਾਧਲ ਨੂੰ ਹਾਉਸ ਵੱਲੋਂ ਪ੍ਰਵਾਨਗੀ ਦਿੰਦਿਆ ਜੀ ਆਇਆਂ ਆਖਿਆ ਗਿਆ।

ਨਵੀਂ ਕਮੇਟੀ ਦੀ ਚੋਣ : ਇਜਲਾਸ ਦੇ ਅੰਤ ਵਿਚ ਨਵੀਂ ਕਮੇਟੀ ਦੀ ਚੋਣ ਸ। ਰਣਜੀਤ ਸਿੰਘ ਤੇ ਸ੍ਰੀ ਅਤੁੱਲ ਸ਼ਰਮਾ ਵੱਲੋਂ ਬਹੁੱਤ ਸੁਚੱਜੇ ਢੰਗ ਨਾਲ ਕਰਵਾਈ ਗਈ। ਇਸ ਵਾਰ ਫਿਰ ਸਰਬ ਸੰਮਤੀ ਦੇ ਨਾਲ ਸ। ਜਰਨੈਲ ਸਿੰਘ ਰਾਹੋਂ ਨੂੰ ਅਜੇ ਹੋਰ ਕੁਝ ਸਮੇਂ ਲਈ ਮੂਹਰੇ ਲੱਗਣ ਲਈ ਕਿਹਾ ਗਿਆ ਅਤੇ ਉਨ੍ਹਾਂ ਨੂੰ ਲਗਾਤਾਰ ਛੇਵੀਂ ਵਾਰ ਪ੍ਰਧਾਨ ਚੁਣਿਆ ਗਿਆ।

ਬਾਕੀ ਅਹੁਦੇਦਾਰਾਂ ਨੂੰ ਵੀ ਅਜੇ ਕਾਰਜ ਕਰਨ ਲਈ ਚੁਣਿਆ ਗਿਆ ਜਿਸ ਵਿਚ ਸ੍ਰੀਮਤੀ ਹਰਜੀਤ ਕੌਰ ਕੰਗ ਮੀਤ ਪ੍ਰਧਾਨ, ਸ੍ਰੀ ਸੰਦੀਪ ਕਲਸੀ ਖਜ਼ਾਨਚੀ , ਸ੍ਰੀ ਅਤੁਲ ਸ਼ਰਮਾ ਸੈਕਟਰੀ, ਸ। ਹਰਗੁਨ-ਜੀਤ ਸਿੰਘ ਮੀਤ ਸੈਕਟਰੀ, ਇਸ ਤੋਂ ਇਲਾਵਾ ਟਰਸਟ ਦੇ ਹੋਰ ਮੈਬਰਾਂ 'ਚ ਪਰਮਬੀਰ ਕੌਰ ਗਿੱਲ, ਸਿਮਰਤ ਕੌਰ ਗੁਰਾਇਆ, ਅਮਨਦੀਪ ਕੌਰ ਸਾਧਲ, ਪ੍ਰਿਆ ਬਿਰਲਾ ਮਨਦੀਪ ਸਿੰਘ ਬਰਾੜ, ਸਰਬਜੀਤ ਸਿੰਘ ਸੇਖੂਪੁਰੀਆਂ, ਗੁਰਪੀਤ ਸਿੰਘ ਢੱਡਾ ਦੀ ਨਿਯੁਕਤੀ ਟ੍ਰਸਟ ਮੈਂਬਰਾਂ ਦੇ ਤੋਰ ਤੇ ਕੀਤੀ ਗਈਆਂ। ਅੱਜ ਸਾਲਾਨਾ ਕੰਮਾਂ ਨੂੰ ਦਰਸਾਉਂਦਾ ਇਕ ਸੋਵੀਨਰ ਜਾਰੀ ਕੀਤਾ ਗਿਆ। 2025 'ਚ ਹੋਣ ਵਾਲੇ ਸਮਾਜਿਕ ਕਾਰਜ: ਇਸ ਦੇ ਨਾਲ ਹੀ 2025 ਦੇ ਵਿੱਚ ਕਰਵਾਏ ਜਾ ਰਹੇ 'ਰੁੱਖ ਲਗਾ ' (ਟ੍ਰੀ ਪਲਾਟੇਂਸ਼ਨ) ਜੋ 14 ਜੂਨ ਨੂੰ ਆ ਰਿਹਾ ਹੈ, 02 ਸਤੰਬਰ ਨੂੰ 14ਵਾਂ ਬਲੱਡ ਡੁਨੇਸ਼ਨ ਕੈਂਪ, 27 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਸਮਾਗਮ, 6ਵਾਂ ਪੰਜਾਬੀ ਭਾਸ਼ਾ ਹਫ਼ਤਾ 8 ਨਵੰਬਰ ਨੂੰ ਅਤੇ ਹੋਰ ਸਮਾਗਮ ਕਰਵਾਉਣ ਲਈ ਮਤੇ ਪਾਸ ਕੀਤੇ ਗਏ। ਸਲਾਨਾ ਹੋਣ ਵਾਲਿਆਂ ਗਤੀਵਿਧਿਆਂ ਲਈ ਵੀ ਸਵੈ ਸੇਵਕਾਂ ਨੂੰ ਸੇਵਾਵਾਂ ਦਿਤੀਆਂ ਗਈਆਂ, ਜਿਨ੍ਹਾਂ ਵਿਚ ਮੁਕੇਸ਼ ਬੱਗਾ ਨੂੰ ਖੂਨ ਦਾਨ ਕੈਂਪਾਂ ਦਾ ਇੰਚਾਰਜ, ਕੁਲਵਿੰਦਰ ਦਿ ਲ ਤੇ ਨੂਰ ਗੁਰਾਇਆਨੂੰ ਭੰਗੜਾ ਕੋਚ, ਹਰਜੀਤ ਕੌਰ ਕੰਗ, ਅਮਨਦੀਪ ਕੌਰ ਸਾਦਲ, ਰੀਹਾ ਸੂਦ, ਹਿਰਦੀਪਕ ਕੌਰ, ਪਰਮਿੰਦਰ ਕੌਰ ਪੰਜਾਬੀ ਅਧਿਆਪਕਾਵਾਂ, ਰਣਜੀਤ ਸਿੰਘ, ਕਰਮਜੀਤ ਕੌਰ, ਪ੍ਰੀਆ ਬਿਰਲਾ ਤੇ ਸਾਨੀਆ ਡੋਸ਼ੀ ਨੂੰ ਆਈ ਟੀ ਵਿੰਗ ਦੀਆਂ ਸੇਵਾਂਵਾਂ, ਹਰਮਨ ਕੌਰ ਚੀਮਾ ਨੂੰ ਥੀਏਟਰ, ਮਨਦੀਪ ਸਿੰਘ ਬਰਾੜ ਨੂੰ ਲਾਇਬਰੇਰੀ ਇੰਚਾਰਜ ਬਣਾਇਆ ਗਿਆ ਇਸ ਦੇ ਨਾਲ ਸ। ਗੁਰਬਾਜ਼ ਸਿੰਘ ਸੇਖੂਪੁਰੀਆ ਅਤੇ ਬਿਨੇਦੀਪ ਸਿੰਘ (ਸਿੰਘ ਮੀਡਿਆ ਚੈਨਲ) ਨੂੰ ਬਤੌਰ ਨਵੇਂ ਮੀਡੀਆ ਪਾਰਟਨਰ ਦੇ ਤੋਰ 'ਤੇ ਸ਼ਾਮਿਲ ਨਿਯੁਕਤ ਕੀਤਾ ਗਿਆ।




ਅੱਜ ਦੇ ਇਸ ਸਮਾਗਮ ਵਿਚ ਚੇਅਰਮੈਨ ਸ. ਪਰਮਜੀਤ ਸਿੰਘ ਪਰਿਹਾਰ (ਪ੍ਰਧਾਨ ਕੰਟਰੀ ਸੈਕਸ਼ਨ) ਵਿਸ਼ੇਸ਼ ਤੋਰ ਤੇ ਪਹੁੰਚੇ। ਅੰਤ ਚ ਪ੍ਰਧਾਨ ਸ।ਜਰਨੈਲ ਸਿੰਘ ਰਾਹੋਂ ਨੇ ਸਾਰੀਆਂ ਨੂੰ ਇਹ ਵਿਸ਼ਵਾਸ਼ ਦਿਵਾਇਆ ਕਿ ਉਹ ਟ੍ਰਸਟ ਦੇ ਕੰਮਾਂ ਨੂੰ ਹੋਰ ਬਿਹਤਰ ਬਨਾਉਣ ਵਿਚ ਡਟੇ ਰਹਿਣਗੇ। ਛੇਵੀਂ ਵਾਰ ਵਿਸ਼ਵਾਸ਼ ਕਰਨ ਉਤੇ ਉਨ੍ਹਾਂ ਸਾਰੇ ਟ੍ਰਸਟ ਮੈਂਬਰਾਂ ਦਾ ਧੰਨਵਾਦ ਕੀਤਾ। ਮੀਡੀਆ ਕਵਰੇਜ ਕਰਨ ਲਈ 'ਪੰਜਾਬੀ ਹੈਰਲਡ' ਦੇ ਸ. ਹਰਜਿੰਦਰ ਸਿੰਘ ਬਸਿਆਲਾ ਤੇ 'ਰੇਡੀ ਸਪਾਈਸ' ਦੇ ਸ. ਪਰਮਿੰਦਰ ਸਿੰਘ ਪਾਪਾਟੋਏਟੋਏ ਅਤੇ 'ਕੂਕ ਸਮਾਚਾਰ' ਦੇ ਸ. ਅਮਰਜੀਤ ਸਿੰਘ, ਗੁਰਬਾਜ ਸਿੰਘ ਸ਼ੇਖੂਪੁਰੀਆ ਅਤੇ ਸਿੰਘ ਮੀਡੀਆ ਚੈਨਲ ਦਾ ਵਿਸ਼ੇਸ ਧੰਨਵਾਦ ਕੀਤਾ ਗਿਆ।

## ਲੋਕ ਸਾਹਿਤ ਸੰਗਮ ਦੀ ਬੈਠਕ ਵਿਚ ਕਵੀਆਂ ਨੇ ਰੰਗ ਬੰਨਿਆ

**ਰਾਜਪੁਰਾ-** ਲੋਕ ਸਾਹਿਤ ਸੰਗਮ (ਰਾਜਿ) ਦੀ ਮਾਸਿਕ ਬੈਠਕ ਪ੍ਰਧਾਨ ਡਾ ਗੁਰਵਿੰਦਰ ਅਮਨ ਦੀ ਰਹਿਨੁਮਾਈ ਹੇਠ ਰੋਟਰੀ ਭਵਨ ਵਿਖੇ ਹੋਈ। ਸਭਾ ਦਾ ਆਗਾਜ਼ ਰਣਜੀਤ ਸਿੰਘ ਫਤਹਿਗੜ੍ਹ ਸਾਹਿਬ ਦੀ ਕਵਿਤਾ 'ਦਿਲ ਮੇਰੇ ਵਿਚ ਦਰਦ ਬੜੇ ਨੇ, ਉਂਝ ਮੇਰੇ ਹਮਦਰਦ ਬੜੇ ਨੇ 'ਸੁਣਾਕੇ ਕੀਤਾ। ਗ਼ਜ਼ਲਗੋ ਅਵਤਾਰ ਪੁਆਰ ਦੀ 'ਕਿੰਨੀ ਵਾਰ ਤੂਫ਼ਾਨਾਂ ਪਾਕੇ ਘੇਰੇ ਨੂੰ, ਬਹੁਤ ਪਰਖਿਆ ਉਨ੍ਹਾਂ ਮੇਰੇ ਜ਼ੇਰੇ ਨੂੰ' ਸੁਣਾਕੇ ਵਾਹ ਵਾਹ ਖੱਟੀ। ਹਰਪਾਲ ਸਿੰਘ ਪਾਲ ਨੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਵਿਤਾ ਸੁਣਾਈ। ਕਰਮ ਸਿੰਘ ਹਕੀਰ ਨੇ 'ਰੰਗਲੀਆਂ ਚੁੰਨੀਆਂ ਨੂੰ ਲਾਉਣ ਰਾਕਾਨਾ ਗੋਟੇ' ਸੁਣਾਕੇ ਸੱਭਿਆਚਾਰ ਦੁਹਰਾਇਆ। ਪ੍ਰੋ ਦਵਿੰਦਰ ਕੌਰ ਨੇ 'ਕਿਓਂ ਚੰਨ ਦੇਖਾਂ, ਕੋਈ ਲੋੜ ਨਹੀਂ 'ਤੇ ਮਨਜੀਤ ਸਿੰਘ ਨਾਗਰਾ ਨੇ ਇਹਸਾਨ ਤੇਰਾ ਹੋਗਾ 'ਗੀਤ ਸੁਣਾਕੇ ਮਹਿਫ਼ਿਲ ਵਿਚ ਰੰਗ ਬੰਨਿਆ। ਕੁਲਵੰਤ ਸਿੰਘ ਜੱਸਲ ਨੇ ਬਾਲ ਗੀਤ 'ਆ ਚੰਗੇ ਪਾਠਕ ਬੰਨੀਏ 'ਸੁਣਾਕੇ ਕਿਤਾਬਾਂ ਦੀ ਅਹਿਮੀਅਤ ਦੱਸੀ। ਮਾਸਟਰ ਯਾਦਵਿੰਦਰ ਕਲੋਲੀ ਨੇ ਆਪਣਾ ਚਰਚਿੱਤ ਗੀਤ 'ਮੈ ਕੰਡਿਆਂ ਦੀ ਤਾਰ ਵੇ 'ਸੁਣਾਕੇ ਦੋਨੋਂ ਗੁਆਂਢੀ ਮੁਲਕਾਂ ਦੀ ਦਾਸਤਾਂ ਸੁਣਾਈ। ਸੁਰਿੰਦਰ ਸਿੰਘ ਸੋਹਣਾ ਰਾਜੇਮਾਜਰੀਆ ਨੇ ਧਾਰਮਿਕ ਗੀਤ ਸੁਣਾਕੇ ਗੁਰੂਆਂ ਦੀ ਸ਼ਹੀਦੀ ਨੂੰ ਯਾਦ ਕੀਤਾ। ਬਲਦੇਵ ਸਿੰਘ ਖੁਰਾਣਾ ਨੇ 'ਹਾੜਾ ਹਾੜਾ ਜੰਗ ਨਾ ਕਰਿ 'ਸੁਣਾਇਆ। ਸੰਗਮ ਦੇ ਪ੍ਰਧਾਨ ਡਾ ਗੁਰਵਿੰਦਰ ਅਮਨ ਨੇ ਮਿੰਨੀ ਕਹਾਣੀ 'ਨੈਤਿਕਤਾ 'ਸੁਣਾਕੇ ਅਜੋਕੇ ਸਮਾਜਿਕ ਤਾਣੇਬਾਣੇ ਤੇ ਵਿਅੰਗ ਕੱਸਿਆ। ਸੁਰਿੰਦਰ ਕੌਰ ਬਾੜਾ ਨੇ ਬੁਲੰਦ ਆਵਾਜ਼ ਵਿਚ 'ਇਕ ਗੀਤ ਅਧੂਰਾ ਬਿਨ ਤੇਰੇ 'ਸੁਣਾਕੇ ਵਾਹ ਵਾਹ ਖੱਟੀ ਅਤੇ ਮੀਟਿੰਗ ਦੀ ਕਾਰਵਾਈ ਨੂੰ ਬਖ਼ੂਬੀ ਨਿਭਾਇਆ।



# ਪੰਜਾਬ ਦੀ ਤਬਾਹੀ ਲਈ ਜ਼ਿੰਮੇਵਾਰ ਕਾਰਕਾਂ ਦੀ ਨਿਸ਼ਾਨਦੇਹੀ ਜ਼ਰੂਰੀ



ਗੁਰਮੀਤ ਪਲਾਹੀ
91-98158-02070

ਜਦੋਂ ਪੰਜਾਬ ਵਿੱਚ ਕਿਸੇ ਵੀ ਕਿਸਮ ਦੀਆਂ ਚੋਣਾਂ ਆਉਂਦੀਆਂ ਹਨ, ਪੰਜਾਬ ਦੇ ਨੇਤਾ ਪੰਜਾਬ ਦੇ ਮੁੱਦਿਆਂ, ਮਸਲਿਆਂ, ਪੰਜਾਬ ਨਾ.ਲ ਹੋਏ ਵਿਤਕਰਿਆਂ ਦੀ ਗੱਲ ਕਰਦੇ ਹਨ ; ਪਰ ਫਿਰ ਚੁੱਪ ਧਾਰ ਲੈਂਦੇ ਹਨ।

ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਦਾ ਮਸਲਾ ਹੋਵੇ, ਭਾਖੜਾ ਨੰਗਲ ਡੈਮ 'ਚੋਂ ਪਾਣੀ ਛੱਡਣ ਦਾ ਮਾਮਲਾ ਹੋਵੇ, ਪੰਜਾਬ ਨੂੰ ਚੰਡੀਗੜ੍ਹ ਸੌਂਪਣ ਦੀ ਗੱਲ ਹੋਵੇ, ਨਸ਼ਿਆਂ ਦੀ ਭਰਮਾਰ, ਨੌਜਵਾਨਾਂ 'ਚ ਵੱਧ ਰਹੀ ਬੇਰੁਜ਼ਗਾਰੀ ਦਾ ਭਖ਼ਦਾ ਮਸਲਾ ਹੋਵੇ,ਕਿਸਾਨਾਂ ਨੂੰ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਦੇਣ ਦੀ ਗੱਲ ਹੋਵੇ ਜਾਂ ਮਜ਼ਦੂਰਾਂ, ਖੇਤ ਮਜ਼ਦੂਰਾਂ, ਬੇਰੁਜ਼ਗਾਰਾਂ ਲਈ ਰੁਜ਼ਗਾਰ ਜਾਂ ਉਹਨਾਂ ਲਈ ਘੱਟੋ-ਘੱਟ ਮਿਹਨਤਾਨਾ ਦੇਣ ਦਾ ਮਸਲਾ ਹੋਵੇ, ਇਸ ਸੰਬੰਧੀ ਚਰਚਾ, ਬਿਆਨਬਾਜ਼ੀ ਕਰਕੇ ਸਿਆਸੀ ਧਿਰਾਂ ਦੇ ਢੁੱਠਾਂ ਵਾ.ਲੇ ਨੇਤਾ ਆਪਣੇ ਮਨ ਦਾ ਗ਼ੁਬਾਰ ਕੱਢਦੇ ਹਨ,ਇੱਕ-ਦੂਜੇ ਨੂੰ ਨਿੰਦਦੇ ਹਨ ਤੇ ਫਿਰ ਮੂੰਹ ਸੀਉਂ ਲੈਂਦੇ ਹਨ।

ਕੇਂਦਰ ਪੰਜਾਬ ਨਾਲ ਕੋਈ ਧੱਕਾ ਕਰਦਾ ਹੈ, ਆਪਣੀ ਪਾਰਟੀ ਦੇ ਨਿਯਮਾਂ, ਅਸੂਲਾਂ ਅਤੇ ਤਾਕਤ ਦੀ ਪ੍ਰਾਪਤੀ ਦੀ ਬਿੱਲੀ ਝਾਕ 'ਚ ਉਹ ਚੰਗਾ ਜਾਂ ਮਾੜਾ, ਸਿੱਧਾ ਜਾਂ ਵਿੰਗਾ ਬਿਆਨ ਲੋਕਾਂ ਤੋਂ ਚੰਮ ਬਚਾਉਣ ਖਾਤਰ ਦਾਗ ਦਿੰਦੇ ਹਨ ਅਤੇ ਆਪਣੇ-ਆਪ ਨੂੰ ਸੁਰਖ਼ੁਰੂ ਹੋ ਗਿਆ ਮਹਿਸੂਸ ਕਰਦੇ ਹਨ। ਕੀ ਇਹ ਉਹਨਾਂ ਦੀ ਸਾਜ਼ਿਸ਼ੀ ਚੁੱਪੀ ਨਹੀਂ? ਕੀ ਇਹ ਵੋਟਾਂ ਬਟੋਰਨ ਜਾਂ ਕੁਰਸੀ ਹਥਿਆਉਣ ਲਈ ਵਰਤਿਆ ਦਾਅ-ਪੇਚ ਨਹੀਂ? ਇਹਨਾਂ ਸਾਰੇ ਵਿਤਕਰਿਆਂ, ਮਸਲਿਆਂ ਸੰਬੰਧੀ ਤਾਂ ਉਹ ਕਦੇ-ਕਦੇ ਦਿਲ ਦੀ ਭੜਾਸ ਕੱਢਦੇ ਹਨ, ਪਰ ਉਹ ਕਦੇ ਪੰਜਾਬ ਦੀ ਬਦਲ ਰਹੀ "ਜਨਸੰਖਿਆ ਤਸਵੀਰ", ਪੰਜਾਬ ਦੇ ਸੱਭਿਆਚਾਰ ਨੂੰ ਲੱਗ ਰਹੇ ਠੂੰਗੇ, ਪੰਜਾਬ ਦੀ ਬੋਲੀ ਨੂੰ ਅਣਗੌਲਿਆਂ ਕਰਨ ਅਤੇ ਪੰਜਾਬ ਦੇ ਹੱਕਾਂ ਨੂੰ ਖੋਹੇ ਜਾਣ ਬਾਰੇ ਕੁਝ ਬੋਲਣਾ ਤਾਂ ਦੂਰ ਕੁਸਕਦੇ ਤੱਕ ਨਹੀਂ ਹਨ।

ਸ਼ਹਿਰ ਚੰਡੀਗੜ੍ਹ ਪੰਜਾਬ ਦਾ ਹੈ, ਪੰਜਾਬ ਦੀ ਰਾਜਧਾਨੀ ਹੈ। ਬਿਨਾਂ ਸ਼ੱਕ ਇਹ ਪੰਜਾਬ ਦਾ ਰਹਿਣਾ ਚਾਹੀਦਾ ਹੈ। ਪਰ ਪਿਛਲੇ ਕਈ ਦਹਾਕਿਆਂ ਤੋਂ ਕੀ ਚੰਡੀਗੜ੍ਹ ਦੇ ਪੰਜਾਬ 'ਚ ਰਲੇਂਵੇ ਲਈ ਕਿਸੇ ਧਿਰ ਨੇ ਯਤਨ ਕੀਤਾ? ਚੰਡੀਗੜ੍ਹ, ਪੰਜਾਬ ਦੇ ਦਰਜਨਾਂ ਪਿੰਡਾਂ ਨੂੰ ਉਜਾੜ ਕੇ ਬਣਾਇਆ ਗਿਆ ਹੈ। ਇਹ ਸਾਰੇ ਪਿੰਡ ਪੰਜਾਬੀ ਬੋਲਦੇ ਪਿੰਡ ਸਨ। ਪਿੰਡਾਂ ਦੇ ਲੋਕਾਂ ਦੀ ਜ਼ਮੀਨ ਹਥਿਆਈ ਗਈ। ਉਹਨਾਂ ਦੇ ਉਜਾੜੇ ਉਪਰੰਤ, ਉਹਨਾਂ ਦੇ ਮੁੜ-ਵਸੇਬੇ ਲਈ ਕਿੰਨੇ ਕੁ ਉਪਰਾਲੇ ਹੋਏ?

ਸਿਤਮ ਦੇਖੋ! ਪਿਛਲੇ ਦਿਨੀ ਪੰਜਾਬ ਦੇ ਇਤਿਹਾਸ, ਸਭਿਆਚਾਰਕ ਅਤੇ ਸੰਵਿਧਾਨਿਕ ਵਿਰਾਸਤ ਦੀ ਪ੍ਰਤੀਕ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਨਾਮ ਬਦਲਣ ਲਈ ਤੇ ਨਾਮ ਪੰਜਾਬ ਅਤੇ ਹਰਿਆਣਾ ਯੂਨੀਵਰਸਿਟੀ ਚੰਡੀਗੜ੍ਹ ਰੱਖਣ ਦੀ ਮੰਗ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਯੂਨੀਅਨ ਦੇ ਪ੍ਰਧਾਨ ਵੱਲੋਂ ਰੱਖ ਦਿੱਤੀ ਗਈ। ਕਿਸ ਦੇ ਇਸ਼ਾਰੇ 'ਤੇ? ਸੂਝਵਾਨ ਵਿਦਿਆਰਥੀਆਂ ਦੇ ਦਬਾਅ 'ਚ ਇਹ ਮੰਗ ਵਾਪਸ ਲੈਣੀ ਪਈ। ਪਰ ਸਵਾਲ ਪੈਦਾ ਹੁੰਦਾ ਹੈ ਕਿ ਪੰਜਾਬ ਦੀ ਹਰ ਚੀਜ਼ ਹਥਿਆਉਣ ਅਤੇ ਪੰਜਾਬ ਨੂੰ ਬੇਰੰਗ ਕਰਨ ਦੀ ਸਾਜ਼ਿਸ਼ ਕਿੱਥੋਂ ਘੜੀ ਜਾ ਰਹੀ ਹੈ?



ਪੰਜਾਬ ਵਿੱਚ ਵੱਡੀ ਗਿਣਤੀ 'ਚ ਯੂ.ਪੀ., ਐੱਮ.ਪੀ., ਬਿਹਾਰ ਅਤੇ ਜੰਮੂ ਕਸ਼ਮੀਰ ਤੋਂ ਲੋਕ ਮਜ਼ਦੂਰੀ ਲਈ ਆਉਂਦੇ ਹਨ। ਇਹ ਪੰਜਾਬ ਦੇ ਖੇਤੀ ਅਤੇ ਇੰਡਸਟਰੀ ਖੇਤਰ ਦੀ ਲੋੜ ਵੀ ਹੈ, ਪਰ ਜਿਸ ਢੰਗ ਨਾ.ਲ ਉਹਨਾਂ ਵੱਲੋਂ ਕਰੋੜਾਂ ਰੁਪਏ, ਪੰਜਾਬ ਤੋਂ ਬਾਹਰ ਆਪਣੇ ਰਾਜਾਂ ਨੂੰ, ਆਪਣੇ ਘਰਾਂ ਨੂੰ ਭੇਜੇ ਜਾ ਰਹੇ ਹਨ, ਪੰਜਾਬ 'ਚ ਆਧਾਰ ਕਾਰਡ ਬਣਾ ਕੇ, ਇੱਥੇ ਹੀ ਜ਼ਮੀਨਾਂ ਜਾਂ ਰਿਹਾਇਸ਼ੀ ਪ੍ਰਾਪਰਟੀ ਖਰੀਦ ਕੇ ਪੱਕਾ ਵਸੇਬਾ ਕੀਤਾ ਜਾ ਰਿਹਾ ਹੈ ਅਤੇ ਪੰਜਾਬ ਦੇ ਸੱਭਿਆਚਾਰ ਨੂੰ ਬੇਰੰਗ ਕੀਤਾ ਜਾ ਰਿਹਾ ਹੈ; ਕੀ ਇਸ ਪਿੱਛੇ ਕੋਈ ਖ਼ਾਸ ਮੰਤਵ ਨਹੀਂ ਹੈ? ਇਹਨਾਂ ਪ੍ਰਵਾਸੀ ਮਜ਼ਦੂਰਾਂ ਵਿੱਚ ਕਈ ਇਹੋ-ਜਿਹੇ ਹਨ, ਜਿਹੜੇ ਅਪਰਾਧ ਕਰਕੇ ਆਪਣੇ ਸੂਬਿਆਂ ਤੋਂ ਭੱਜਦੇ ਹਨ। ਪਰ ਉਹਨਾਂ ਨੂੰ ਇੱਥੇ ਖੇਤਾਂ, ਕਾਰਖਾਨਿਆਂ ਅਤੇ ਮਜ਼ਦੂਰ ਬਸਤੀਆਂ 'ਚ ਸੁਰੱਖਿਆ ਮਿਲਦੀ ਹੈ। ਸਿੱਟਾ ਪੰਜਾਬ 'ਚ ਜੁਰਮ ਗ੍ਰਾਫ਼ ਵੱਧਦਾ ਹੈ।

ਕੀ ਪੰਜਾਬ ਦੀ ਕਿਸੇ ਸਿਆਸੀ ਧਿਰ ਨੇ ਪੰਜਾਬ 'ਚ ਬਾਹਰੋਂ ਆਏ ਲੋਕਾਂ ਨੂੰ ਪੱਕੀ ਰਿਹਾਇਸ਼ ਦੇਣ, ਪਲਾਟ ਜਾਂ ਜਾਇਦਾਦ ਖਰੀਦਣ ਉੱਤੇ ਰੋਕ ਲਗਾਉਣ ਦੀ ਮੰਗ ਕੀਤੀ ਹੈ ਜਾਂ ਇਸ ਸਥਿਤੀ 'ਤੇ ਕਦੇ ਵਿਚਾਰ ਕੀਤਾ ਹੈ ਕਿ ਪੰਜਾਬੀ ਪੰਜਾਬੋਂ ਪ੍ਰਵਾਸ ਕਰ ਜਾਣਗੇ ਤੇ ਬਾਹਰਲੇ ਸੂਬਿਆਂ ਦੇ ਲੋਕ ਇੱਥੇ ਆ ਕੇ ਪੱਕਾ ਵਸੇਬਾ ਕਰਕੇ, ਪੰਜਾਬ ਦੇ ਸੱਭਿਆਚਾਰ ਅਤੇ ਬੋਲੀ ਉੱਤੇ ਵੱਡਾ ਹਮਲਾ ਕਰਨਗੇ।

ਕੀ ਕਦੇ ਪੰਜਾਬ ਦੀ ਕਿਸੇ ਸਿਆਸੀ ਧਿਰ ਨੇ ਪੰਜਾਬ 'ਚ ਸਰਕਾਰੀ ਨੌਕਰੀਆਂ ਜਾਂ ਵੱਡੇ ਉਦਯੋਗਾਂ 'ਚ ਪੰਜਾਬੀ ਨੌਜਵਾਨਾਂ ਲਈ 100 ਫੀਸਦੀ ਨੌਕਰੀਆਂ ਦੇਣ ਦੀ ਗੱਲ ਕੀਤੀ ਹੈ? ਹੈਰਾਨੀ ਤਾਂ ਇਹ ਵੀ ਹੈ ਕਿ ਮੌਜੂਦਾ ਸਰਕਾਰ ਵੱਲੋਂ ਵੱਡੇ ਸਰਕਾਰੀ ਅਹੁਦੇ ਪੰਜਾਬੋਂ ਬਾਹਰ ਦੇ "ਬੁੱਧੀਮਾਨ", "ਸਿਆਣੇ" ਲੋਕਾਂ ਨੂੰ ਬਖ਼ਸ਼ੇ ਜਾ ਰਹੇ ਹਨ, ਪੰਜਾਬ ਪਲਿਊਸ਼ਨ ਕੰਟਰੋਲ ਬੋਰਡ ਦੇ ਚੇਅਰਮੈਨ ਦਾ ਅਹੁਦਾ, ਪੰਜਾਬ ਹਿਊਮਨ ਰਾਈਟਸ ਕਮਿਸ਼ਨ ਦੇ ਚੇਅਰਮੈਨ ਦੇ ਅਹੁਦੇ ਸਮੇਤ ਕਈ ਹੋਰ ਅਹੁਦੇ ਬਾਹਰਲਿਆਂ ਨੂੰ ਬਖ਼ਸ਼ੇ ਗਏ। ਇਥੋਂ ਤੱਕ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਦਾ ਅਹੁਦਾ ਵੀ। ਕੀ ਪੰਜਾਬ 'ਚ "ਬੁੱਧੀਮਾਨ, ਸਿਆਣੇ, ਚਿੰਤਕ, ਮਾਹਰ" ਮੁੱਕ ਗਏ ਹਨ? ਕੀ ਸੱਚਮੁੱਚ ਉਹ ਸਿਆਣੇ ਨਹੀਂ, ਨਿਤਾਣੇ ਹੋ ਗਏ ਹਨ? ਉਹ ਸੱਚ-ਹੱਕ ਖਾਤਰ ਬੋਲਣੋ ਵੀ ਰਹਿ ਗਏ ਹਨ?

ਪੰਜਾਬ ਹਿਤੈਸ਼ੀ ਬਹੁਤੀਆਂ ਸੰਸਥਾਵਾਂ ਬਣੀਆਂ ਹਨ, ਬਹੁਤ ਬਣ ਵੀ ਰਹੀਆਂ ਹਨ : ਚੇਤਨਾ ਮੰਚ, ਚਿੰਤਕ ਮੰਚ, ਜਾਗ੍ਰਿਤੀ ਮੰਚ, ਲੇਖਕ ਮੰਚ, ਮਨੁੱਖੀ ਅਧਿਕਾਰ ਮੰਚ ਤੇ ਪਤਾ ਨਹੀਂ ਕਿੰਨੇ ਹੋਰ? ਪਰ ਲਗਭਗ ਸਭ ਖ਼ਬਰਾਂ ਤੱਕ ਹੀ ਸੀਮਤ ਹਨ। ਸਾਂਝਾ ਪਲੇਟਫ਼ਾਰਮ ਉਸ ਹਾਲਤ ਵਿੱਚ ਪੰਜਾਬ 'ਚ ਕਿਉਂ ਨਹੀਂ ਉਸਾਰਿਆ ਜਾ ਰਿਹਾ, ਜਦੋਂ ਪੰਜਾਬ ਲੁੱਟਿਆ, ਕੁੱਟਿਆ ਅਤੇ ਤਬਾਹ ਕੀਤਾ ਜਾ ਰਿਹਾ ਹੈ! ਕੀ ਅਸਲ ਵਿੱਚ ਹੀ ਪੰਜਾਬ, ਸਿਆਣੇ ਲੋਕਾਂ ਤੋਂ ਵਾਂਝਾ ਹੋ ਗਿਆ ਹੈ?

**ਪੰਜਾਬ 'ਚ ਛੁੱਟੀਆਂ 'ਚ ਸਮਰ-**ਕੈਂਪ ਦੌਰਾਨ ਤੇਲਗੂ ਭਾਸ਼ਾ ਦੀ ਆਨਲਾਈਨ ਪੜ੍ਹਾਈ ਲਾਗੂ ਕਰਨ ਪਿੱਛੇ ਕੀ ਮਨਸ਼ਾ ਹੈ? ਕੀ ਇਹ ਕੇਂਦਰ ਵੱਲੋਂ ਆਪਣੇ ਆੜੀ ਚੰਦਰ ਬਾਬੂ ਨਾਇਡੂ ਨੂੰ ਖ਼ੁਸ਼ ਕਰਨ ਦੀ ਤਰਕੀਬ ਤਾਂ ਨਹੀਂ?

ਹਾਲਾਂਕਿ ਇਹ ਵੀ ਕਿਹਾ ਜਾ ਰਿਹਾ ਹੈ ਕਿ ਖੇਤਰੀ ਭਾਸ਼ਾਵਾਂ ਨੂੰ ਪੂਰੇ ਦੇਸ਼ 'ਚ ਵਾਰੋ-ਵਾਰੀ ਸਿਰ ਪੜ੍ਹਾਇਆ ਜਾਏਗਾ। ਕੀ ਪੰਜਾਬ ਦੀ ਸਰਕਾਰ ਨੇ ਕੇਂਦਰ ਸਰਕਾਰ ਤੋਂ ਪੁੱਛਿਆ ਹੈ ਕਿ ਖੇਤਰੀ ਭਾਸ਼ਾ ਪੰਜਾਬੀ ਕਿਹੜੇ ਸੂਬੇ, 'ਚ ਕਦੋਂ ਪੜ੍ਹਾਈ ਜਾਣੀ ਹੈ? ਜਾਂ ਕਦੇ ਸੋਚਿਆ ਹੈ ਕਿ ਆਪਣੇ ਸੂਬੇ ਵਿੱਚ ਪੰਜਾਬੀ ਨਾਲ ਵਿਤਕਰਾ ਕਰਨ ਵਾਲੇ,ਪੰਜਾਬੀ ਬੋਲਣ 'ਤੇ ਵਿਦਿਆਰਥੀਆਂ ਨੂੰ ਸਜ਼ਾਵਾਂ ਦੇਣ ਵਾਲੇ ਪਬਲਿਕ ਸਕੂਲਾਂ ਅਤੇ ਅੰਗਰੇਜ਼ੀ ਨੂੰ ਉਤਸ਼ਾਹਿਤ ਕਰਨ ਵਾਲੇ ਆਪਣੀ ਮਾਂ-ਬੋਲੀ ਪੰਜਾਬੀ ਦੇ ਵੈਰੀਆਂ ਨਾ.ਲ ਕਿਵੇਂ ਨਜਿੱਠਣਾ ਹੈ? ਬਣਦਾ ਤਾਂ ਇਹ ਹੈ ਕਿ ਪੰਜਾਬ, ਆਪਣੀ ਮਾਂ-ਬੋਲੀ ਪੰਜਾਬੀ ਅਤੇ ਪੰਜਾਬੀ ਸੱਭਿਆਚਾਰ ਦੀ ਪ੍ਰਫੁੱਲਤਾ ਖਾਤਰ ਦੱਖਣੀ ਰਾਜਾਂ ਵਾਂਗਰ ਨਵੀਂ ਸਿੱਖਿਆ ਨੀਤੀ ਨੂੰ ਰੱਦ ਕਰੇ ਜਦ ਕਿ ਪੰਜਾਬ ਦਾ ਬੁੱਧੀਜੀਵੀ ਵਰਗ, ਇਸ ਗੱਲ ਦੀ ਮੰਗ ਲਗਾਤਾਰ ਕਰ ਰਿਹਾ ਹੈ ਤਾਂ ਫਿਰ ਕੇਂਦਰ ਦੀ ਇਸ ਨੀਤੀ ਨੂੰ ਪਿਛਲੇ ਦਰਵਾਜਿਓਂ ਲਾਗੂ ਕਰਨ ਦੀ ਇਹ ਪੰਜਾਬ ਸਰਕਾਰ ਦੀ ਕੋਈ ਯੋਜਨਾ ਹੈ?

ਲੇਖਕਾਂ ਨੂੰ ਛੱਡ ਕੇ ਕੀ ਬਾਕੀ ਪੜ੍ਹੇ-ਲਿਖੇ ਪੰਜਾਬੀਆਂ ਦੀ ਬੋਲੀ ਪੰਜਾਬੀ ਹੈ? ਅੱਠਵੀਂ, ਦਸਵੀਂ ਦੀਆਂ ਬੋਰਡ ਪ੍ਰੀਖਿਆਵਾਂ 'ਚ ਕਾਫ਼ੀ ਵਿਦਿਆਰਥੀ ਪੰਜਾਬੀ ਵਿਸ਼ੇ 'ਚੋਂ ਫੇਲ੍ਹ ਹੋਏ ਹਨ। ਕਾਰਨ? ਪੰਜਾਬੀ ਅਧਿਆਪਕਾਂ ਦੀ ਸਕੂਲਾਂ 'ਚ ਕਮੀ ਹੈ। ਕਈ ਮਿਡਲ ਸਕੂਲ ਇਹੋ-ਜਿਹੇ ਹਨ, ਜਿੱਥੇ ਛੇਵੀਂ ਤੋਂ ਅੱਠਵੀਂ ਤੱਕ ਜਮਾਤਾਂ ਨੂੰ ਪੜ੍ਹਾਉਣ ਲਈ ਸਿਰਫ਼ ਇੱਕ ਅਧਿਆਪਕ ਹੈ, ਸਾਇੰਸ ਜਾਂ ਅੰਗਰੇਜ਼ੀ ਦਾ। ਪਰ ਪੰਜਾਬੀ ਅਧਿਆਪਕ ਹੈ ਹੀ ਨਹੀਂ। ਕੀ ਇਹ ਮਾਂ- ਬੋਲੀ ਨਾ.ਲ ਵਿਤਕਰਾ ਨਹੀਂ? ਪੰਜਾਬ ਭਾਸ਼ਾ ਦੇ ਆਧਾਰ 'ਤੇ ਬਣਿਆ ਪੰਜਾਬੀ ਸੂਬਾ ਹੈ। ਇੱਥੇ ਹਰ ਸਕੂਲ 'ਚ ਪੰਜਾਬੀ ਭਾਸ਼ਾ ਅਧਿਆਪਕ ਕਿਉਂ ਨਹੀਂ? ਕਿਉਂ ਨਹੀਂ ਦਫ਼ਤਰਾਂ 'ਚ ਸਿਰਫ਼ ਪੰਜਾਬੀ ਬੋਲੀ ਦੀ ਵਰਤੋਂ ਕੀਤੀ ਜਾਂਦੀ? ਕਿਉਂ ਨਹੀਂ ਅਦਾਲਤਾਂ 'ਚ ਪੰਜਾਬੀ ਬੋਲੀ ਲਾਗੂ ਕੀਤੀ ਜਾਂਦੀ? ਜਦ ਕਿ ਪੰਜਾਬ ਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਵੱਲੋਂ ਹੇਠਲੀਆਂ ਅਦਾਲਤਾਂ 'ਚ ਪੰਜਾਬੀ ਬੋਲੀ ਲਾਗੂ ਕਰਨ ਲਈ 117 ਪੰਜਾਬੀ ਸਟੈਨੋਗ੍ਰਾਫ਼ਰਾਂ ਦੀਆਂ ਪੋਸਟਾਂ ਮੰਗੀਆਂ ਗਈਆਂ। ਉਹ ਕਿਸੇ ਸਰਕਾਰ ਵੱਲੋਂ ਕਿਉਂ ਨਹੀਂ ਦਿੱਤੀਆਂ ਗਈਆਂ?ਕਿਸ ਦੇ ਪ੍ਰਭਾਵ ਨਾਲ ਇਹ ਹੋ ਰਿਹਾ ਹੈ? ਸ਼੍ਰੋਮਣੀ ਅਕਾਲੀ ਦਲ (ਬ), ਅਕਾਲੀ-ਭਾਜਪਾ ਦੀ ਰਾਸ਼ਟਰੀ ਸਰਕਾਰ ਦਾ ਹਿੱਸਾ ਰਿਹਾ। ਇਲਾਕਾਈ ਪਾਰਟੀ ਦੀ ਤਰਜਮਾਨੀ ਕਰਦਾ ਰਿਹਾ। ਪਰ ਉਹ ਸਦਾ ਹੀ ਚੰਡੀਗੜ੍ਹ ਪੰਜਾਬ ਲਈ ਲੈਣ ਤੇ ਪੰਜਾਬ ਨਾਲ ਹੋਏ ਵਿਤਕਰਿਆਂ ਸੰਬੰਧੀ ਅਵਾਜ਼ ਉਠਾਉਣ ਲਈ, ਪੰਜਾਬੀਆਂ ਦੀ ਆਵਾਜ਼ ਕਿਉਂ ਨਹੀਂ ਬਣਿਆ?

ਪੰਜਾਬ ਵਿੱਚੋਂ ਪੰਜਾਬੀ ਨੂੰ ਪਾਸੇ ਕਰਨ ਲਈ ਕਦੇ ਵੀ ਕੋਈ ਮੌਕਾ ਨਹੀਂ ਜਾਣ ਦਿੱਤਾ ਜਾਂਦਾ। ਕਦੇ ਪੰਜਾਬੀ ਯੂਨੀ-ਵਰਸਿਟੀ, ਜਿਸ ਦੀ ਸਥਾਪਨਾ ਪੰਜਾਬੀ ਪ੍ਰਫੁੱਲਤ ਕਰਨ ਲਈ ਕੀਤੀ ਗਈ, ਉੱਥੇ ਲਾਜ਼ਮੀ ਪੰਜਾਬੀ ਗ੍ਰੈਜੂਏਟ ਕੋਰਸਾਂ 'ਚ ਹਟਾਏ ਜਾਣ ਦਾ ਯਤਨ ਹੁੰਦਾ ਹੈ, ਕਦੇ ਦੂਰਦਰਸ਼ਨ ਜਲੰਧਰ 'ਚ ਪੰਜਾਬੀ ਪ੍ਰੋਗਰਾਮਾਂ ਨੂੰ ਪਿੱਛੇ ਸੁੱਟਿਆ ਜਾਂਦਾ ਹੈ। ਦੂਰਦਰਸ਼ਨ ਜਲੰਧਰ, ਜੋ ਪੰਜਾਬ ਦੀ ਬੋਲੀ ਪੰਜਾਬੀ, ਪੰਜਾਬ ਦੇ ਸੱਭਿਆਚਾਰ ਦੇ ਪ੍ਰਚਾਰ ਤੇ ਪ੍ਰਸਾਰ ਲਈ ਬਣਾਇਆ ਗਿਆ ਸੀ, ਅੱਜ ਇਸ ਨੂੰ ਗ੍ਰਹਿਣ ਲੱਗਿਆ ਹੋਇਆ ਹੈ। ਪ੍ਰੋਗਰਾਮ ਅਫ਼ਸਰਾਂ ਦੀ ਘਾਟ ਹੈ। ਨਵੇਂ ਪ੍ਰੋਗਰਾਮ ਨਹੀਂ ਬਣ ਰਹੇ। ਬਸ ਡੰਗ -ਟਪਾਊ ਕੰਮ ਹੋ ਰਿਹਾ ਹੈ। ਇਹੋ ਹਾਲ ਜਲੰਧਰ ਰੇਡੀਓ ਆਕਾਸ਼ਵਾਣੀ ਦਾ ਹੈ, ਜੋ ਕਦੇ ਪੰਜਾਬੀਆਂ ਦੀ ਜਾਨ ਹੋਇਆ ਕਰਦਾ ਸੀ। ਕੀ ਕਦੇ ਕਿਸੇ ਪੰਜਾਬ ਸਰਕਾਰ ਨੇ ਇਸਦਾ ਨੋਟਿਸ ਲਿਆ।

ਇਹ ਤਾਂ ਕੁਝ ਉਹ ਗੱਲਾਂ ਹਨ, ਜੋ ਵੱਡੀ ਚਿੰਤਾ ਅਤੇ ਚਿੰਤਨ ਦੀਆਂ ਹਨ। ਪਰ ਪੰਜਾਬ ਦੇ ਪਿੰਡਾਂ ਦੀ ਅਸਲ ਦਿੱਖ ਬਦਲ ਗਈ ਹੈ। ਪੰਜਾਬ ਦੇ ਪਿੰਡਾਂ 'ਚੋਂ "ਸੱਥ" ਗਾਇਬ ਹੋ ਗਈ ਹੈ। ਆਪਸੀ ਮੇਲ-ਮਿਲਾਪ, ਭਾਈਚਾਰਾ ਖਤਮ ਹੋ ਗਿਆ ਹੈ ਜਾਂ ਸਿਆਸਤਦਾਨਾਂ ਨੇ ਪੰਚਾਇਤੀ ਧੜੇਬੰਦੀਆਂ ਵੱਡੀਆਂ ਕਰਕੇ ਨਿਪਟਾ ਦਿੱਤਾ ਹੈ। ਉਂਝ ਵੀ ਵੱਡੀ ਗਿਣਤੀ ਲੋਕ ਪਿੰਡ ਛੱਡ ਕੇ ਵਿਦੇਸ਼ਾਂ ਵੱਲ ਚਾਲੇ ਪਾ ਰਹੇ ਹਨ ਜਾਂ ਸ਼ਹਿਰਾਂ ਵੱਲ ਵਹੀਰਾਂ ਘੱਤ ਰਹੇ ਹਨ। ਹਾਲਾਤ ਇਹ ਹਨ ਕਿ ਪਿੰਡਾਂ ਦੇ ਸਰਕਾਰੀ ਸਕੂਲਾਂ 'ਚ ਨਵੀਆਂ ਗਠਿਤ ਕੀਤੀਆਂ ਜਾ ਰਹੀਆਂ ਸਕੂਲ ਮੈਨੇਜਮੈਂਟ ਕਮੇਟੀਆਂ ਲਈ ਸਥਾਨਕ ਲੋਕਾਂ ਵਿਚੋਂ ਚੁਣੇ ਜਾਣ ਲਈ 12 ਪੰਜਾਬੀ ਨੁਮਾਇੰਦੇ ਵੀ ਨਹੀਂ ਮਿਲ ਰਹੇ। ਪਰਵਾਸੀ ਬੱਚਿਆਂ ਦੇ ਮਾਪੇ ਪ੍ਰਬੰਧ 'ਚ "ਭਰਤੀ" ਕਰਨ ਵਜੋਂ ਸ਼ਾਮਲ ਕੀਤੇ ਜਾ ਰਹੇ ਹਨ। ਇਹ ਇੱਕ ਇਹੋ-ਜਿਹਾ ਸੰਕੇਤ ਹੈ, ਜੋ ਵੱਡੀ ਚਿੰਤਾ ਦਾ ਵਿਸ਼ਾ ਹੈ। ਫਗਵਾੜਾ ਸ਼ਹਿਰ ਦੇ ਇਕ ਲਾਗਲੇ ਪਿੰਡ 'ਸਰਕਾਰੀ ਮਿਡਲ ਸਕੂਲ ਹੈ, ਜਿੱਥੇ ਵਿਦਿਆਰਥੀਆਂ ਦੀ ਗਿਣਤੀ 70 ਹੈ। ਇਕ ਸਾਇੰਸ ਅਧਿਆਪਕ ਹੈ। ਸਮਾਜਿਕ ਸਿੱਖਿਆ, ਪੰਜਾਬੀ, ਹਿੰਦੀ, ਪੀ.ਟੀ.ਆਈ., ਆਰਟ ਕਰਾਫ਼ਟ ਦੀਆਂ ਪੋਸਟਾਂ ਖਾਲੀ ਹਨ। 70 ਵਿਦਿਆਰਥੀਆਂ ਵਿੱਚੋਂ 64 ਬੱਚੇ ਪਰਵਾਸੀ ਅਤੇ 6 ਸਥਾਨਕ ਲੋਕਾਂ ਦੇ ਹਨ, 6 ਪੰਜਾਬੀਆਂ ਵਿੱਚੋਂ ਪ੍ਰਬੰਧਕ ਕਮੇਟੀ ਲਈ 12 ਮਾਪੇ ਕਿੱਥੋਂ ਲੱਭਣ? ਜਦੋਂ ਪਰਵਾਸੀ ਬੱਚੇ ਅਤੇ ਉਹਨਾਂ ਦੇ ਮਾਪੇ ਸਾਲ 'ਚ ਦੋ-ਤਿੰਨ ਵਾਰ ਆਪੋ-ਆਪਣੇ ਸੂਬੇ 'ਚ ਦੋ ਜਾਂ ਤਿੰਨ ਮਹੀਨਿਆਂ ਲਈ ਬੱਚਿਆਂ ਸਮੇਤ ਚਲੇ ਜਾਂਦੇ ਹਨ, ਉਦੋਂ ਸਕੂਲ ਦੀਆਂ ਇਹਨਾਂ ਪ੍ਰਬੰਧਕ ਕਮੇਟੀਆਂ ਦਾ ਪ੍ਰਬੰਧ ਸਰਕਾਰੀ ਨਿਯਮਾਂ ਅਨੁਸਾਰ ਕਿਵੇਂ ਚਲਾਇਆ ਜਾ ਸਕਦਾ ਹੈ?

ਪਿੰਡਾਂ ਦੀ ਹਾਲਤ ਸਮਾਜਿਕ ਤੌਰ 'ਤੇ ਵੀ ਪੁੱਠੇ ਗੇੜ 'ਚ ਹੈ। ਰਿਸ਼ਤੇਦਾਰੀਆਂ, ਸੁੰਗੜ ਚੁੱਕੀਆਂ ਹਨ। ਬੱਚਿਆਂ, ਵਿਦਿਆਰਥੀਆਂ, ਨੌਜਵਾਨਾਂ ਉੱਤੇ ਆਪਣੀ ਮਾਂ-ਬੋਲੀ ਨਾਲੋਂ ਅੰਗਰੇਜ਼ੀ ਸਿੱਖਣ ਦਾ ਸ਼ੌਕ ਵਧਿਆ ਹੋਇਆ ਹੈ, ਕਿਉਂਕਿ ਉਹ ਆਇਲਟਸ ਪਾਸ ਕਰ ਕੇ, ਪਾਸਪੋਰਟ ਬਣਾ ਕੇ, ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ। ਇਹ ਰੁਝਾਨ ਕੁਝ ਸਮਾਂ ਭਾਵੇਂ ਘਟਿਆ, ਪਰ ਨਿਰੰਤਰ ਜਾਰੀ ਹੈ। ਪੰਜਾਬ ਦੀਆਂ ਯੂਨੀਵਰਸਿਟੀਆਂ, ਕਾਲਜਾਂ, ਪ੍ਰੋਫੈਸ਼ਨਲ ਕਾਲਜਾਂ ਵਿੱਚ ਵੱਡੀ ਪੱਧਰ 'ਤੇ ਦੂਜੇ ਸੂਬਿਆਂ ਦੇ ਵਿਦਿਆਰਥੀ, ਪੰਜਾਬੀਆਂ ਨਾਲੋਂ ਵੱਧ ਗਿਣਤੀ 'ਚ ਦਾਖਲਾ ਲੈਂਦੇ ਹਨ, ਉਹ ਵੀ ਖ਼ਾਸ ਕਰਕੇ ਪ੍ਰੋਫੈਸ਼ਨਲ ਕੋਰਸਾਂ ਵਿੱਚ।

ਇਹੋ ਜਿਹੀ ਸਥਿਤੀ ਵਿੱਚ ਪੰਜਾਬ ਦਾ ਭਵਿੱਖ ਆਖਰ ਹੈ ਕੀ? ਕੌਣ ਫੜੇਗਾ ਪੰਜਾਬ ਦੀ ਬਾਂਹ? ਜਦੋਂ ਕਿ ਸਿਆਸਤਦਾਨ, ਸਮਾਜ ਸੇਵਾ ਛੱਡ ਚੁੱਕੇ ਹਨ। ਉਹਨਾਂ ਦਾ ਕਾਰੋਬਾਰ ਵੋਟ ਹਥਿਆਉਣਾ ਹੈ।

ਪੰਜਾਬ ਦਾ ਖੇਤੀ ਖੇਤਰ ਸੰਕਟ 'ਚ ਹੈ। ਵੱਡੀਆਂ ਹਾਈਵੇ ਸੜਕਾਂ ਬਣਾ ਕੇ ਪੰਜਾਬ ਦੀ ਵਾਹੀਯੋਗ ਜ਼ਮੀਨ, ਸਰਕਾਰੀ ਕਬਜ਼ੇ 'ਚ ਨਹੀਂ, ਕਾਰਪੋਰੇਟੀ ਕਬਜ਼ੇ 'ਚ ਕੀਤੀ ਜਾ ਰਹੀ ਹੈ, ਕਿਉਂਕਿ ਇਹ ਸਿਰਫ਼ ਨਿੱਜੀ ਅਤੇ ਵਪਾਰਕ ਹਿੱਤਾਂ ਲਈ ਵਰਤੀ ਜਾਣੀ ਹੈ। ਫਿਰ ਪੰਜਾਬ ਦਾ ਕਿਸਾਨ ਕਿੱਥੇ ਜਾਏਗਾ? ਕੀ ਮਜ਼ਦੂਰ ਉਹ ਮਜ਼ਦੂਰ ਬਣੇਗਾ? ਇਹਨਾਂ ਵੱਡੇ-ਵੱਡੇ ਕਾਰਪੋਰੇਟ ਘਰਾਣਿਆਂ ਦੇ ਮਾਲਜ਼ ਵਿੱਚ ਕੰਮ ਕਰੇਗਾ? ਕਾਰਖਾਨਿਆਂ 'ਚ ਮਜ਼ਦੂਰੀ ਕਰੇਗਾ? ਜਿੱਥੇ ਪਹਿਲਾਂ ਹੀ ਵੱਡੀ ਬੇਰੁਜ਼ਗਾਰੀ ਹੈ। ਖੇਤ ਮਜ਼ਦੂਰ ਕਿੱਥੇ ਰੁ.ਲੇਗਾ?

ਪੰਜਾਬ ਦੀ ਤਬਾਹੀ ਲਈ ਜ਼ਿੰਮੇਵਾਰ ਸਾਰੇ ਕਾਰਕਾਂ ਦੀ ਨਿਸ਼ਾਨਦੇਹੀ ਸਮੇਂ ਦੀ ਮੰਗ ਹੈ। ਇਹ ਕਾਰਕ ਪੰਜਾਬ ਨੂੰ ਪੰਜਾਬ ਨਹੀਂ ਰਹਿਣ ਦੇਣਗੇ ਇਹ ਕਾਰਕ ਸਿਆਸੀ ਹਵਸ ਕਾਰਨ, ਹੋਰ ਵੀ ਵੱਧ ਫੁੱਲ ਰਹੇ ਹਨ ਅਤੇ ਤੇਜ਼ੀ ਨਾ.ਲ ਪਨਪ ਰਹੇ ਹਨ। ਪੰਜਾਬ ਦੀ ਬੋਲੀ ਪੰਜਾਬ 'ਚ ਵਧਣ ਦੀ ਥਾਂ ਘਰਾਂ, ਕਾਰੋਬਾਰਾਂ, ਸਰਕਾਰੀ ਦਫ਼ਤਰਾਂ 'ਚ ਛੁਟਿਆਈ ਜਾ ਰਹੀ ਹੈ। ਪੰਜਾਬ ਦਾ ਸੱਭਿਆਚਾਰ ਗਿੱਧੇ, ਭੰਗੜੇ ਤੇ ਗਾਣਿਆਂ ਤੱਕ ਸੀਮਤ ਕਰਨ ਦੀ ਸਾਜ਼ਿਸ਼ ਰਚੀ ਜਾ ਚੁੱਕੀ ਹੈ। ਪੰਜਾਬ ਨੂੰ ਰਾਜਧਾਨੀ ਰਹਿਤ, ਪਾਣੀਆਂ ਰਹਿਤ, ਵਾਹੀਯੋਗ ਜ਼ਮੀਨ ਰਹਿਤ, ਬੇਰੁਜ਼ਗਾਰੀ ਭਰਪੂਰ ਬਣਾਉਣ ਲਈ ਸਾਜ਼ਿਸ਼ਨ ਟਿੱਲ ਲਾਇਆ ਜਾ ਚੁੱਕਾ ਹੈ।

ਹਰਿਆ-ਭਰਿਆ ਪੰਜਾਬ ਮਧੋਲਿਆ ਜਾ ਚੁੱਕਾ ਹੈ। ਜਵਾਨੀ ਨੂੰ ਨਸ਼ਿਆਂ ਅਤੇ ਬੇਰੁਜ਼ਗਾਰੀ ਦੀ ਸਿੱਕ ਖਾ ਰਹੀ ਹੈ। ਆਓ ਸ਼ਨਾਖਤ ਕਰੀਏ! ਉਹਨਾਂ ਲੋਕਾਂ ਦੀ ਜੋ ਪੰਜਾਬ ਨੂੰ ਲੋੜ ਵੇਲੇ ਵਰਤਦੇ ਹਨ ਅਤੇ ਫਿਰ ਭੁੱਲ ਜਾਂਦੇ ਹਨ ਕਿ ਇਹ ਉਹੀ ਪੰਜਾਬੀ ਲੋਕ ਨੇ ਜੋ ਸਰਹੱਦਾਂ 'ਤੇ ਦੇਸ ਦੀ ਰਾਖੀ ਕਰਦੇ ਹਨ। ਪੂਰੇ ਦੇਸ ਨੂੰ ਵੱਧ ਤੋਂ ਵੱਧ ਅੰਨ ਮੁਹੱਈਆ ਕਰਵਾਉਂਦੇ ਹਨ ਅਤੇ ਆਪ ਸ਼ਤੀਰਾਂ-ਲਟੈਣਾਂ ਨੂੰ ਜੱਫੇ ਪਾ ਕੇ ਦੇਸ ਨੂੰ ਭੁੱਖ ਤੋਂ ਕੋਹਾਂ ਦੂਰ ਰੱਖਦੇ ਹਨ।

**

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥




(5/3/1941- 5/28/2025)
◆ ਬੀਬੀ ਦੇਬੋ ਦਾਸ ਰੱਲ ਜੀ ◆
(ਸ਼੍ਰੀ ਮਨਜੀਤ ਰੱਲ ਦੇ ਮਾਤਾ ਜੀ ਅਤੇ ਸੁਪਤਨੀ ਮਰਹੂਮ ਸ਼੍ਰੀ ਸੇਵਕ ਦਾਸ ਰੱਲ)
ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ
ਬੀਬੀ ਦੇਬੋ ਦਾਸ ਰੱਲ ਜੀ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ
ਬੁੱਧਵਾਰ 28 ਮਈ 2025 ਨੂੰ ਪੈਟਾਲੂਮਾ, ਕੈਲੀਫੋਰਨੀਆ
ਵਿਖੇ ਅਕਾਲ ਚਲਾਣਾ ਕਰ ਗਏ ਹਨ।
(ਪਿਛਲਾ ਪਿੰਡ: ਝਿੰਗੜਾਂ, ਪੰਜਾਬ, ਭਾਰਤ)

◆ ਅੰਤਿਮ ਸੰਸਕਾਰ ◆
ਬੁੱਧਵਾਰ 4 ਜੂਨ 2025 ਦੁਪਹਿਰ 12:00 ਵਜੇ ਪੈਟਾਲੂਮਾ ਵਿੱਚ
Parent Sorensen Mortuary and Crematory
850 Keokuk Street, Petaluma CA 94952
● ਅੰਤਿਮ ਅਰਦਾਸ ●
ਅੰਤਿਮ ਸੰਸਕਾਰ ਤੋਂ ਬਾਅਦ ਆਪ ਜੀ ਨੂੰ ਅੰਤਿਮ ਅਰਦਾਸ
ਵਿੱਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।
GURU NANAK DARBAR GURDWARA
792 Todd Rd, Santa Rosa, CA, 95407
ਪਰਿਵਾਰ ਦਾ ਸੰਪਰਕ: ਸ਼੍ਰੀ ਮਨਜੀਤ ਰੱਲ (916) 822-0615

ਅਦਾਰਾ ਦੇਸ਼ ਦੁਆਬਾ ਇਸ ਦੁੱਖ ਦੀ ਘੜੀ ਦੁਖੀ ਪਰਿਵਾਰ ਦੇ ਨਾਲ ਦੁੱਖ ਪ੍ਰਗਟ ਕਰਦਾ ਹੈ

### ਫਤਹਿ ਦਿਵਸ ਕਿਲਾ ਲੋਹਗੜ੍ਹ ਸਾਹਿਬ ਅੰਮ੍ਰਿਤਸਰ 'ਤੇ ਵਿਸ਼ੇਸ਼

# ਸਿੱਖਾਂ 'ਤੇ ਮੁਗਲਾਂ ਦਾ ਪਹਿਲਾ ਯੁੱਧ



ਪ੍ਰਸਿੱਧ ਲੇਖਕ ਸਤਿਬੀਰ ਸਿੰਘ ਸਿੱਖਾਂ ਤੇ ਮੁਗਲਾਂ ਵਿਚ ਹੋਇ ਇਸ ਪਹਿਲੇ ਯੁੱਧ ਬਾਰੇ ਲਿਖਦੇ ਹਨ ਕਿ 1629 ਈ. ਵਿੱਚ ਪਿੰਡ ਗੁਮਟਾਲੇ ਦੀ ਥਾਂ ਉੱਤੇ ਐਸੀ ਘਟਨਾ ਹੋ ਗਈ ਜਿਸ ਨੇ ਜੰਗ ਦਾ ਆਰੰਭ ਕਰ ਦਿੱਤਾ ਤਾਂ ਲਤੀਫ਼ ਅਨੁਸਾਰ, 'ਮੁਗ਼ਲਾਂ ਅਤੇ ਸਿੱਖਾਂ ਵਿਚਕਾਰ ਪਹਿਲੀ ਲੜਾਈ ਹੋਈ ਜਿਸ ਉਪਰੰਤ ਇਤਿਹਾਸ ਵਿੱਚ ਹੋਰ ਕਈ ਲੜਾਈਆਂ ਦਾ ਮੁੱਢ ਬੱਝਿਆ'।

ਗੁਰੂ ਹਰਿਗੋਬਿੰਦ ਜੀ ਸ਼ਿਕਾਰ ਖੇਡਣ ਲਈ ਗੁਮਟਾਲੇ ਆਪਣੇ ਸਿੱਖਾਂ ਸਮੇਤ ਗਏ। ਦੇਵ ਨੇਤ ਨਾਲ ਸ਼ਾਹੀ ਫ਼ੌਜਾਂ ਵੀ ਲਾਗੇ ਹੀ ਸ਼ਿਕਾਰ ਖੇਡਣ ਲਈ ਉਤਰੀਆਂ ਹੋਈਆਂ ਸਨ। ਗੁਰੂ ਜੀ ਦੇ ਬਾਜ਼ ਨੇ ਸ਼ਾਹੀ ਬਾਜ਼ ਨੂੰ ਜਾ ਦਬਾਇਆ। ਸਿੱਖ ਰਵਾਇਤ ਅਨੁਸਾਰ ਸ਼ਾਹੀ ਬਾਜ਼ ਆਪਣੇ ਸ਼ਿਕਾਰ ਨੂੰ ਠੂੰਗੇ ਮਾਰ ਕੇ ਤਸੀਹੇ ਦੇਂਦਾ ਸੀ। ਸ਼ਿਕਾਰ ਨੂੰ ਘੜੀ-ਮੁੜੀ ਅਸਮਾਨ ਉਤੇ ਲੈ ਜਾ ਕੇ ਭੁੰਜੇ ਜ਼ਮੀਨ ਵੱਲ ਸੁੱਟਦਾ ਸੀ। ਸਿੱਖ ਸ਼ਿਕਾਰ ਨਾਲ ਇਸ ਤਰ੍ਹਾਂ ਵਰਤਾਉ ਕੀਤੇ ਜਾ ਰਹੇ ਨੂੰ ਸਹਾਰ ਨਾ ਸਕੇ। ਉਨ੍ਹਾਂ ਆਪਣਾ ਬਾਜ਼ ਉਡਾ ਕੇ ਤਸੀਹੇ ਦੇਂਦੇ ਬਾਜ ਨੂੰ ਪਕੜ ਲਿਆਂਦਾ। ਜਦ ਅਹਿਲਕਾਰਾਂ ਨੇ ਬਾਜ਼ ਵਾਪਸ ਮੰਗਿਆ ਤਾਂ ਸਿੱਖਾਂ ਨੇ ਇਨਕਾਰ ਕਰ ਦਿੱਤਾ। ਸ਼ਾਹੀ ਫ਼ੌਜਾਂ ਨੇ ਧਮਕੀਆਂ ਦੇਣੀਆਂ ਸ਼ੁਰੂ ਕੀਤੀਆਂ ਕਿ ਇਸ ਬਾਜ਼ ਦੇ ਨਾ ਵਾਪਸ ਕਰਨ ਦਾ ਸਿੱਟਾ ਜੰਗ ਹੋਵੇਗੀ। ਗੁਰੂ ਜੀ ਨੇ ਧਮਕੀਆਂ ਅੱਗੇ ਝੁਕਣਾ ਧਰਮ ਵਿਰੁੱਧ ਸਮਝਿਆ। 'ਅਣਖ ਲਈ ਲੜਨਾ ਹੀ ਧਰਮ' ਕਿਹਾ।



ਡਾ. ਚਰਨਜੀਤ ਸਿੰਘ ਗੁਮਟਾਲਾ,
ਵਟਸ ਐਪ 919417533060,
0019375739812

ਗ਼ੁਲਾਮ ਰਸੂਲ ਖ਼ਾਨ ਦੀ ਕਮਾਨ ਹੇਠਾਂ ਮੁਖਲਿਸ ਖ਼ਾਨ ਨੇ ਸ਼ਾਹ ਜਹਾਨ ਦੇ ਕਹਿਣ ਉਤੇ 7000 ਫ਼ੌਜ਼ ਭੇਜੀ। ਸ਼ਾਹਜਹਾਨ ਨੂੰ ਇਹ ਕਹਿ ਕੇ ਚੁੱਕਿਆ ਸੀ ਕਿ ਅੱਜ ਬਾਜ਼ ਨੂੰ ਹੱਥ ਪਾਇਆ ਨੇ, ਕੱਲ੍ਹ ਤਾਜ ਨੂੰ ਪਾਉਣਗੇ। ਗੁਰੂ ਜੀ ਜੰਗ ਲਈ ਤਿਆਰ ਨਹੀਂ ਸਨ। ਇਸ ਦਾ ਅੰਦ-ਾਜ਼ਾ ਇਸੇ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਹ ਅੰਮ੍ਰਿਤਸਰ ਵਿੱਚ ਬੀਬੀ ਵੀਰੋ ਜੀ ਦੇ ਅਨੰਦ ਕਾਰਜ ਦਾ ਪ੍ਰਬੰਧ ਕਰ ਰਹੇ ਸਨ ਅਤੇ ਵਿਆਹ ਨੂੰ ਕੁਝ ਦਿਨ ਹੀ ਬਾਕੀ ਸਨ ਪਰ ਜਦ ਫ਼ੌਜ ਦੀ ਚੜ੍ਹਾਈ ਦਾ ਪਤਾ ਲੱਗਾ ਤਾਂ ਗੁਰੂ ਜੀ ਨੇ ਆਪਣੇ ਸੇਵਕਾਂ ਦੀ ਫ਼ੌਜ਼ ਨਾਲ ਲੈ ਕੇ ਟਾਕਰਾ ਕਰਨ ਦਾ ਫ਼ੈਸਲਾ ਕੀਤਾ। ਪਹਿਲੀ ਹੀ ਝਪਟ ਵਿੱਚ ਗ਼ੁਲਾਮ ਰਸੂਲ ਭੱਜ ਗਿਆ ਅਤੇ ਸਿੱਖਾਂ ਨੂੰ ਪਹਿਲੀ ਜਿੱਤ ਪ੍ਰਾਪਤ ਹੋਈ। ਇਹ ਜੰਗ ਸੰਗਰਾਣਾ ਸਾਹਿਬ ਦੇ ਅਸਥਾਨ 'ਤੇ ਹੋਈ।

**ਮੁਖਲਿਸ ਖ਼ਾਨ ਚੜ੍ਹ ਕੇ ਆਇਆ:-** ਜਿੱਥੇ ਅੱਜਕੱਲ੍ਹ ਖ਼ਾਲਸਾ ਕਾਲਜ ਹੈ ਉੱਥੇ ਤੇ ਇਸ ਦੇ ਆਸ ਪਾਸ ਇਹ ਜੰਗ ਹੋਈ ਸੀ। ਇਸ ਮੁੱਢਲੀ ਹਾਰ ਨੂੰ ਵੇਖ ਕੇ ਮੁਖਲਿਸ ਖ਼ਾਨ ਨੇ ਆਪ ਗੁਰੂ ਜੀ ਵਿਰੁੱਧ ਚੜ੍ਹਾਈ ਕੀਤੀ। ਗੁਰੂ ਜੀ ਵੀ ਜਾਣ ਗਏ ਸਨ ਕਿ ਇਹ ਗੱਲ ਇੱਥੇ ਨਹੀਂ ਮੁੱਕਣੀ। ਇਸ ਲਈ ਉਨ੍ਹਾਂ ਵੀ ਜਿੱਥੋਂ ਤੱਕ ਹੋ ਸਕਿਆ, ਤਿਆਰੀ ਕਰ ਲਈ। ਸਿੱਖਾਂ ਦੇ ਕੁਝ ਕਰਾਰੇ ਹੱਥ ਸਹਿ ਕੇ ਹੀ ਮੁਗ਼ਲਾਂ ਦੀ ਫ਼ੌਜ ਘਬਰਾ ਗਈ ਪਰ ਹੱਲਾ-ਸ਼ੇਰੀ ਦੇਣ ਨਾਲ ਫ਼ੌਜ਼ ਦੇ ਪੈਰ ਜੰਮ ਗਏ। ਸਿੱਖਾਂ ਦੀ ਫ਼ੌਜ਼ ਵਿੱਚ ਵੀ ਹਲਚਲ ਮੱਚੀ, ਪਰ ਗੁਰੂ ਜੀ ਨੇ ਜਦੋਂ ਕਮਾਨ ਸੰਭਾਲੀ ਤਾਂ ਡਿੱਗਦੇ ਹੌਂਸਲੇ ਵੀ ਖੜ੍ਹੇ ਹੋ ਗਏ। ਸ਼ਾਮ ਤੱਕ ਲੜਾਈ ਹੁੰਦੀ ਰਹੀ। ਕੋਈ ਫ਼ੈਸਲਾ ਨਾ ਹੋ ਸਕਿਆ। ਅੰਤ ਰਾਤ ਦਾ ਅਨ੍ਹੇਰਾ ਛਾ ਗਿਆ।

ਮੁਖਲਿਸ ਖ਼ਾਨ ਨੇ ਸੋਚਿਆ ਕਿ ਗੁਰੂ ਜੀ ਕੋਲੋਂ ਨਾ-ਮਾਤਰ ਈਨ ਮੰਨਵਾ ਲਈ ਜਾਵੇ। ਉਸ ਰਾਤੀਂ ਕਾਸਦ ਭੇਜਿਆ। ਗੁਰੂ ਜੀ ਨੇ ਜਵਾਬ ਦਿੱਤਾ : 'ਇਹ ਠੀਕ ਹੈ, ਅਸਾਂ ਕੋਈ ਮੱਲ ਨਹੀਂ ਮਾਰਨੀ, ਮੁਲਕ ਕੋਈ ਨਹੀਂ ਮੱਲਣਾ, ਪਰ ਅਸਾਂ ਅਨਿਆਂ ਦਾ ਰਾਜ ਵੀ ਚੱਲਣ ਨਹੀਂ ਦੇਣਾ, ਗਰੀਬਾਂ ਉਤੇ ਧੱਕਾ ਨਹੀਂ ਹੋਣ ਦੇਣਾ, ਮਾਸੂਮਾਂ ਨੂੰ ਜਬਰ ਤੋਂ ਬਚਾਉਣਾ ਹੈ। ਹਕੂਮਤ ਜਬਰ ਦੇ ਬਲ ਉਤੇ ਚਲ ਰਹੀ ਹੈ। ਦੁਨੀਆਂ ਦੇ ਮਾਲਕ ਨੂੰ ਹੰਕਾਰ ਕਦੇ ਨਹੀਂ ਭਾਇਆ। ਉਹ ਸੱਚਿਆ ਦਾ ਸਾਥੀ ਹੈ ਤੇ ਧਰਮੀਆਂ ਦਾ ਰਾਖਾ ਹੈ। ਈਨ ਮੰਨਣ ਜਾਂ ਨਾ ਮੰਨਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ'।

ਇਹ ਉਤਰ ਪਾ ਕੇ ਮੁਖਲਿਸ ਖ਼ਾਨ ਨੇ ਫ਼ੈਸਲਾਕੁਨ ਲੜਾਈ ਕਰਨ ਦਾ ਫ਼ੈਸਲਾ ਕੀਤਾ। ਨਾਲ ਹੀ ਮੁਖਲਿਸ ਖ਼ਾਨ ਨੇ ਇਹ ਖਾਹਿਸ਼ ਪ੍ਰਗਟ ਕੀਤੀ ਕਿ ਫ਼ੌਜ਼ਾਂ ਨੂੰ ਮਰਵਾਉਣ ਦਾ ਕੀ ਲਾਭ? ਕੇਵਲ ਗੁਰੂ ਅਤੇ ਉਸ ਦੀ ਸਾਂਝੀ ਆਹਮੋ-ਸ੍ਹਾਵੀਂ ਦੁਵੱਲੀ ਲੜਾਈ ਹੋ ਜਾਏ। ਉਸ ਦੁਵੱਲੀ ਲੜਾਈ ਵਿੱਚ ਪਹਿਲਾ ਵਾਰ ਮੁਖਲਿਸ ਖ਼ਾਨ ਨੇ ਕੀਤਾ ਪਰ ਉਹ ਅੰਵਾਈਂ ਚਲਾ ਗਿਆ। ਫੇਰ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਖੰਡੇ ਨਾਲ ਅਜਿਹਾ ਵਾਰ ਕੀਤਾ ਕਿ ਮੁਖਲਿਸ ਖ਼ਾਨ ਦੀ ਢਾਲ ਚੀਰ ਕੇ ਉਸ ਦੇ ਸਿਰ ਵਿੱਚੋਂ ਪਾਰ ਕਰ ਗਿਆ। ਮੁਖਲਿਸ ਖ਼ਾਨ ਦੀਆਂ ਫ਼ੌਜ਼ਾਂ ਵਾਪਸ ਮੁੜ ਗਈਆਂ ਅਤੇ ਗੁਰੂ ਜੀ ਉਥੋਂ ਸਿੱਧੇ ਝੁਬਾਲ ਚਲੇ ਗਏ ਅਤੇ ਉਥੇ ਹੀ ਬੀਬੀ ਵੀਰੋ ਜੀ ਦਾ ਆਨੰਦ ਕਾਰਜ ਕੀਤਾ।

ਆਸਫ਼ ਖ਼ਾਨ ਪ੍ਰਧਾਨ ਮੰਤਰੀ ਨੂੰ ਜਦ ਸਾਰੀ ਗੱਲਬਾਤ ਤੇ ਲੜਾਈ ਦਾ ਪਤਾ ਲੱਗਾ ਤਾ ਉਸ ਨੇ ਗਵਰਨਰ ਕੁਲੀਜ਼ ਖ਼ਾਨ ਨੂੰ ਹਟਾ ਦਿੱਤਾ ਅਤੇ ਉਸ ਦੀ ਥਾਂ ਅਨਾਇਤ-ਉਲਾ ਏਜ਼ਦੀ ਨੂੰ ਪੰਜਾਬ ਦਾ ਗਵਰਨਰ ਥਾਪਿਆ। ਸ਼ਾਹਜਹਾਨ ਆਪ ਪੰਜਾਬ ਨਹੀਂ ਆ ਸਕਦਾ ਸੀ ਸੋ ਉਸ ਨੇ ਆਸਫ਼ ਖ਼ਾਨ ਦੇ ਪ੍ਰਬੰਧ ਦੀ ਹਮਾਇਤ ਕੀਤੀ।

ਡਾ. ਸੁਖਦਿਆਲ ਸਿੰਘ ਇਸ ਯੁੱਧ ਬਾਰੇ ਲਿਖਦੇ ਹਨ ਕਿ ਹੋਰ ਰਿਸ਼ਤੇਦਾਰਾਂ ਨੂੰ ਕਤਲ ਕਰਕੇ, ਸ਼ਾਹ ਜ਼ਹਾਨ ਨੇ ਆਪਣੇ ਸਹੁਰਾ ਆਸਿਫ਼ ਖ਼ਾਨ ਦੀ ਮਦਦ ਨਾਲ ਰਾਜ-ਭਾਗ ਸੰਭਾਲਿਆ। ਉਹ ਮੁਸਲਿਮ ਜਗਤ ਨੂੰ ਖੁਸ਼ ਕਰਨਾ ਚਾਹੁੰਦਾ ਸੀ। ਇਸ ਮਨੋਰਥ ਦੀ ਪੂਰਤੀ ਲਈ ਉਸ ਨੇ ਨਵੀਂ ਧਾਰਮਿਕ ਨੀਤੀ ਦਾ ਐਲਾਨ ਕੀਤਾ। ਇਸ ਤਹਿਤ ਮੁਸਲਮਾਨਾਂ ਵੱਲੋਂ ਧਰਮ ਬਦਲਣ 'ਤੇ ਪਾਬੰਦੀ ਲਾਈ ਗਈ ਸੀ। ਹਿੰਦੂਆਂ ਦਾ ਕੋਈ ਨਵਾਂ ਮੰਦਰ ਨਹੀਂ ਬਣ ਸਕਦਾ ਸੀ। ਇਉਂ ਇਸ ਨੀਤੀ ਤੋਂ ਹੱਲਾਸ਼ੇਰੀ ਲੈ ਕੇ ਮੁਸਲਮਾਨ ਜਗਤ ਦੇ ਕੱਟੜ ਪੈਰੋਕਾਰ ਗੈਰ-ਮੁਸਲਮਾਨਾਂ ਪ੍ਰਤੀ ਹਮਲਾ ਕਰੂ ਨੀਤੀ ਅਪਣਾਉਣ ਲੱਗ ਪਏ ਸਨ। ਇਸ ਦਾ ਅਸਰ ਪੰਜਾਬ ਵਿੱਚ ਵੀ ਹੋਇਆ। ਸਿੱਖ ਧਰਮ ਦੀ ਵਿਰੋਧਤਾ ਕਰਨ ਵਾਲੇ ਮੁਸਲਿਮ ਕੱਟੜਪੰਥੀ ਮੌਲਾਣੇ ਅਤੇ ਅਧਿਕਾਰੀ ਗੁਰੂ ਹਰਿਗੋਬਿੰਦ ਸਾਹਿਬ ਪ੍ਰਤੀ ਅਤੇ ਸਿੱਖ ਗੁਰਦੁਆਰਿਆਂ ਪ੍ਰਤੀ ਹਮਲਾ ਕਰੂ ਰੁੱਖ ਅਖਤਿਆਰ ਕਰਨ ਲੱਗ ਪਏ ਸਨ। ਲਾਹੌਰ ਵਿੱਚ ਗੁਰੂ ਰਾਮਦਾਸ ਜੀ ਵੱਲੋਂ ਲਗਵਾਈ ਗਈ ਬਾਉਲੀ ਸਾਹਿਬ ਨੂੰ ਮਿੱਟੀ ਨਲ ਭਰ ਦਿੱਤਾ ਗਿਆ ਸੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਆਪਣੇ ਜੀਵਨ ਕਾਲ ਵਿੱਚ ਅਨੇਕਾਂ ਲੜਾਈਆਂ ਦਾ ਵੀ ਸਾਹਮਣਾ ਕਰਨਾ ਪਿਆ ਸੀ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਹ ਲੜਾਈਆਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਤੁਰੰਤ ਪਿੱਛੋਂ ਨਹੀਂ ਹੋਈਆਂ ਸਗੋਂ ਉਸ ਸਮੇਂ ਹੋਈਆਂ ਸਨ ਜਦੋਂ ਸਿੱਖ ਜਗਤ ਆਪਣੇ ਸ਼ਹੀਦ ਗੁਰੂ ਦੀ ਸ਼ਹਾਦਤ ਦੇ ਗ਼ਮ ਵਿੱਚੋਂ ਸੰਭਲ ਕੇ ਧਰਮ ਪ੍ਰਚਾਰ ਵਿੱਚ ਲੱਗਾ ਹੋਇਆ ਸੀ। ਬਾਦਸ਼ਾਹ ਜਹਾਂਗੀਰ ਦਾ ਪਿਛਲਾ ਸਾਰਾ ਸਮਾਂ ਗੁਰੂ-ਘਰ ਪ੍ਰਤੀ ਦੋਸਤਾਨਾ ਸੀ। ਪਰ ਉਸ ਦੀ ਮੌਤ ਬਾਅਦ ਜਦੋਂ ਉਸ ਦਾ ਪੁੱਤਰ ਸ਼ਾਹ ਜਹਾਨ ਬਾਦਸ਼ਾਹ ਦੇ ਮੁੱਢਲੇ ਸਮੇਂ ਵਿੱਚ ਹੋਈਆਂ ਸਨ। ਸ਼ਾਹ ਜਹਾਨ 1627 ਈ। ਵਿੱਚ ਗੱਦੀ 'ਤੇ ਬੈਠਾ ਸੀ ਅਤੇ ਗੁਰੂ ਜੀ ਨੂੰ ਪਹਿਲੀ ਲੜਾਈ 1629 ਈ। ਵਿੱਚ ਕਰਨੀ ਪਈ ਸੀ। ਬਾਦਸ਼ਾਹ ਪੰਜਾਬ ਤੋਂ ਦੂਰ ਸੀ ਅਤੇ ਪੰਜਾਬ ਦੇ ਅਧਿਕਾਰੀ ਲਾਹੌਰ ਦਾ ਗਵਰਨਰ ਕੁਲੀਜ਼ ਖ਼ਾਨ ਸੀ। ਉਸ ਨੇ ਆਪਣੇ ਇੱਕ ਫ਼ੌਜਦਾਰ ਮੁਖਲਿਸ ਖ਼ਾਨ ਨੂੰ ਅੰਮ੍ਰਿਤਸਰ ਗੁਰੂ ਜੀ ਉਪਰ ਹਮਲਾ ਕਰਨ ਲਈ ਭੇਜਿਆ ਤਾਂ ਕਿ ਗੁਰੂ ਜੀ ਨੂੰ ਅੰਮ੍ਰਿਤਸਰ ਤੋਂ ਕੱਢ ਦਿੱਤਾ ਜਾਵੇ। ਇਹ ਗੱਲ ਅਪ੍ਰੈਲ 1629 ਈ। ਦੀ ਹੈ। ਉਧਰ ਗੁਰੂ ਜੀ ਆਪਣੀ ਬੇਟੀ ਬੀਬੀ ਵੀਰੋ ਜੀ ਦੇ ਵਿਆਹ ਦੀਆਂ ਰਸਮਾਂ ਵਿੱਚ ਰੁੱਝੇ ਹੋਏ ਸਨ। ਅਚਨਚੇਤ ਗੁਰੂ ਜੀ ਉਪਰ ਹਮਲਾ ਕੀਤਾ ਗਿਆ। ਜਿੰਨੀਆਂ ਕੁ ਸਿੱਖ ਸੰਗਤਾਂ ਅੰਮ੍ਰਿਤਸਰ ਵਿਖੇ ਸਨ ਉਨ੍ਹਾਂ ਨੇ ਪੂਰੀ ਦ੍ਰਿੜਤਾ ਨਾਲ ਹਮਲਾਵਰ ਫ਼ੌਜ ਦਾ ਮੁਕਾਬਲਾ ਕੀਤਾ। ਇਸ ਝੜੱਪ ਵਿੱਚ ਗੁਰੂ ਜੀ ਦਾ ਘਰਬਾਰ ਲੁੱਟ ਲਿਆ ਗਿਆ ਸੀ। ਲੜਕੀ ਦੀ ਸ਼ਾਦੀ ਲਈ ਤਿਆਰ ਕੀਤਾ ਸਮਾਨ ਲੁੱਟ ਲਿਆ ਗਿਆ ਸੀ। ਬਰਾਤ ਲਈ ਤਿਆਰ ਕੀਤੀ ਮਠਿਆਈ ਲੁੱਟ ਲਈ ਗਈ ਸੀ। ਜ਼ੁਲਿਫ਼ਕਾਰ ਅਰਧਿਸਤਾਨੀ ਲਿਖਦਾ ਹੈ ਕਿ: "ਉਸ (ਗੁਰੂ ਜੀ) ਦਾ ਸ਼ਹਿ-ਨਸ਼ਾਹੀ ਗਮਾਸ਼ਤਿਆਂ ਦੀ ਫ਼ੌਜ ਅਤੇ ਸ਼ਾਹਜਹਾਨ ਦੇ ਨੌਕਰਾਂ ਨਾਲ, ਜੋ ਬਾਦਸ਼ਾਹੀ ਫੁਰਮਾਨ ਅਨੁਸਾਰ ਉਸ ਦੇ ਉਪਰ ਚੜ੍ਹਕੇ ਗਏ ਸੀ, ਟਾਕਰਾ ਹੋ ਗਿਆ। ਗੁਰੂ ਦਾ ਘਰ-ਬਾਰ ਲੁੱਟਿਆ ਗਿਆ"। ਪਰ ਇਥੇ ਇੱਕ ਗੱਲ ਨੋਟ ਕਰਨ ਵਾਲੀ ਹੈ ਕਿ ਗੁਰੂ ਜੀ ਉਪਰ ਹਮਲਾ ਕਰਨ ਬਾਰੇ ਬਾਦਸ਼ਾਹ ਦਾ ਸ਼ਾਹੀ ਫੁਰਮਾਨ ਕੋਈ ਨਹੀਂ ਸੀ ਅਤੇ ਨਾ ਹੀ ਬਾਦਸ਼ਾਹ ਦੀ ਗੁਰੂ ਜੀ ਉਪਰ ਹਮਲਾ ਕਰਨ ਵਿੱਚ ਕੋਈ ਦਿਲਚਸਪੀ ਹੀ ਸੀ। ਇਹ ਹਮਲਾ ਨਿਰੋਲ ਸਥਾਨਕ ਅਧਿਕਾਰੀਆਂ ਵੱਲੋਂ ਸੀ ਅਤੇ ਇਹ ਵੀ ਸਿਰਫ਼ ਸੀਮਤ ਹੱਦ ਤੱਕ ਹੀ ਸੀ। ਪੰਜਾਬ ਦੀ ਸਮੁੱਚੀ ਹਕੂਮਤ ਦੀ ਵੀ ਇਸ ਵਿੱਚ ਕੋਈ ਦਿਲਚਸਪੀ ਨਹੀਂ ਸੀ।

ਗੁਰੂ ਜੀ ਦੇ ਸਿੱਖਾਂ ਵੱਲੋਂ ਜੋ ਸਿੱਖ ਸ਼ਹੀਦ ਹੋਏ ਸਨ ਉਨ੍ਹਾਂ ਦੀ ਗਿਣਤੀ ਤੇਰ੍ਹਾਂ ਦੱਸੀ ਗਈ ਹੈ ਅਤੇ ਇਨ੍ਹਾਂ ਦੇ ਨਾਂ ਇਉਂ ਹਨ : ਭਾਈ ਨੰਦ ਜੀ, ਭਾਈ ਜੈਤਾ ਜੀ, ਭਾਈ ਪਿਰਾਣਾ, ਭਾਈ ਤੋਤਾ, ਭਾਈ ਤਿਲੋਕਾ, ਭਾਈ ਸਾਂਈ ਦਾਸ, ਭਾਈ ਪੈੜਾ, ਭਾਈ ਭਗਤੂ, ਭਾਈ ਅਨੰਤਾ, ਭਾਈ ਨਿਹਾਲਾ, ਭਾਈ ਤਖ਼ਤੂ, ਭਾਈ ਮੋਹਨ ਅਤੇ ਭਾਈ ਗੋਪਾਲ ਜੀ।

ਅੰਮ੍ਰਿਤਸਰ ਦੇ ਨੇੜੇ ਹੀ ਝੁਬਾਲ ਪਿੰਡ ਹੈ। ਝਬਾਲ ਦਾ ਚੌਧਰੀ ਲੰਗਾਹ ਸੀ ਜੋ ਗੁਰੂ ਅਰਜਨ ਦੇਵ ਜੀ ਦੇ ਮੁੱਖੀ ਸਿੱਖਾਂ ਵਿੱਚੋਂ ਸੀ। ਇਸ ਲੜਾਈ ਵਿੱਚ ਚੌਧਰੀ ਲੰਗਾਹਾ ਵੀ ਗੁਰੂ ਜੀ ਦੀ ਮਦਦ ਕਰਨ ਲਈ ਆਇਆ ਸੀ। ਲੜਾਈ ਦਾ ਮੁਕਾਬਲਾ ਕਰਦੇ ਹੋਏ ਗੁਰੂ ਸਾਹਿਬ ਨੇ ਆਪਣਾ ਸਾਰਾ ਪਰਿਵਾਰ ਝੁਬਾਲ ਵਿਖੇ, ਚੌਧਰੀ ਲੰਗਾਹ ਦੀ ਨਿਗਰਾਨੀ ਹੇਠ ਤੋਰ ਦਿੱਤਾ ਸੀ। ਹਮਲਾ ਕਰਨ ਆਏ ਅਧਿਕਾਰੀ ਚੌਧਰੀ ਲੰਗਾਹ ਦੀ ਜਾਗੀਰ ਵਿੱਚ ਨਹੀਂ ਜਾ ਸਕਦੇ ਸਨ। ਝੱਟਪੱਟ ਦੇ ਹਮਲੇ ਵਿੱਚ ਦੁਸ਼ਮਣ ਜਿੰਨਾਂ ਕੁ ਨੁਕਸਾਨ ਗੁਰੂ ਜੀ ਦਾ ਕਰ ਸਕਦਾ ਸੀ ਉਤਨਾ ਕੁ ਕਰ ਦਿੱਤਾ। ਉਪਰੰਤ ਉਹ ਜਿਧਰੋਂ ਆਏ ਸਨ ਉਧਰ ਹੀ ਤੇਜ਼ੀ ਨਾਲ ਮੁੜ ਗਏ ਸਨ। ਗੁਰੂ ਜੀ ਝੁਬਾਲ ਵਿਖੇ ਪਹੁੰਚੇ ਅਤੇ ਉਥੇ ਜਾ ਕੇ ਆਪਣੀ ਪੁੱਤਰੀ ਬੀਬੀ ਵੀਰੋ ਜੀ ਦੀ ਸ਼ਾਦੀ ਕੀਤੀ। ਗੁਰੂ ਸਾਹਿਬ ਝੁਬਾਲ ਵਿਖੇ ਆਪਣੀ ਪੁੱਤਰੀ ਦੀ ਸ਼ਾਦੀ ਦਾ ਕੰਮ ਨਿਬੇੜ ਕੇ, ਸਿੱਖ ਸੰਗਤਾਂ ਸਮੇਤ ਕਰਤਾਰਪੁਰ (ਦੁਆਬੇ) ਵਿੱਚ ਆ ਗਏ ਸਨ। ਉਹ ਨਹੀਂ ਚਾਹੁੰਦੇ ਸਨ ਕਿ ਦੁਸ਼ਮਣਾਂ ਨੂੰ ਹੋਰ ਹਮਲਾ ਕਰਨ ਦਾ ਸਮਾਂ ਦਿੱਤਾ ਜਾਵੇ। ਕਰਤਾਰਪੁਰ ਦੇ ਨੇੜੇ ਹੀ ਦਰਿਆ ਬਿਆਸ ਦੇ ਇੱਕ ਕਿਨਾਰੇ ਉਪਰ ਗੁਰੂ ਅਰਜਨ ਦੇਵ ਜੀ ਦਾ ਵਸਾਇਆ ਹੋਇਆ ਨਗਰ ਸ੍ਰੀ ਹਰਿਗੋਬਿੰਦਪੁਰ ਸੀ। ਇਹ ਇੱਕ ਵਿਸ਼ਾਲ ਖਾਲੀ ਜਗਾਹ ਸੀ ਅਤੇ ਦਰਿਆ ਬਿਆਸ ਦੇ ਨੇੜੇ ਹੋਣ ਕਰਕੇ ਰਮਣੀਕ ਵੀ ਸੀ। ਗੁਰੂ ਜੀ ਨੇ ਇੱਥੇ ਹੀ ਆਪਣਾ ਠਹਿਰਾ ਕਰਨ ਦਾ ਫ਼ੈਸਲਾ ਕੀਤਾ।

ਵਿਸਥਾਰ ਲਈ ਵੇਖੋ: 1 ਡਾ. ਸੁਖਦਿਆਲ ਸਿੰਘ, ਸ਼ਿਰੋਮਣੀ ਸਿੱਖ ਇਤਿਹਾਸ (1469-1708), ਜਿਲਦ ਪਹਿਲੀ, ਸੰਗਮ ਪਬਲੀਕੇਸ਼ਨਜ਼, ਸਮਾਣਾ, 2010, ਪੰਨਾ 152-162।
2. ਸਤਿਬੀਰ ਸਿੰਘ, ਸਾਡਾ ਇਤਿਹਾਸ (ਭਾਗ ਪਹਿਲਾ) , ਨਿਊ ਬੁਕ ਕੰਪਨੀ ਮਾਈ ਹੀਰਾਂ ਗੇਟ, ਜਲੰਧਰ, 2011, ਪੰਨਾ 291-293।

# ਸੁਰਜੀਤ ਦੀ 'ਜ਼ਿੰਦਗੀ ਇੱਕ ਹੁਨਰ' ਪੁਸਤਕ : ਜ਼ਿੰਦਗੀ ਜਿਓਣ ਦੇ ਗੁਰ

ਸੁਰਜੀਤ ਪੰਜਾਬੀ ਦੀ ਬਹੁ-ਪ ੱਖੀ ਤੇ ਬਹੁ-ਵਿਧਾਵੀ ਸਾਹਿਤਕਾਰ ਹੈ। ਉਸ ਦੀਆਂ ਹੁਣ ਤੱਕ 7 ਮੌਲਿਕ ਪੁਸਤਕਾਂ, ਜਿਨ੍ਹਾਂ ਵਿੱਚ 5 ਕਵਿਤਾ ਸੰਗ੍ਰਹਿ ਅਤੇ ਦੋ ਵਾਰਤਕ, 3 ਸੰਪਾਦਿਤ ਪੁਸਤਕਾਂ, ਜਿਨ੍ਹਾਂ ਵਿੱਚ ਇਕ ਕਹਾਣੀ ਸੰਗ੍ਰਹਿ ਅਤੇ ਦੋ ਵਾਰਤਕ ਦੀਆਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਉਸਦੀ ਇੱਕ ਪੁਸਤਕ ਅਨੁਵਾਦ ਹੋ ਕੇ ਅੰਗਰੇਜ਼ੀ ਵਿੱਚ ਵੀ ਪ੍ਰਕਾਸ਼ਤ ਹੋ ਚੁੱਕੀ ਹੈ। 'ਜ਼ਿੰਦਗੀ ਇਕ ਹੁਨਰ' ਉਸਦੀ 11ਵੀਂ ਵਾਰਤਕ ਦੀ ਪੁਸਤਕ ਹੈ। ਸੁਰਜੀਤ ਨੇ ਇਸ ਪੁਸਤਕ ਨੂੰ ਦੋ ਭਾਗਾਂ ਵਿੱਚ ਵੰਡਿਆ ਹੈ। ਪਹਿਲੇ ਭਾਗ ਵਿੱਚ 9 ਅਤੇ ਦੂਜੇ ਭਾਗ 'ਨੂਰ ਦੇ ਰੂ-ਬਰੂ' ਵਿੱਚ ਵੀ 9 ਲੇਖ ਹਨ। ਸੁਰਜੀਤ ਮੁੱਢਲੇ ਤੌਰ 'ਤੇ ਕਵਿਤਰੀ ਹੈ। ਇਸ ਲਈ ਉਸ ਨੇ ਆਪਣੇ ਲੇਖਾਂ ਨੂੰ ਸਾਰਥਿਕ ਤੇ ਦਿਲਚਸਪ ਬਣਾਉਣ ਲਈ ਕਵਿਤਾਵਾਂ ਦੇ ਸ਼ਿਅਰ ਵੀ ਲੇਖਾਂ ਵਿੱਚ ਪਾਏ ਹਨ। ਕਵਿਤਰੀ ਹੋਣ ਕਰਕੇ ਵਾਰਤਕ ਵਿੱਚ ਰਵਾਨਗੀ ਦਰਿਆ ਦੇ ਵਹਿਣ ਦੀ ਤਰ੍ਹਾਂ ਹੈ। ਲੇਖਾਂ ਵਿੱਚ ਉਹ ਨੁਕਤੇ ਲਿਖੇ ਹਨ, ਜਿਹੜੇ ਆਮ ਜੀਵਨ ਵਿੱਚ ਸਾਰਥਿਕ ਹੋ ਸਕਦੇ ਹਨ। ਭਾਵੇਂ ਇਨ੍ਹਾਂ ਨੁਕਤਿਆਂ ਬਾਰੇ ਸਮਾਜ ਚੰਗੀ ਤਰ੍ਹਾਂ ਜਾਣਦਾ ਹੈ ਪ੍ਰੰਤੂ ਸੁਰਜੀਤ ਨੇ ਇਨ੍ਹਾਂ ਨੂੰ ਬੜੇ ਹੀ ਸਰਲ ਢੰਗ ਨਾਲ ਗੁਰਬਾਣੀ ਵਿੱਚੋਂ ਉਦਾਹਰਨਾ ਦੇ ਕੇ ਸਮਝਾਉਣ ਦੀ ਕੋਸਿਸ਼ ਕੀਤੀ ਹੈ, ਇਨ੍ਹਾਂ 'ਤੇ ਅਮਲ ਕਰਨ ਨਾਲ ਜ਼ਿੰਦਗੀ ਬਿਹਤਰੀਨ, ਆਨੰਦਮਈ, ਸੁਹਾਵਣੀ ਤੇ ਸੁਖਾਲੀ ਬਣ ਸਕਦੀ ਹੈ। ਪੁਸਤਕ ਦੇ ਸਿਰਲੇਖ ਵਾਲਾ ਪਹਿਲਾ ਲੇਖ 'ਜ਼ਿੰਦਗੀ ਇਕ ਹੁਨਰ' ਹੈ, ਜਿਸ ਵਿੱਚ ਜ਼ਿੰਦਗੀ ਜਿ ਣ ਦੇ ਅਣਗਿਣਤ ਨੁਕਤੇ ਦੱਸਕੇ ਕੁੱਜੇ ਵਿੱਚ ਸਮੁੰਦਰ ਬੰਦ ਕਰ ਦਿੱਤਾ ਹੈ। ਸਾਰਥਿਕ ਜੀਵਨ ਜਿ ਣ ਦੇ ਗੁਰਾਂ ਵਿੱਚ ਅਨੁਸ਼ਾਸ਼ਨ, ਸੰਤੁਲਨ, ਜੋ ਮਿਲਿਆ ਉਸ ਤੋਂ ਸੰਤੁਸ਼ਟਤਾ, ਵਿਉਂਤ, ਉਸਾਰੂ ਸੋਚ, ਕਿਰਤ ਕਰਨਾ, ਇੱਛਾ ਸ਼ਕਤੀ ਤੇ ਕਾਬੂ, ਥੋੜ੍ਹੇ ਵਿੱਚ ਗੁਜ਼ਾਰਾ, ਪਰਿਵਾਰ ਵਿੱਚ ਰਹਿਣਾ, ਹਲੀਮੀ, ਪੌਸ਼ਟਿਕ ਖੁਰਾਕ, ਸਫਾਈ, ਕਸਰਤ, ਆਪੇ ਨਾਲ ਪਿਆਰ, ਚੰਗੀ ਸੰਗਤ, ਉਸਾਰੂ ਸੋਚ, ਪੁਸਤਕਾਂ ਪੜ੍ਹਨਾ, ਤਨ, ਮਨ ਤੇ ਬੁੱਧੀ ਦਾ ਸੁਮੇਲ, ਕਿੱਤੇ ਦੀ ਮੁਹਾਰਤ, ਆਸ਼ਾਵਾਦੀ ਰਹਿਣਾ, ਹਿੰਮਤੀ ਤੇ ਮਿਹਨਤੀ, ਨਿਸ਼ਾਨਾ ਨਿਸਚਤ, ਚਿੰਤਾ ਨਾ ਕਰਨਾ ਅਤੇ ਲੋਕਾਂ ਦੇ ਮਦਦਗਾਰ ਬਣਨਾ ਆਦਿ ਸ਼ਾਮਲ ਹਨ। ਇਸ ਲੇਖ ਵਿੱਚ ਹੀ ਪੁਸਤਕ ਦਾ ਨਚੋੜ ਹੈ। 'ਕੋਈ ਦੀਪ ਜਲਾ ਕਿ ਹਨੇਰਾ ਮਿਟੇ' ਲੇਖ ਵਿੱਚ ਪਰੰਪਰਾਵਾਂ 'ਤੇ ਪਹਿਰਾ ਦੇਣਾ ਕੋਈ ਮਾੜੀ ਗੱਲ ਨਹੀਂ ਪ੍ਰੰਤੂ ਤਿ ਹਾਰ ਮਨਾਕੇ ਵਿਖਾਵਾ ਕਰਨ ਦੀ ਥਾਂ ਅਮਲੀ ਕੰਮ ਕੀਤਾ ਜਾਵੇ। ਆਪਣੇ ਅੰਦਰਲੇ ਰਾਵਣ ਦਾ ਨਾਸ ਕੀਤਾ ਜਾਵੇ, ਮਨ ਨੂੰ ਰੌਸ਼ਨ ਕੀਤਾ ਜਾਵੇ, ਵਾਤਾਵਰਨ ਦਾ ਧਿਆਨ ਰੱਖਿਆ ਜਾਵੇ, ਲੜਕੀਆਂ ਦਾ ਸ਼ੋਸ਼ਣ ਬੰਦ ਕੀਤਾ ਜਾਵੇ, ਸੋਚ ਬਦਲੀ ਜਾਵੇ, ਸ਼ੋਸ਼ਲ ਮੀਡੀਆ ਦੀ ਦੁਰਵਰਤੋਂ ਨਾ ਕੀਤੀ ਜਾਵੇ ਅਤੇ ਤਿ ਹਾਰ ਮਨਾਉਣ ਨਾਲ ਮਾਨਵਤਾ ਦਾ ਨੁਕਸਾਨ ਨਾ ਹੋਵੇ ਆਦਿ ਗੱਲਾਂ 'ਤੇ ਪਹਿਰਾ ਦੇਣ ਦੀ ਤਾਕੀਦ ਕੀਤੀ ਗਈ ਹੈ। 'ਜਲ ਬਿਨ ਸਾਖ ਕੁਮਲਾਵਤੀ' ਲੇਖ ਵਿੱਚ ਬਹੁਤ ਹੀ ਵਧੀਆ ਉਦਾਹਰਨਾ ਦੇ ਕੇ ਪਾਣੀ ਦੀ ਜੀਵਨ ਲਈ ਮਹ-ੱਤਤਾ ਦਰਸਾਈ ਗਈ ਹੈ। ਮਾਨਵਤਾ ਨੂੰ ਪਾਣੀ ਨੂੰ ਗੰਧਲਾ ਕਰਨਾ ਅਤੇ ਦੁਰਵਰਤੋਂ ਦੇ ਭਿਆਨਕ ਨਤੀਜਿਆਂ ਤੋਂ ਚੇਤੰਨ ਕਰਵਾਇਆ ਗਿਆ ਹੈ। 'ਦੋਸਤੀ ਦੇ ਨਵੇਂ ਸਮੀਕਰਨ' ਲੇਖ ਵਿੱਚ ਲੇਖਕ ਨੇ ਸੱਚੇ-ਸੁੱਚੇ ਦੋਸਤ ਬਣਾਉਣ ਅਤੇ ਸੱਚੀ ਦੋਸਤੀ ਨਿਭਾਉਣ ਦੀ ਸਲਾਹ ਦਿੱਤੀ ਹੈ ਤੇ ਦੋਸਤ ਬਣਾਉਣ ਸਮੇਂ ਬਹੁਤ ਧਿਆਨ ਰੱਖਣਾ ਚਾਹੀਦਾ ਹੈ। ਸੱਚੇ ਦੋਸਤ ਰਿਸ਼ਤੇਦਾਰਾਂ ਨਾਲੋਂ ਵੀ ਬਿਹਤਰ ਢੰਗ ਨਾਲ ਵਿਚਰਦੇ ਹਨ। ਸ਼ੋਸ਼ਲ ਮੀਡੀਆ ਵਾਲੇ ਸਾਰੇ ਦੋਸਤ ਸਹੀ ਅਰਥਾਂ ਵਿੱਚ ਦੋਸਤ ਨਹੀਂ ਹੁੰਦੇ, ਕਿਉਂਕਿ ਅਸੀਂ ਉਨ੍ਹਾਂ ਨੂੰ ਮਿਲੇ ਹੀ ਨਹੀਂ ਹੁੰਦੇ। ਉਨ੍ਹਾਂ ਵਿੱਚੋਂ ਕੁਝ ਚੰਗੇ ਵੀ ਹੁੰਦੇ ਹਨ। 'ਮੁਆਫ਼ੀ ਇਕ ਵਰਦਾਨ' ਲੇਖ ਬਹੁਤ ਮਹ-ੱਤਵਪੂਰਨ ਹੈ ਕਿਉਂਕਿ ਮਨੁੱਖ ਨਿੱਕੀਆਂ-ਨਿੱਕੀਆਂ ਗੱਲਾਂ ਨਾਲ ਆਪਣੀ ਮਾਨਸਿਕ ਸ਼ਾਂਤੀ ਗੁਆ ਲੈਂਦੇ ਹਨ। ਇਨਸਾਨ ਗ਼ਲਤੀਆਂ ਦਾ ਪੁਤਲਾ ਹੈ। ਇਸ ਲਈ ਗ਼ਲਤੀ ਮੁਆਫ਼ ਕਰਕੇ ਸੁਰਖ਼ੁਰੂ ਹੋਣ ਵਿੱਚ ਹੀ ਬਿਹਤਰੀ ਹੈ।









ਉਜਾਗਰ ਸਿੰਘ
91-94178 13072

# ‘ਗਦਰ ਲਹਿਰ ਦਾ ਬਾਗੀ ਨਾਇਕ’ ਕਰਤਾਰ ਸਿੰਘ ਸਰਾਭਾ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗਦਰ ਲਹਿਰ ਆਜ਼ਾਦੀ ਤੇ ਬਰਾਬਰੀ ਦਾ ਰਾਹ ਦਿਖਾਉਣ ਵਾਲੀ ਪਹਿਲੀ ਲਹਿਰ ਹੈ। ਇਸਦਾ ਆਰੰਭ 25 ਜੂਨ, 1913 ਵਿਚ ਅਮਰੀਕਾ ਵਿਚ ਹੋਇਆ। ਜਿਸ ਵਿਚ ਹਿੰਦੀ ਮਿਹਨਤਕਸ਼, ਜਲਾਵਤਨ ਦੇਸ਼ ਭਗਤ ਅਤੇ ਵਿਦਿਆਰਥੀਆਂ ਨੇ ਹਿੱਸਾ ਲਿਆ। ਆਜ਼ਾਦੀ ਦੀ ਲੜਾਈ ਵਿਚ ਜੇਲ੍ਹਾਂ ਅਤੇ ਫਾਂਸੀਆਂ ਇਸੇ ਲਹਿਰ ਹੇਠ ਹੋਈਆਂ। ਜਿਸਨੇ ਹਿੰਦੀਆਂ ਦੇ ਖ਼ੂਨ ਵਿਚ ਆਜ਼ਾਦੀ ਲਈ ਮਰ-ਮਿਟਣ ਦਾ ਜੋਸ਼ ਭਰਿਆ। ਇਸੇ ਲਹਿਰ ਦੇ ਮਹਾਨ ਨਾਇਕ ਕਰਤਾਰ ਸਿੰਘ ਸਰਾਭਾ ਦਾ ਨਾਂ ਇਤਿਹਾਸ ਵਿਚ ਬੜੇ ਮਾਣ ਨਾਲ ਲਿਆ ਜਾਂਦਾ ਹੈ। ਉਸਦੇ ਕਾਰਨਾਮੇ ਬੇਮਿਸਾਲ ਸਨ। ਉਹ ਸੰਜੀਦਗੀ ਅਤੇ ਜੋਸ਼ ਦਾ ਇਕਸਾਰ ਸੁਮੇਲ ਸੀ।

ਸਰਾਭਾ ਦਾ ਜਨਮ ਲੁਧਿਆਣਾ ਪੱਛਮੀ ਦੇ ਪਿੰਡ ਸਰਾਭਾ, ਪੁਰਾਤਨ ਨਾਂ ਸਿਰਹਾਬ ਮਤਲਬ ਹਰ ਭਰੀ ਜਗ੍ਹਾ। ਮਾਤਾ ਸਾਹਿਬ ਕੌਰ, ਪਿਤਾ ਮੰਗਲ ਸਿੰਘ ਦੇ ਗ੍ਰਹਿ 24 ਮਈ 1896 ਵਿਚ ਹੋਇਆ। ਛੋਟੀ ਉਮਰ ਵਿਚ ਹੀ ਉਸਦੇ ਮਾਪੇ ਅਕਾਲ ਚਲਾਣਾ ਕਰ ਗਏ ਸਨ। ਉਸਦਾ ਪਾਲਣ-ਪੋਸ਼ਣ ਉਸਦੇ ਦਾਦਾ ਬਚਨ ਸਿੰਘ ਨੇ ਕੀਤਾ। ਮੁਢਲੀ ਵਿਦਿਆ ਪਿੰਡ ਦੇ ਸਕੂਲ ਵਿਚ ਪ੍ਰਾਪਤ ਕੀਤੀ। ਨੌਵੀਂ ਜਮਾਤ ਤੱਕ ਪੜ੍ਹਾਈ ਮਾਲਵਾ ਹਾਈ ਸਕੂਲ ਲੁਧਿਆਣਾ ਵਿਖੇ ਕੀਤੀ। ਉਹ 5 ਫੁੱਟ 8 ਦਾ ਸੋਹਣਾ ਤੰਦਰੁਸਤ ਗੱਭਰੂ ਸੀ। ਬੜਾ ਹਸਮੁਖ, ਮਖੌਲੀਆ ਅਤੇ ਸ਼ਰਾਰਤੀ ਸੀ। ਉਸ ਵਿਚ ਇਕ ਆਗੂ ਵਾਲੇ ਸਭ ਗੁਣ ਸਨ। ਉਹ ਹਰ ਇਕ ਕੰਮ ਅੱਗੇ ਹੋ ਕੇ ਕਰਦਾ। ਆਪਣੇ ਇਸ ਆਚਰਣ ਕਰਕੇ ਹਰਮਨ ਪਿਆਰਾ ਸੀ। ਦਸਵੀਂ ਦੀ ਪੜ੍ਹਾਈ ਆਪਣੇ ਚਾਚਾ ਕੋਲ ਰਹਿ ਕੇ ਰਵੇਨਸ਼ਾਹ ਯੂਨੀਵਰਸਿਟੀ ਕਟਕ (ਉੜੀਸਾ) ਤੋਂ ਪ੍ਰਾਪਤ 1912 ਵਿਚ ਕੀਤੀ। ਉਸਨੂੰ ਅੰਗਰੇਜ਼ੀ ਸਾਹਿਤ ਪੜ੍ਹਨ ਦਾ ਬੜਾ ਸ਼ੌਂਕ ਸੀ। ਬੰਗਾਲ, ਉੜੀਸਾ ਦੀ ਆਜ਼ਾਦੀ ਦੀ ਲਹਿਰ ਨੇ ਉਸਨੂੰ ਬਹੁਤ ਪ੍ਰਭਾਵਿਤ ਕੀਤਾ।

ਜਨਵਰੀ 1912 ਨੂੰ ਸਾਨਫਰਾਂਸਿਸਕੋ ਅਮਰੀਕਾ ਪਹੁੰਚ ਗਿਆ। ਪਹੁੰਚਦਿਆਂ ਹੀ ਉਸਨੇ ਵੇਖਿਆ ਕਿ ਆਵਾਜਾਈ ਮਹਿਕਮਾ ਭਾਰਤੀਆਂ ਦੀ ਬੜੀ ਸਖ਼ਤ ਪੁੱਛ-ਪੜਤਾਲ ਕਰ ਰਿਹਾ ਸੀ। ਇਕ ਸਾਥੀ ਕੋਲੋਂ ਉਸਨੂੰ ਮਾਲੂਮ ਹੋਇਆ ਕਿ ਦੁਨੀਆਂ ਦੇ ਦੇਸ਼ ਭਾਰਤ ਇਕ ਗੁਲਾਮ ਦੇਸ਼ ਹੋਣ ਕਰਕੇ ਉਥੋਂ ਦੇ ਵਾਸੀਆਂ ਨੂੰ ਸ਼ੱਕ ਅਤੇ ਭੈੜੀ ਨਜ਼ਰ ਨਾਲ ਵੇਖਦੇ ਹਨ। ਇਸ ਵਤੀਰੇ ਦਾ ਸਰਾਭਾ ਦੇ ਦਿਲ ਨੂੰ ਬੜਾ ਸਦਮਾ ਲੱਗਿਆ। ਉਸਨੇ ਦੇਖਿਆ ਕਿ ਅਮਰੀਕਾ ਵਿਚ ਨਸਲਵਾਦ ਜ਼ੋਰਾਂ ’ਤੇ ਹੈ। ਉਸਨੂੰ ਭਾਰਤੀਆਂ ਨਾਲ ਵਿਤਕਰੇ ਅਤੇ ਦੁਰਦਸ਼ਾ ਦਾ ਪਤਾ ਲੱਗਾ। ਉਹ ਘੱਟ ਉਜਰਤ ਤੇ ਕੰਮ ਕਰਦੇ ਸਨ। ਕਈ ਥਾਈਂ ਰੁਜ਼ਗਾਰ ਵੀ ਖੁਸ ਜਾਂਦੇ ਸਨ। ਇੱਥੋਂ ਤੱਕ ਕਿ ਮਾਰ-ਕੁਟਾਈ ਵੀ ਹੋ ਜਾਂਦੀ ਸੀ। ਆਜ਼ਾਦ ਦੇਸ਼ ਵਿਚ ਵਿਚਰਦਿਆਂ ਉਸਨੂੰ ਭਾਰਤੀ ਗੁਲਾਮੀ ਦਾ ਫਰਕ ਨਜ਼ਰ ਆਇਆ। ਜੇ ਅਸੀਂ ਗੁਲਾਮ ਨਾ ਹੁੰਦੇ ਤਾਂ ਵਿਦੇਸ਼ਾਂ ਵਿਚ ਸਾਡੀ ਬੇਇੱਜ਼ਤੀ ਨਾ ਹੁੰਦੀ। ਸਰਾਭਾ ਨੇ ਕੈਲੇਫੋਰਨੀਆ ਦੀ ਯੂਨੀਵਰਸਿਟੀ ਬਰਕਲੇ ਵਿਚ ਰਸਾਇਣ ਵਿਗਿਆਨ ਦੀ ਪੜ੍ਹਾਈ ਵਿਚ ਦਾਖਲਾ ਲਿਆ।

ਭਾਰਤ ਦੀ ਗੁਲਾਮੀ ਤੋਂ ਚਿੰਤਾਤੁਰ ਹੋ ਕੇ ਉਸਨੇ ਜੋਸ਼ ਵਿਚ ਕਿਹਾ ਕਿ ਮੇਰੀ ਜ਼ਿੰਦਗੀ ਹੁਣ ਕੌਮ ਅਤੇ ਦੇਸ਼ ਦੀ ਅਮਾਨਤ ਹੈ। ਉਸਨੂੰ ਦੇਸ਼ ਸੇਵਾ ਦੀ ਲਗਨ ਲੱਗ ਗਈ। ਉਸਨੇ ਜਾਣ ਲਿਆ ਕਿ ਭਾਰਤੀਆਂ ਦੇ ਦਿਲਾਂ ਵਿਚ ਇੱਥੇ ਰਹਿੰਦੇ ਵੀ ਦਿਲ ਵਿਚ ਭਾਰਤ ਦੀ ਗੁਲਾਮੀ ਦਾ ਰੋਸ ਹੈ। ਉਸਨੇ ਸਾਥੀਆਂ ਵਿਚ ਰਾਜਨੀਤਿਕ ਜਾਗਰਤੀ ਦਾ ਕੰਮ ਆਰੰਭ ਦਿੱਤਾ। ਮਈ 1912 ਵਿਚ ਹੋਈ ਇਕੱਤਰਤਾ ਵਿਚ ਬੜੇ ਉੱਘੇ ਲੋਕ ਹਾਜ਼ਰ ਹੋਏ ਕਿ ਸਾਨੂੰ ਭਾਰਤ ਵਿਚੋਂ ਗੁਲਾਮੀ ਦੀ ਲਾਹਨਤ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ। ਭਾਰਤ ਦੀ ਆਜ਼ਾਦੀ ਲਈ ਵਿਉਂਤਬੰਦੀ ਕੀਤੀ ਜਾਵੇ। ਇਸ ਵਿਉਂਤ ਵਿਚ, ਇਕ ਅਖ਼ਬਾਰ ਕੱਢਣ ਦੀ ਤਜਵੀਜ ਦਾ ਮਤਾ ਪਾਸ ਹੋਇਆ। ਉਸ ਵੇਲੇ ਗਦਰ ਪਾਰਟੀ ਦਾ ਮੁੱਢ ਬੱਝ ਰਿਹਾ ਸੀ। ਸਰਾਭਾ ਨੂੰ ਪ੍ਰਧਾਨ ਸੋਹਣ ਸਿੰਘ ਭਕਨਾ ਤੇ ਸਕੱਤਰ ਲਾਲਾ ਹਰਦਿਆਲ ਨਾਲ ਬੜੇ ਨੇੜੇ ਹੋ ਕੇ ਗਦਰ ਲਈ ਕੰਮ ਕਰਨ ਦਾ ਮੌਕਾ ਮਿਲਿਆ। ਜਿਸ ਨਾਲ ਉਹ ਪਾਰਟੀ ਵਿਚ ਜਲਦੀ ਹੀ ਹਰਮਨ ਪਿਆਰਾ ਹੋ ਗਿਆ। ਪਾਰਟੀ ਦੇ ਕੇਂਦਰ ਸਾਨਫਰਾਂਸਿਸਕੋ ਤੋਂ ਦੇਸ਼ ਦੀ ਆਜ਼ਾਦੀ ਦੀ ਲੜਾਈ ਦੇ ਪ੍ਰਚਾਰ ਹਿੱਤ ’ਗਦਰ’ ਨਾਂ ਦਾ ਅਖ਼ਬਾਰ ਉਰਦੂ ਅਤੇ ਪੰਜਾਬੀ ਵਿਚ ਜਾਰੀ ਕੀਤੀ। ਸਰਾਭਾ ਨੇ ਅਖ਼ਬਾਰ ਦੇ ਕੰਮ ਦੀ ਪੂਰੀ ਜ਼ਿੰ-ਮੇਵਾਰੀ ਸੰਭਾਲੀ। ਅਖ਼ਬਾਰ ਵਿਚ ਅੰਗਰੇਜ਼ਾਂ ਦੇ ਜ਼ੁਲਮ ਅਤੇ ਚਲਾਕੀਆਂ ਦਾ ਭੇਦ ਖੋਲ੍ਹਿਆ ਜਾਂਦਾ। ਅੰਗਰੇਜ਼ਾਂ ਵਿਰੁੱਧ ਹਥਿਆਰਬੰਦ ਬਗਾਵਤ ਕਰਨ ਦੀ ਵਿਉਂਤ, ਅਸਲਾ ਸੰਭਾਲਣ



ਤੇ ਵਰਤਣ ਦੇ ਨਾਲ ਹੀ ਬੰਬ ਬਣਾਉਣ ਦੇ ਤਰੀਕੇ ਦੱਸੇ ਜਾਂਦੇ ਸਨ। ਅਖ਼ਬਾਰ ਡਾਕ ਰਾਹੀਂ ਜਿੱਥੇ ਕਿਤੇ ਵੀ ਭਾਰਤੀ ਵੱਸਦੇ ਸਨ, ਸੰਸਾਰ ਪੱਧਰ ਤੇ ਮੁਫ਼ਤ ਭੇਜਿਆ ਜਾਂਦਾ ਸੀ। ਅਖ਼ਬਾਰ ਦਾ ਖਰਚਾ ਮੈਂਬਰਾਂ ਦੇ ਚੰਦੇ ਅਤੇ ਸਹਿਯੋਗ ਨਾਲ ਚੱਲਣ ਲੱਗਾ। ਸਰਾਭਾ ਦਾ ਮੁੱਖ ਮੰਤਵ ਲਿਖਤਾਂ ਰਾਹੀਂ ਲੋਕਾਂ ਨੂੰ ਆਜ਼ਾਦੀ ਦੀ ਲੜਾਈ ਲਈ ਤਿਆਰ ਕਰਨਾ ਸੀ।

ਅਖ਼ਬਾਰ ਜਲਦੀ ਹੀ ਇਤਨਾ ਮਸ਼ਹੂਰ ਹੋ ਗਿਆ ਕਿ ਗਦਰ ਦੇ ਨਾਅਰੇ ਲੱਗਣ ਲੱਗੇ। ਲੋਕਾਂ ਵਿਚ ਬੜਾ ਜੋਸ਼ ਤੇ ਉਤਸ਼ਾਹ ਆਇਆ। ਲੋਕਾਂ ਵਿਚ ਕੁਰਬਾਨੀ ਦਾ ਜਜ਼ਬਾ ਜਾਗ ਪਿਆ। ਉਹ ਦੇਸ਼ ਦੀ ਆਨ, ਸ਼ਾਨ ਵਾਸਤੇ ਤਨ, ਮਨ ਤੇ ਧੰਨ ਵਾਰਨ ਲਈ ਤਿਆਰ ਹੋ ਗਏ। ਸਰਾਭਾ ਨੇ ਪੱਕੇ ਤੌਰ ’ਤੇ ਗਦਰ ਦਾ ਬਾਗੀ ਸਿਪਾਹੀ ਬਣਨ ਲਈ ਉਸਨੇ ਬੰਬ ਬਣਾਉਣਾ, ਪਿਸਤੌਲ ਚਲਾਉਣਾ, ਜਹਾਜ਼ ਬਣਾਉਣਾ, ਮੁਰੰਮਤ ਕਰਨਾ ਅਤੇ ਉਡਾਣਾਂ ਇਕ ਜਹਾਜ਼ਾਂ ਦੀ ਕੰਪਨੀ ਨਿਊਯਾਰਕ ਤੋਂ ਸਿੱਖਿਆ।ਸਰਗਰਮ ਹੋਏ ਸਰਾਭਾ ਨੇ ਪਾਰਟੀ ਦੇ ਪ੍ਰੋਗਰਾਮਾਂ ਵਿਚ ਗਾਉਣਾ ਸ਼ੁਰੂ ਕਰ ਦਿੱਤਾ। ’ਚਲੋ ਚੱਲੀਏ ਦੇਸ਼ ਨੂੰ ਯੁੱਧ ਕਰਨ, ਇਹੋ ਆਖਰੀ ਵਚਨ ਤੇ ਫ਼ਰਮਾਨ ਹੋ ਗਏ।’ ਸਰਾਭਾ ਦੀਆਂ ਆਜ਼ਾਦੀ ਪ੍ਰਤੀ ਸਰਗਰਮੀਆਂ ਨੂੰ ਵੇਖਦਿਆਂ ਗਦਰ ਪਾਰਟੀ ਨੇ ਇਕ ਵਿਸ਼ੇਸ਼ ਇਕੱਤਰਤਾ ਵਿਚ ਉਸਨੂੰ ਪ੍ਰਬੰਧਕੀ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ। ਉਸਨੇ ਬੜੀ ਮਿਹਨਤ ਤੇ ਲਗਨ ਨਾਲ ਅੰਗਰੇਜ਼ਾਂ ਦੀ ਗੁਲਾਮੀ ਦਾ ਜੂ.ਲਾ ਲਾਹੁਣ ਲਈ ਅਮਰੀਕਾ ਤੇ ਕੈਨੇਡਾ ਵਿਚ ਭਾਰਤੀਆਂ ਨੂੰ ਸੰਗਠਿਤ ਕਰਨ ਦਾ ਕੰਮ ਕੀਤਾ।

1914 ਵਿਚ ਪਹਿਲੀ ਸੰਸਾਰ ਜੰਗ ਵਿਚ ਇੰਗਲੈਂਡ ਉਲਝ ਗਿਆ। ਗਦਰ ਪਾਰਟੀ ਲਈ ਭਾਰਤ ਨੂੰ ਆਜ਼ਾਦ ਕਰਵਾਉਣ ਦਾ ਸੁਨਹਿਰੀ ਮੌਕਾ ਸੀ। ਗਦਰ ਅਖ਼ਬਾਰ ਨੇ ਆਪਣੇ 5 ਅਗਸਤ 1914 ਦੇ ਅੰਕ ਵਿਚ ਅੰਗਰੇਜ਼ੀ ਸ਼ਾਸਨ ਦੇ ਵਿਰੁੱਧ ਹਥਿਆਰਬੰਦ ਜੰਗ ਦਾ ਐਲਾਨ ਕਰ ਦਿੱਤਾ। ਅਖ਼ਬਾਰ ਦੀਆਂ ਹਜ਼ਾਰਾਂ ਕਾਪੀਆਂ ਪਿੰਡਾਂ, ਸ਼ਹਿਰਾਂ, ਕਸਬਿਆਂ ਅਤੇ ਫੌਜੀ ਛਾਉਣੀਆਂ ਵਿਚ ਭੇਜੀਆਂ ਗਈਆਂ। ਸਤੰਬਰ 15, 1914 ਨੂੰ ਕਰਤਾਰ ਸਿੰਘ ਸਰਾਭਾ, ਸਤਿਅਮ ਸੇਨ ਤੇ ਵਿਸ਼ਨੂੰ ਗਣੇਸ਼ ਪਿੰਗਲੇ ਅਨੇਕਾਂ ਸਾਥੀਆਂ ਸਮੇਤ ਸਮੁੰਦਰੀ ਰਸਤੇ ਕਲਕੱਤਾ ਪਹੁੰਚ ਗਏ। ਵੱਖ-ਵੱਖ ਰਸਤਿਆਂ ਰਾਹੀਂ ਸੈਂਕੜੇ ਗਦਰੀ ਭਾਰਤ ਪਹੁੰਚ ਗਏ।

ਸਰਾਭਾ ਅਤੇ ਪਿੰਗਲੇ ਯੁੰਗਾਤਰ ਪਾਰਟੀ ਦੇ ਨੇਤਾ ਰਾਸ ਬਿਹਾਰੀ ਬੋਸ ਨੂੰ ਬਨਾਰਸ ਜਾ ਮਿਲੇ। ਉਹਨਾਂ ਦਾ ਨਿਸ਼ਾਨਾ ਸੀ ਕਿ ਜਿਵੇਂ ਕਿਵੇਂ ਵੀ ਅੰਗਰੇਜ਼ੀ ਰਾਜ ਨੂੰ ਹਿੰਦੁਸਤਾਨ ਵਿਚੋਂ ਕੱਢ ਕੇ ਕ੍ਰਿਤੀ ਰਾਜ ਸਥਾਪਤ ਕੀਤਾ ਜਾਵੇ। ਸਰਾਭਾ ਨੇ ਦੱਸਿਆ ਕਿ 20,000 ਹੋਰ ਗਦਰੀ ਜਲਦੀ ਹੀ ਭਾਰਤ ਪਹੁੰਚ ਜਾਣਗੇ। ਪਰ ਅਮਰੀਕਨ ਖੁਫ਼ੀਆ ਵਿਭਾਗ ਵੱਲੋਂ ਖ਼ਬਰਾਂ ਦੇ ਆਧਾਰ ’ਤੇ ਅਨੇਕਾਂ ਗਦਰੀਆਂ ਨੂੰ ਬੰਦਰਗਾਹਾਂ ਤੇ ਗ੍ਰਿਫ਼ਤਾਰ ਕਰ ਲਿਆ।

ਸਰਾਭਾ ਨੇ ਅੰਗਰੇਜ਼ਾਂ ਵਿਰੁੱਧ ਪ੍ਰਚਾਰ ਕਰਨ ਲਈ ਅਖ਼ਬਾਰ, ਪਰਚੇ ਅਤੇ ਇਸ਼ਤਿਹਾਰ ਨੌਜਵਾਨਾਂ ਵਿਚ ਵੰਡੇ ਜਦੋਂ ਦਸੰਬਰ 1914 ਵਿਚ ਭਾਈ ਪਰਮਾਨੰਦ ਭਾਰਤ ਪੁੱਜੇ, ਉਦੋਂ ਤੱਕ ਸਰਾਭਾ ਲੁਧਿਆਣਾ ਵਿਚ ਸਥਾਪਤ ਹੋ ਚੁੱਕਾ ਸੀ। ਉਸਦਾ ਇਲਾਕੇ ਵਿਚ ਪੂਰਾ ਪ੍ਰਭਾਵ ਸੀ। ਉਹ ਹਥਿਆਰ ਲੈਣ ਲਈ ਬੰਗਾਲ ਗਏ। ਸਰਾਭਾ ਨੇ ਮੇਰਠ, ਆਗਰਾ, ਬਨਾਰਸ, ਅਲਾਹਾਬਾਦ, ਅੰਬਾਲਾ, ਲਾਹੌਰ ਅਤੇ ਰਾਵਲਪਿੰਡੀ ਦੀਆਂ ਫੌਜੀ ਛਾਉਣੀਆਂ ਵਿਚ ਫੌਜੀਆਂ ਨੂੰ ਵਿਦਰੋਹ ਲਈ ਉਕਸਾਇਆ। ਸਰਾਭਾ ਅਤੇ ਉਸਦੇ ਸਾਥੀ ਲੁਧਿਆਣਾ ਜ਼ਿਲ੍ਹੇ ਵਿਚ ਝਾਬੇਵਾਲ ਅਤੇ ਲੋਹਟਬੱਧੀ ਵਿਖੇ ਬੰਬ ਬਣਾਉਣ ਵਿਚ ਸਫਲ ਹੋ ਗਏ।

ਵਿਦਰੋਹ ਦੀ ਤਿਆਰੀ ਵਿਚ 25 ਜਨਵਰੀ 1915 ਨੂੰ ਰਾਸ ਬਿਹਾਰੀ ਬੋਸ ਅੰਮ੍ਰਿਤਸਰ ਪਹੁੰਚ ਗਿਆ। ਸੰਨ 1857 ਦੇ ਹਥਿਆਰਬੰਦ ਇਨਕਲਾਬ ਤੋਂ ਬਾਅਦ ਗਦਰੀਆਂ ਨੇ ਦੂਸਰਾ ਹਥਿਆਰਬੰਦ ਹਮਲਾ ਅੰਗਰੇਜ਼ੀ ਸਰਕਾਰ ਵਿਰੁੱਧ ਕਰਨਾ ਸੀ। ਸਰਾਭਾ ਅਤੇ ਸਾਥੀਆਂ ਨਾਲ 12 ਫਰਵਰੀ, 1915 ਨੂੰ ਹੋਈ ਇਕੱਤਰਤਾ ਵਿਚ ਫੈਸਲਾ ਕੀਤਾ ਕਿ 21 ਫਰਵਰੀ 1915 ਨੂੰ ਬਗਾਵਤ ਕੀਤੀ ਜਾਵੇ। ਜਿਸ ਵਿਚ ਫਿਰੋਜ਼ਪੁਰ ਅਤੇ ਮੀਆਂ ਮੀਰ ਛਾਉਣੀਆਂ ਤੇ ਕਬਜ਼ਾ ਕਰਨ ਤੋਂ ਬਾਅਦ ਦਿੱਲੀ ਅਤੇ ਅੰਬਾਲਾ ਦੀਆਂ ਛਾਉਣੀਆਂ ਵਿਚ ਬਗਾਵਤ ਕੀਤੀ ਜਾਵੇ। ਸਰਾਭਾ ਨੂੰ ਕਿਰਪਾਲ ਸਿੰਘ ਤੇ ਸ਼ੱਕ ਹੋ ਗਿਆ ਕਿ ਉਹ ਮੁਖ਼ਬਰ ਹੈ। ਸਰਾਭਾ ਨੇ ਰਾਸ ਬਿਹਾਰੀ ਬੋਸ ਨਾਲ ਸਲਾਹ ਕਰਕੇ ਗਦਰ ਦੀ ਤਾਰੀਖ਼ 19 ਫਰਵਰੀ 1915 ਕਰ ਦਿੱਤੀ।

ਪਰ ਫਿਰ ਵੀ ਕਿਰਪਾਲ ਸਿੰਘ ਨੇ ਇਹ ਭੇਦ ਵੀ ਅੰਗਰੇਜ਼ੀ ਸਰਕਾਰ ਨੂੰ ਦੇ ਦਿੱਤਾ। ਸਰਾਭਾ ਮਿੱਥੇ ਸਮੇਂ ਤੇ 50-60 ਸਾਥੀਆਂ ਸਮੇਤ ਫਿਰੋਜ਼ਪੁਰ ਛਾਉਣੀ ਪਹੁੰਚ ਗਿਆ। ਪਰ 19 ਫਰਵਰੀ, 1915 ਤੋਂ ਪਹਿਲਾਂ ਹੀ ਅਨੇਕਾਂ ਗਦਰੀ ਗ੍ਰਿਫ਼ਤਾਰ ਹੋ ਗਏ ਸਨ। ਫੌਜੀਆਂ ਕੋਲੋਂ ਹਥਿਆਰ ਵੀ ਸੁਟਵਾ ਲਏ ਸਨ।ਇਸ ਲਈ ਫੌਜ ਬਗਾਵਤ ਨਾ ਕਰ ਸਕੀ। ਜਿਹੜੇ ਗਦਰੀ ਬਚ ਗਏ ਸਨ, ਉਹਨਾਂ ਨੂੰ ਹਿੰਦੁਸਤਾਨ ਛੱਡ ਜਾਣ ਦਾ ਗਦਰ ਪਾਰਟੀ ਨੇ ਹੁਕਮ ਦੇ ਦਿੱਤਾ। ਸਰਾਭਾ, ਜਗਤ ਸਿੰਘ ਤੇ ਹਰਨਾਮ ਸਿੰਘ ਟੁੰਡੀਲਾਟ ਅਫ਼ਗਾਨਿਸਤਾਨ ਵੱਲ ਚੱਲ ਪਏ। ਪਰ ਤਿੰਨੇ ਹੀ ਮੁਹਿੰਮ ਨੂੰ ਜਾਰੀ ਰੱਖਣ ਲਈ ਪੰਜਾਬ ਪਰਤ ਰਹੇ ਸਨ ਕਿ ਪੁਲਿਸ ਨੇ 2 ਮਾਰਚ, 1915 ਨੂੰ ਸ਼ਾਹਪੁਰ ਜ਼ਿਲ੍ਹੇ ਵਿਚ ਵਿਲਸਨਪੁਰ ਵਿਖੇ ਘੋੜ ਸਵਾਰ ਫੌਜ-22 ਨੂੰ ਵਰਗਲਾਉਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰ ਲਿਆ ਸੀ।

13 ਸਤੰਬਰ 1915 ਨੂੰ ਮੁਕੱਦਮਾ ਚੱਲਿਆ ਤਾਂ ਸਰਾਭਾ ਨੇ ਸਾਰੇ ਦੋਸ਼ਾਂ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ। ਜੱਜ ਵੀ ਉਸਦੇ ਦ੍ਰਿੜ੍ਹ ਵਿਦਵਤਾ ਤੋਂ ਪ੍ਰਭਾਵਿਤ ਹੋਇਆ ਕਿ ਉਮਰ ਵਿਚ ਸਭ ਤੋਂ ਛੋਟਾ ਗਦਰੀ ਇੰਨੀ ਨਿਡਰਤਾ ਨਾਲ ਬਿਆਨ ਦਿੰਦਾ ਹੈ। ਸਰਾਭਾ ਨੇ ਕਿਹਾ ਕਿ ਮੈਨੂੰ ਆਪਣੇ ਦੇਸ਼ ਲਈ ਕੀਤੀ ਸੇਵਾ ਤੇ ਮਾਣ ਹੈ।

ਸੈਂਟਰਲ ਜੇਲ੍ਹ ਲਾਹੌਰ ਵਿਚ ਬੈਠੀ ਵਿਸ਼ੇਸ਼ ਅਦਾਲਤ ਨੇ 63 ਗਦਰੀਆਂ ਵਿਰੁੱਧ ਫੈਸਲਾ ਸੁਣਾਇਆ। ਸਰਾਭਾ ਸਾਢੇ ਉੱਨੀ ਸਾਲ ਦਾ ਸਭ ਤੋਂ ਛੋਟਾ ਸੀ। ਸਰਾਭਾ ਸਮੇਤ 24 ਗਦਰੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ। ਗਦਰੀਆਂ ਵੱਲੋਂ ਕੇਸ ਦੀ ਪੈਰਵਾਈ ਕਰ ਰਹੇ ਵਕੀਲ ਰਘੂਵਰ ਸਹਾਏ ਨੇ ਉਹਨਾਂ ਦੀ ਫਾਂਸੀ ਦਾ ਮੁੱਦਾ ਵਾਇਸਰਾਏ ਕੌਂਸਲ ਕੋਲ ਰੱਖਿਆ। ਕੌਂਸਲ ਦੇ ਮੈਂਬਰ ਸਰ ਅਲੀ ਇਮਾਮ ਨੇ 24 ਗਦਰੀਆਂ ਵਿਚੋਂ 17 ਦੀ ਫਾਂਸੀ ਦੀ ਸਜ਼ਾ ਤੋਂ ਸਜ਼ਾ-ਏ-ਕਾਲੇਪਾਣੀ ਕਰਾ ਦਿੱਤੀ। ਸਰਾਭਾ ਦੀ ਫਾਂਸੀ ਵੀ ਤੁੜਵਾਉਣ ਦੀ ਕੋਸ਼ਿਸ਼ ਕੀਤੀ। ਪਰ ਵਾਇਸਰਾਏ ਨੇ ਅਪੀਲ ਖਾਰਜ ਕਰ ਦਿੱਤੀ।

ਸਰਾਭਾ ਬਾਰੇ ਫੈਸਲਾ ਲਿਖਿਆ ਕਿ ਸਾਰੇ ਗਦਰੀਆਂ ਵਿਚੋਂ ਸਰਾਭਾ ਸਭ ਤੋਂ ਜ਼ਿਆਦਾ ਖਤਰਨਾਕ ਹੈ ਕਿ ਅਮਰੀਕਾ ਤੋਂ ਭਾਰਤ ਤੱਕ ਕੋਈ ਵੀ ਅਜਿਹੀ ਘਟਨਾ ਨਹੀਂ, ਜਿਸ ਵਿਚ ਸਰਾਭਾ ਸ਼ਾਮਲ ਨਾ ਹੋਵੇ। ਇਹ ਰਹਿਮ ਦੇ ਕਾਬਲ ਨਹੀਂ। ਸਰਾਭਾ ਨੇ ਕਿਹਾ ਕਿ ਤੁਸੀਂ ਮੈਨੂੰ ਵੱਧ ਤੋਂ ਵੱਧ ਫਾਂਸੀ ਲਗਾ ਸਕਦੇ ਹੋ। ਜਿੰਨੀ ਜਲਦੀ ਮੈਨੂੰ ਫਾਂਸੀ ਲੱਗੇਗੀ, ਉੱਨੀ ਜਲਦੀ ਮੈਂ ਦੁਬਾਰਾ ਜਨਮ ਲੈ ਕੇ ਦੇਸ਼ ਦੀ ਸੇਵਾ ਲਈ ਵਾਪਸ ਆਵਾਂਗਾ। ਇਹੀ ਜਜ਼ਬਾ ਅੱਗੇ ਜਾ ਕੇ ਕ੍ਰਾਂਤੀਕਾਰਾਂ ਭਗਤ ਸਿੰਘ ਅਤੇ ਊਧਮ ਸਿੰਘ ਦੇ ਸੰਘਰਸ਼ ਦਾ ਮਾਰਗ ਦਰਸ਼ਨ ਬਣਿਆ। ਮੁਕੱਦਮੇ ਤੋਂ ਬਾਅਦ ਸਰਾਭਾ ਚੜ੍ਹਦੀ ਕਲਾ ਵਿਚ ਰਿਹਾ। ਉਸਦੀ ਕਵਿਤਾ ਦੇ ਬੋਲ ਹਨ:

ਖਾਤਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ।
ਸਾਨੂੰ ਦੇਖ ਕੇ ਨਹੀਂ ਘਬਰਾ ਜਾਣਾ।
ਸਾਡੀ ਮੌਤ ਨੇ ਵਤਨ ਦੇ ਵਾਸੀਆਂ ਦੇ।
ਦਿਲੀ ਵਤਨ ਦਾ ਇਸ਼ਕ ਜਗਾ ਜਾਣਾ।

ਅਖੀਰ 16 ਨਵੰਬਰ 1915 ਨੂੰ ਸਾਢੇ ਉੱਨੀ ਸਾਲ ਦੀ ਉਮਰ ਵਿਚ ਕਰਤਾਰ ਸਿੰਘ ਸਰਾਭਾ ਨੂੰ ਉਹਨਾਂ ਦੇ ਛੇ ਸਾਥੀਆਂ ਬਖਸ਼ੀਸ਼ ਸਿੰਘ, ਜ਼ਿਲ੍ਹਾ ਅੰਮ੍ਰਿਤਸਰ, ਜਗਤ ਸਿੰਘ ਜਿਲ੍ਹਾ ਲਾਹੌਰ, ਸੁਰੈਣ ਸਿੰਘ-1 ਅਤੇ ਸ਼ਰੇਣ ਸਿੰਘ-2 ਦੋਵੇਂ ਅੰਮ੍ਰਿਤਸਰ ਜ਼ਿਲ੍ਹੇ ਦੇ, ਵਿਸ਼ਨੂੰ ਗਣੇਸ਼ ਪਿੰਗਲੇ ਜ਼ਿਲ੍ਹਾ ਪੂਨਾ (ਮਹਾਰਾਸ਼ਟਰ) ਦੇ ਨਾਲ ਸੈਂਟਰਲ ਜੇਲ੍ਹ ਲਾਹੌਰ ਵਿਚ ਫਾਂਸੀ ਦੇ ਦਿੱਤੀ ਗਈ। ਸਰਾਭਾ ਦੀ ਆਖਰੀ ਖਾਹਿਸ਼ ਸੀ ਕਿ ਮੇਰੇ ਨਾਮ ਨਾਲ ’ਬਾਗੀ’ ਲਗਾਇਆ ਜਾਵੇ। ਬਾਗੀ ਸਰਾਭਾ ਨੇ ਜੇਲਰ ਨੂੰ ਆਖਿਆ ਕਿ ਜੇਲਰ ਸਾਬ ਯੇ ਮਤ ਸੋਚਨਾ ਕਿ ਬਾਗੀ ਕਰਤਾਰ ਸਿੰਘ ਮਰ ਜਾਏਗਾ, ਮੇਰੇ ਖ਼ੂਨ ਕੇ ਜਿਤਨੇ ਕਤਰੇ ਹੈਂ, ਉਤਨੇ ਕਰਤਾਰ ਸਿੰਘ ਔਰ ਪੈਦਾ ਹੋਂਗੇ। ਔਰ ਦੇਸ਼ ਕੀ ਆਜ਼ਾਦੀ ਕੇ ਲੀਏ ਕਾਮ ਕਰੇਂਗੇ। ਸਰਾਭਾ ਦੀ ਯਾਦ ਵਿਚ ਉਸਦੇ ਪਿੰਡ ਵਿਖੇ ਦੋ ਏਕੜ ਜਗ੍ਹਾ ਵਿਚ ਉਸਦਾ ਬੁੱਤ, ਲਾਇਬ੍ਰੇਰੀ ਅਤੇ ਪਾਰਕ ਹੈ।

ਅੰਤਿਕਾ:-

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖਾਲੀਆਂ ਨੇ,
ਜਿਹਨਾਂ ਦੇਸ਼ ਦੀ ਸੇਵਾ ਵਿਚ ਪੈਰ ਪਾਇਆ, ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ।

**- ਕਰਤਾਰ ਸਿੰਘ ਸਰਾਭਾ**

# ਸੁਰਜੀਤ ਦੀ ‘ਜ਼ਿੰਦਗੀ ਇੱਕ ਹੁਨਰ’ ਪੁਸਤਕ : ਜ਼ਿੰਦਗੀ ਜਿਓਣ ਦੇ ਗੁਰ

**(ਸਫਾ 22 ਦੀ ਬਾਕੀ)**

ਪਹਿਲਾਂ ਆਪਣੇ ਆਪ ਨੂੰ ਮੁਆਫ਼ ਕਰੋ ਤੇ ਫਿਰ ਗ਼ਲਤੀ ਕਰਨ ਵਾਲੇ ਨੂੰ ਮੁਆਫ਼ ਕਰ ਦਿ , ਮੁਆਫ਼ ਕਰਨ ਵਾਲਾ ਵੱਡਾ ਬਣ ਜਾਂਦਾ ਹੈ। ਸੰਤੁਲਨ ‘ਦਾ ਬੈਲੈਂਸ’ ਲੇਖ ਵਿੱਚ ਸਮਝਾਇਆ ਹੈ ਕਿ ਕੁਦਰਤ ਨਾਲ ਖਿਲਵਾੜ ਮਨੁੱਖਤਾ ਦਾ ਨੁਕਸਾਨ ਕਰਦਾ ਹੈ। ਕੁਦਰਤ ਦੇ ਨਿਯਮਾ ਦੇ ਵਿਰੁੱਧ ਅਸੀਂ ਜੰਗਲ ਵੱਢ ਰਹੇ ਹਾਂ, ਪਾਣੀ ਤੇ ਹਵਾ ਗੰਧਲਾ ਕਰ ਰਹੇ ਹਾਂ, ਜਿਸ ਕਰਕੇ ਤੂਫ਼ਾਨ ਤੇ ਭੁਚਾਲ ਆਉਂਦੇ ਹਨ। ਇਸ ਲਈ ਮਾਨਵਤਾ ਨੂੰ ਸੰਜਮ ਦਾ ਪੱਲਾ ਫੜ੍ਹਨਾ ਚਾਹੀਦਾ ਹੈ ਤਾਂ ਜੋ ਕੁਦਰਤ ਦਾ ਸੰਤੁਲਨ ਬਣਿਆ ਰਹੇ। ‘ਦਾ ਸੈਕੰਡ ਚਾਂਸ’ ਲੇਖ ਇਨਸਾਨ ਨੇ ਨੌਕਰੀ ਤੋਂ ਸੇਵਾ ਮੁਕਤੀ ਦਾ ਜੀਵਨ ਕਿਵੇਂ ਗੁਜਾਰਨਾ ਹੈ, ਬਾਰੇ ਗੁਰ ਦੱਸੇ ਹਨ, ਰੁਝੇਵਾਂ ਰੱਖਣਾ ਅਤਿਅੰਤ ਜ਼ਰੂਰੀ ਹੈ ਕਿਉਂਕਿ ਵਿਹਲਾ ਮਨੁੱਖ ਸੋਚਦਾ ਰਹਿਣ ਕਰਕੇ ਬਿਮਾਰੀ ਗ੍ਰਸਤ ਹੋ ਜਾਂਦਾ ਹੈ। ਸ਼ੌਕ ਪੂਰੇ ਕਰੋ, ਸੈਰ ਕਰੋ, ਸੋਚ ਸਾਕਾਰਾਤਮਕ ਰੱਖੋ, ਸ਼ਿਕਾਇਤਾਂ ਤੇ ਝਗੜੇ ਨਾ ਕਰੋ, ਜ਼ਿੰਦਗੀ ਸਾਜ਼ਗਾਰ ਲੱਗੇਗੀ। ‘ਰੁੱਤਾਂ ਰਾਂਗਲੀਆਂ’ ਕੈਨੇਡਾ ਦੇ ਟਰਾਂਟੋ ਤੇ ਨਟਾਰੀ ਸ਼ਹਿਰਾਂ ਦੀਆਂ ਰੁੱਤਾਂ ਠੰਡੀਆਂ ਬਹੁਤ ਹੁੰਦੀਆਂ ਹਨ, ਰੁੱਤ ਅਨੁਸਾਰ ਖੇਡਾਂ ਬਦਲ ਜਾਂਦੀਆਂ ਹਨ, ਉਨ੍ਹਾਂ ਅਨੁਸਾਰ ਆਨੰਦ ਮਾਣੋ, ਗਰਮੀ ਵਿੱਚ ਪਤਝੜ ਵੀ ਸੁਹਾਵਣੀ ਹੋ ਜਾਂਦੀ ਹੈ। ਇਸੇ ਤਰ੍ਹਾਂ ਬਸੰਤ ਖ਼ੁਸ਼ਗਵਾਰ ਮੌਸਮ ਹੁੰਦਾ ਹੈ। ਪੰਜਾਬ ਵਿੱਚ ਸਾਉਣ ਸੁਹਾਵਣਾ ਹੁੰਦਾ ਹੈ।

ਰੁੱਤਾਂ ਮੁਤਾਬਕ ਮਨੁੱਖ ਨੂੰ ਵੀ ਬਦਲਕੇ ਰੂਹ ਖ਼ੁਸ਼ ਰੱਖਣ ਦਾ ਬਲ ਸਿੱਖਣਾ ਜ਼ਰੂਰੀ ਹੈ। ‘ਏਕ ਸ਼ਜਰ ਮੁਹੱਬਤ ਕਾ’ ਲੇਖ ਵਿੱਚ ਸਮਝਾਇਆ ਹੈ ਕਿ ਜੀਵਨ ਬਹੁਤ ਛੋਟਾ ਹੈ, ਇਸ ਲਈ ਧਰਮਾ ਦੇ ਚੱਕਰ ਵਿੱਚ ਨਫ਼ਰਤ ਨਾ ਫੈਲਾ , ਕਿਉਂਕਿ ਪਰਮਾਤਮਾ ਇੱਕ ਹੈ। ਮੁਹੱਬਤ ਹੀ ਇੱਕੋ-ਇਕ ਅਜਿਹਾ ਹਥਿਆਰ ਹੈ, ਜਿਸ ਨਾਲ ਜ਼ਿੰਦਗੀ ਸੁਹਾਵਣੀ ਹੋ ਸਕਦੀ ਹੈ। ਇਸ ਲਈ ਮੁਹੱਬਤ ਪੱਲੇ ਬੰਨ੍ਹ ਲ । ਪੁਸਤਕ ਦਾ ਦੂਜਾ ਭਾਗ ‘ਨੂਰ ਦੇ ਰੂ-ਬਰੂ ਹੈ, ਜਿਸ ਵਿੱਚਲੇ ਸਾਰੇ ਲੇਖ ਇਸਤਰੀਆਂ ਨਾਲ ਸੰਬੰਧਤ ਹਨ।

ਪਹਿਲਾ ਲੇਖ ‘ਕੌਰਡ ਔਫ਼ ਲਵ’ ਹੈ, ਜਿਸ ਵਿੱਚ ਦੱਸਿਆ ਗਿਆ ਹੈ ਕਿ ਬੱਚੇ ਦਾ ਨਾੜੂਆ, ਜੇ ਇਸਤਰੀ ਚਾਹੇ ਤਾਂ ਦਾਨ ਕਰ ਸਕਦੀ ਹੈ, ਜਿਸ ਨਾਲ ਅਨੇਕਾਂ ਗੰਭੀਰ ਬਿਮਾਰੀਆਂ ਦਾ ਇਲਾਜ ਕੀਤਾ ਜਾ ਸਕਦਾ ਹੈ। ਨਾੜੂਆ ਵੈਸੈ ਵੀ ਬੱਚੇ ਦੀ ਪੈਦਾਇਸ਼ ਤੋਂ ਬਾਅਦ ਸੁੱਟ ਦਿੱਤਾ ਜਾਂਦਾ ਹੈ। ‘ਮਾਂ ਜ਼ਿੰਦਗੀ ਦਾ ਦੂਜਾ ਨਾਂ’ ਵਿੱਚ ਮਾਂ ਦੀ ਦੇਣ ਬਾਰੇ ਦੱਸਿਆ ਹੈ, ਮਾਂ ਬੱਚਿਆਂ ਨੂੰ ਸਿਰਫ਼ ਜਨਮ ਹੀ ਨਹੀਂ ਦਿੰਦੀ, ਬਲਕਿ ਉਨ੍ਹਾਂ ਦੇ ਪਾਲਣ ਪੋਸ਼ਣ ਲਈ ਵੀ ਆਪਣਾ ਜੀਵਨ ਲਾ ਦਿੰਦੀ ਹੈ। ਇਸ ਲਈ ਮਾਂ ਦਿਵਸ ਤੋਹਫ਼ਿਆਂ ਅਤੇ ਪ੍ਰੀਤੀ ਭੋਜਾਂ ਦੀ ਪਰੰਪਰਾ ਤੱਕ ਨਾ ਕੀਤਾ ਜਾਵੇ, ਉਸਨੂੰ ਹਮੇਸ਼ਾ ਮਾਣ ਸਤਿਕਾਰ ਦਿੱਤਾ ਜਾਵੇ। ‘ਔਰਤ-ਸਿਆਣਪ ਅਤੇ ਸ਼ਕਤੀ ਦਾ ਮੁਜੱਸਮਾ’ ਲੇਖ ਨੂੰ ਪੜ੍ਹਕੇ ਪਾਠਕ ਦੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ, ਔਰਤ ਦੀ ਸਮਾਜ ਨੂੰ ਇਤਨੀ ਵੱਡੀ ਦੇਣ ਦੇ ਬਾਵਜੂਦ ਮਰਦ ਪ੍ਰਧਾਨ ਸਮਾਜ ਔਰਤ ਦਾ ਬਣਦਾ ਮਾਨ ਸਨਮਾਨ ਨਹੀਂ ਕਰਦਾ। ਔਰਤਾਂ ਬਲਾਤਕਾਰ ਵਰਗੀਆਂ ਅਨੇਕਾਂ ਵੰਗਾਰਾਂ ਦਾ ਮੁਕਾਬਲਾ ਕਰਦਿਆਂ ਵੀ ਮਰਦ ਨਾਲ ਮੋਢੇ ਨਾਲ ਮੋਢਾ ਜੋੜਕੇ ਕੰਮ ਕਰਦੀਆਂ ਹਨ। ‘ਅੰਤਰ-ਰਾਸ਼ਟਰੀ ਮਹਿਲਾ ਦਿਵਸ’ ਲੇਖ ਵਿੱਚ ਸੁਰਜੀਤ ਨੇ ਅੰਤਰ-ਰਾਸ਼ਟਰੀ ਮਹਿਲਾ ਦਿਵਸ ਮਨਾਉਣ ਸੰਬੰਧੀ ਸੰਸਾਰ ਦੀਆਂ ਔਰਤਾਂ ਦੇ ਸੰਗਠਤ ਰੂਪ ਵਿੱਚ ਆਪਣੇ ਹੱਕਾਂ ਦੀ ਬਰਾਬਰੀ ਲਈ ਕੀਤੇ ਯਤਨਾ ਦਾ ਨਤੀਜਾ ਹੈ। ਇਸ ਕਰਕੇ ਸੰਸਾਰ ਵਿੱਚ ਹਰ ਸਾਲ ਇਹ ਦਿਵਸ ਮਨਾਇਆ ਜਾਂਦਾ ਹੈ, ਹਰ ਸੰਸਥਾ ਔਰਤਾਂ ਦੇ ਹੱਕਾਂ ਦੀ ਪ੍ਰੋੜ੍ਹਤਾ ਦੀ ਜ਼ਿੰਮੇਵਾਰੀ ਲੈਣ ਵਿੱਚ ਖ਼ੁਸ਼ੀ ਮਹਿਸੂਸ ਕਰਦੀ ਹੈ।

‘ਤ੍ਰਿਵੈਣੀ’ ਲੇਖ ਵਿੱਚ ਸੰਸਾਰ ਦੀਆਂ ਤਿੰਨ ਅਜਿਹੀਆਂ ਦਲੇਰ ਤੇ ਬਹਾਦਰ ਇਸਤਰੀਆਂ: ਰੋਜ਼ਾ ਪਾਰਕਸ, ਐਲਿਸ ਵਾਕਰ ਅਤੇ ਪੇਰਾ ਵਿਨਫ਼ਰੇ ਬਾਰੇ ਦੱਸਿਆ ਗਿਆ ਹੈ, ਜਿਨ੍ਹਾਂ ਦੀ ਬਦੌਲਤ ਅੱਜ ਸੰਸਾਰ ਦੀਆਂ ਔਰਤਾਂ ਆਜ਼ਾਦੀ ਦਾ ਨਿੱਘ ਮਾਣ ਰਹੀਆਂ ਹਨ। ਸੰਸਾਰ ਵਿੱਚ ਹੁਣ ਤੱਕ ਜਿਹੜੀਆਂ ਔਰਤਾਂ ਨੇ ਉਚੇ ਮੁਕਾਮ ਪ੍ਰਾਪਤ ਕੀਤੇ ਹਨ, ਉਹ ਉਨ੍ਹਾਂ ਨੇ ਇਨ੍ਹਾਂ ਅਧਿਕਾਰਾਂ ਕਰਕੇ ਹੀ ਪ੍ਰਾਪਤ ਕੀਤੇ ਹਨ। ‘ਦਾ ਫ਼ੇਮਸ ਫ਼ਾਈਵ’ ਲੇਖ ਵਿੱਚ ਪੰਜ ਔਰਤਾਂ : ਐਮਲੀ ਮਰਫ਼ੀ, ਆਇਰਨ ਮਾਰਟਿਨ ਪਰਲਬੀ, ਨੈਨੀ ਮੂਲੀ ਮੈਕਲੰਗ, ਲੂਈਸ ਮਕੀਨੀ ਅਤੇ ਹੈਨਰੀਅਟਾ ਮਯੂਰ ਬਾਰੇ ਦੱਸਿਆ ਹੈ, ਜਿਨ੍ਹਾਂ ਨੇ 1927 ਵਿੱਚ ਕੈਨੇਡਾ ਦੀ ਸੁਪਰੀਮ ਕੋਰਟ ਤੇ ਫਿਰ ਇੰਗਲੈਂਡ ਵਿੱਚ ਬ੍ਰਿਟਿਸ਼ ਸਰਕਾਰ ਦੀ‘ ਜੂਡੀਸ਼ੀਅਲ ਪ੍ਰੀਵੀ ਕੌਂਸਲ’ ਵਿੱਚ ਕੇਸ ਲੜਕੇ ਔਰਤਾਂ ਨੂੰ ਬਰਾਬਰਤਾ ਦੇ ਅਧਿਕਾਰ ਦਿਵਾਏ ਸਨ। ਇਹ ਪੰਜੇ ਔਰਤਾਂ ‘ਦਾ ਫ਼ੇਮਸ ਫ਼ਾਈਵ’ ਦੇ ਨਾਮ ਨਾਲ ਜਾਣੀਆਂ ਜਾਂਦੀਆਂ ਹਨ, ਪ੍ਰੰਤੂ ਅਜੇ ਔਰਤਾਂ ਨੂੰ ਅਨੇਕ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ‘ਇਕ ਹੋਰ ਮਾਂ-ਸਾਡੀ ਮਾਂ ਬੋਲੀ’ ਲੇਖ ਵਿੱਚ ਦੱਸਿਆ ਪੰਜਾਬੀਆਂ ਵੱਲੋਂ ਪੰਜਾਬੀ ਬੱਚਿਆਂ ਨੂੰ ਪੜ੍ਹਾਉਣ ਵਿੱਚ ਅਣਗਹਿਲੀ ਵਰਤੀ ਜਾ ਰਹੀ ਹੈ, ਭਾਵੇਂ ਕੈਨੇਡਾ ਵਿੱਚ ਪੰਜਾਬੀ ਪੜ੍ਹਾਉਣ ਦੀ ਪ੍ਰਵਿਰਤੀ ਸ਼ੁਰੂ ਹੋ ਗਈ ਹੈ, ਕੁਝ ਪ੍ਰਾਈਵੇਟ ਸਕੂਲਾਂ ਵਿੱਚ ਪੰਜਾਬੀ ਪੜ੍ਹਾਈ ਜਾਂਦੀ ਹੈ। ਪੰਜਾਬੀ ਅਖ਼ਬਾਰ ਪ੍ਰਕਾਸ਼ਤ ਹੋ ਰਹੇ ਹਨ ਤੇ ਰੇਡੀ ਵੀ ਪੰਜਾਬੀ ਵਿੱਚ ਪ੍ਰੋਗਰਾਮ ਕਰਦੇ ਹਨ।

‘ਆਹ ਲੈ ਫੜ ਲੈ ਗੱਡੀ ਦੀ ਚਾਬੀ’ ਵਿਚ ਇਸਤਰੀਆਂ ਦੇ ਤਿੰਨ ਕੰਮਾ ਬਾਰੇ ਦੱਸਿਆ ਹੈ, ਇੱਕ ਤਾਂ ਉਹ ਕੰਮਾਂ ਤੇ ਜਾਂਦੀਆਂ ਹਨ, ਦੂਜੇ ਘਰ ਦਾ ਕੰਮ ਕਰਦੀਆਂ ਹਨ ਅਤੇ ਤੀਜੇ ਸ਼ਰਾਬੀ ਪਤੀਆਂ ਨੂੰ ਪਾਰਟੀਆਂ ਤੋਂ ਘਰਾਂ ਵਿੱਚ ਵਾਪਸ ਲਿਆਉਂਦੀਆਂ ਹਨ, ਜਿਨ੍ਹਾਂ ਦੇ ਪਤੀ ਨਸ਼ੇੜੀ ਹਨ, ਉਨ੍ਹਾਂ ਦੀ ਜ਼ਿੰਦਗੀ ਤਾਂ ਬਰਬਾਦ ਹੋਣ ਦੇ ਬਰਾਬਰ ਹੋ ਜਾਂਦੀ ਹੈ। ‘ਵਿਪਰੀਤ ਪ੍ਰਸਥਿਤੀਆਂ ਵਿੱਚ ਜਿਨ੍ਹਾਂ ਕਲਮ ਚੁੱਕੀ (ਕੈਨੇਡੀਅਨ ਪੰਜਾਬੀ ਨਾਰੀ-ਕਵਿਤਾ)’ ਵਿੱਚ ਪੰਜਾਬੀ ਕਵਿਤਰੀਆਂ ਵੱਲੋਂ ਪਿਛਲੀ ਅੱਧੀ ਸਦੀ ਵਿੱਚ ਵੱਖ-ਵੱਖ ਰੰਗਾਂ ਵਿੱਚ ਰੰਗੀ ਸਮਾਜਿਕ ਸਰੋਕਾਰਾਂ ਵਾਲੀ ਕਵਿਤਾ ਦਿੱਤੀ ਗਈ ਹੈ। ਉਮੀਦ ਕਰਦੇ ਹਾਂ ਕਿ ਸੁਰਜੀਤ ਏਸੇ ਤਰ੍ਹਾਂ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਦੀ ਰਹੇਗੀ।

96 ਪੰਨਿਆਂ, 200 ਰੁਪਏ ਕੀਮਤ ਵਾਲੀ ਇਹ ਪੁਸਤਕ ਪੰਜਾਬ ਪਬਲਿਸ਼ਰਜ਼ ਜਲੰਧਰ ਨੇ ਪ੍ਰਕਾਸ਼ਤ ਕੀਤੀ ਹੈ।

(ਦਸ ਜੂਨ, 1957 ਈ. ਨੂੰ ਬਰਸੀ 'ਤੇ ਵਿਸ਼ੇਸ਼)

# ਪੰਜਾਬੀ ਸਾਹਿਤ ਦਾ ਧਰੂ ਤਾਰਾ- ਭਾਈ ਵੀਰ ਸਿੰਘ



ਭਾਈ ਵੀਰ ਸਿੰਘ ਦੀ ਕਵਿਤਾ ਪੜ੍ਹਦਿਆਂ ਇੰਝ ਮਹਿਸੂਸ ਹੁੰਦਾ ਹੈ, ਜਿਵੇਂ ਅਸੀਂ ਮਾਖਿ ਂ ਦਾ ਅਨੰਦ ਮਾਣ ਰਹੇ ਹੋਈਏ। ਧਰਤੀ 'ਤੇ ਬੈਠੇ ਹੋਏ ਅਕਾਸ਼ ਵਿੱਚ ਉਡਾਰੀਆਂ ਲਾ ਰਹੇ ਹੋਈਏ। ਉਹ ਅਨੰਦ, ਰਸ, ਮਸਤੀ ਅਤੇ ਸੁਆਦ ਜੋ ਮਨੁੱਖੀ ਮਨ ਅੰਦਰ ਝਰਨਾਟਾਂ, ਤਰੰਗਾਂ, ਲਹਿਰਾਂ ਅਤੇ ਖ਼ੁਸ਼ੀ ਪੈਦਾ ਕਰਦੀ ਹੈ, ਉਸ ਕਵਿਤਾ ਦਾ ਸਿਰਜਣਹਾਰ ਡਾ. ਭਾਈ ਵੀਰ ਸਿੰਘ ਹੀ ਹੈ। ਹੋਵੇ ਵੀ ਕਿਉਂ ਨਾ। ਕਿਉਂਕਿ ਉਹ ਤਾਂ ਇੱਕ ਅਰਸ਼ੀ ਜੀਊੜਾ ਸੀ, ਜੋ ਨੀਲੇ ਅਕਾਸ਼ ਦੀਆਂ ਗੁੱਝੀਆਂ ਰਮਜ਼ਾਂ ਨੂੰ ਧਰਤੀ ਉੱਤੇ ਨਸ਼ਰ ਕਰਨ ਲਈ ਆਣ ਉੱਤਰਿਆ ਸੀ। ਭਾਈ ਵੀਰ ਸਿੰਘ ਪੰਜਾਬੀ ਸਾਹਿਤ ਗਗਨ ਦਾ ਉਹ ਧਰੂ ਤਾਰਾ ਹੈ, ਜੋ ਹਮੇਸ਼ਾ ਹੀ ਪੰਜਾਬੀ ਸਾਹਿਤਕ ਖ਼ੇਤਰ ਨੂੰ ਆਪਣੀਆਂ ਰਚਨਾਵਾਂ ਨਾਲ਼ ਰੌਸ਼ਨ ਅਤੇ ਜਗਮਗਾਉਂਦਾ ਰੱਖੇਗਾ।

ਭਾਈ ਵੀਰ ਸਿੰਘ ਆਧੁਨਿਕ ਕਾਲ ਦੇ ਵਿਖਿਆਤ ਸੰਤ, ਪੰਜਾਬੀ ਕਵੀ ਅਤੇ ਮਹਾਨ ਯੁੱਗ ਪੁਰਸ਼ ਹੋਏ ਹਨ। ਆਪ ਦਾ ਜਨਮ ਮਾਤਾ ਉੱਤਮ ਕੌਰ ਦੀ ਕੁੱਖੋਂ, ਪਿਤਾ ਡਾ। ਚਰਨ ਸਿੰਘ ਦੇ ਗ੍ਰਹਿ ਵਿਖੇ ਕਟੜਾ ਗਰਬਾ ਸਿੰਘ, ਅੰਮ੍ਰਿਤਸਰ ਵਿੱਚ ਪੰਜ ਦਸੰਬਰ, 1872 ਈ. ਨੂੰ ਹੋਇਆ। ਆਪ ਦੇ ਪਿਤਾ ਜੀ 'ਸਿੰਘ ਸਭਾ ਲਹਿਰ' ਦੇ ਮੋਢੀਆਂ ਵਿੱਚੋਂ ਸਨ।

ਭਾਈ ਸਾਹਿਬ ਨੇ ਆਪਣੀ ਮੁੱਢਲੀ ਵਿੱਦਿਆ ਆਪਣੇ ਨਾਨਾ ਗਿਆਨੀ ਹਜ਼ਾਰਾ ਸਿੰਘ ਪਾਸੋਂ ਪ੍ਰਾਪਤ ਕੀਤੀ। ਕੇਵਲ ਅੱਠ ਸਾਲ ਦੀ ਉਮਰ ਵਿੱਚ ਆਪ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਪਾਠ ਕਰ ਲਿਆ ਸੀ। ਮਿਸ਼ਨ ਸਕੂਲ ਅੰਮ੍ਰਿਤਸਰ ਵਿੱਚੋਂ ਆਪ ਨੇ ਐਂਟ੍ਰੈਂਸ ਦੀ ਪਰੀਖਿਆ ਜ਼ਿਲ੍ਹੇ ਭਰ ਵਿੱਚੋਂ ਅੱਵਲ ਰਹਿ ਕੇ ਪਾਸ ਕੀਤੀ ਸੀ। 1889 ਈ. ਵਿੱਚ ਆਪ ਜੀ ਦਾ ਵਿਆਹ ਬੀਬੀ ਚਤਰ ਕੌਰ ਨਾਲ਼ ਹੋਇਆ। ਆਪ ਦੇ ਘਰ ਦੋ ਧੀਆਂ ਕਰਤਾਰ ਕੌਰ ਅਤੇ ਸੁਸ਼ੀਲ ਕੌਰ ਦਾ ਜਨਮ ਹੋਇਆ।

ਭਾਈ ਵੀਰ ਸਿੰਘ ਜੀ ਨੇ "ਖ਼ਾਲਸਾ ਟ੍ਰੈਕਟ ਸੁਸਾਇਟੀ" ਦੀ ਨੀਂਹ ਰੱਖੀ, ਜਿਸ ਦਾ ਮੁੱਖ ਕੰਮ ਪੰਜਾਬੀ ਭਾਸ਼ਾ ਵਿੱਚ ਸਿੱਖ ਧਰਮ ਦਾ ਪ੍ਰਚਾਰ ਅਤੇ ਸਮਾਜ ਸੁਧਾਰ ਲਈ ਟ੍ਰੈਕਟ ਛਾਪਣਾ ਸੀ।

ਆਪ ਨੇ ਨਵੰਬਰ, 1899 ਈ. ਨੂੰ "ਵਜ਼ੀਰ ਹਿੰਦ ਪ੍ਰੈਸ" ਖੋਲ੍ਹਿਆ ਅਤੇ ਇੱਕ ਸਪਤਾਹਿਕ ਪਰਚਾ "ਖ਼ਾਲਸਾ ਸਮਾਚਾਰ" ਆਰੰਭ ਕੀਤਾ। ਜਿਸ ਵਿੱਚ ਗੁਰਬਾਣੀ ਅਤੇ ਗੁਰਮਤਿ ਦੀ ਸਿੱਖਿਆ ਦਾ ਪ੍ਰਚਾਰ ਅਤੇ ਪਸਾਰ ਕੀਤਾ ਜਾਂਦਾ ਸੀ। "ਚੀਫ਼ ਖ਼ਾਲਸਾ ਦੀਵਾਨ" ਦੀ ਸਥਾਪਨਾ ਕਰਨ ਵਿੱਚ ਆਪ ਦਾ ਵੱਡਾ ਯੋਗਦਾਨ ਸੀ। ਆਪ ਨੇ ਆਪਣੇ ਯਤਨਾਂ ਸਦਕਾ ਖ਼ਾਲਸਾ ਕਾਲਜ, ਅੰਮ੍ਰਿਤਸਰ ਨੂੰ ਪੰਥਕ ਪ੍ਰਬੰਧ ਹੇਠ ਲਿਆਉਣ ਵਿੱਚ ਉੱਘਾ ਯੋਗਦਾਨ ਪਾਇਆ। ਆਪ ਨੇ "ਸੈਂਟਰਲ ਖ਼ਾਲਸਾ ਯਤੀਮਖ਼ਾਨਾ, ਅੰਮ੍ਰਿਤਸਰ" ਵਿੱਚ 1904 ਈ. ਨੂੰ ਸਥਾਪਤ ਕੀਤਾ। ਇਸੇ ਤਰ੍ਹਾਂ "ਪੰਜਾਬ ਐਂਡ ਸਿੰਧ ਬੈਂਕ" ਦੀ ਸ਼ੁਰੂਆਤ 1908 ਈ। ਵਿੱਚ ਆਪ ਵੱਲੋਂ ਹੀ ਕੀਤੀ ਗਈ।

ਭਾਈ ਵੀਰ ਸਿੰਘ ਜੀ ਨੂੰ ਆਧੁਨਿਕ ਨਿੱਕੀ ਪੰਜਾਬੀ ਕਵਿਤਾ ਦੇ ਜਨਮਦਾਤਾ ਹੋਣ ਤੋਂ ਇਲਾਵਾ ਫ਼ਾਰਸੀ, ਹਿੰਦੀ, ਸੰਸਕ੍ਰਿਤ ਭਾਸ਼ਾ ਦੇ ਮਹਾਨ ਗਿਆਤਾ ਦੇ ਤੌਰ 'ਤੇ ਵੀ ਯਾਦ ਕੀਤਾ ਜਾਂਦਾ ਹੈ। ਨਿੱਕੀ ਕਵਿਤਾ ਰਚਨ ਤੋਂ ਇਲਾਵਾ ਆਪ ਨੇ ਪੰਜਾਬੀ ਨਾਵਲ, ਨਾਟਕ, ਨਿਬੰਧ, ਜੀਵਨੀ, ਵਾਰਤਕ, ਸੰਪਾਦਨਾ, ਸਟੀਕ ਰਚਨਾ ਅਤੇ ਮਹਾਂਕਾਵਿ ਦੇ ਖੇਤਰ ਵਿੱਚ ਵੀ ਬਹੁਤ ਅਹਿਮ ਅਤੇ ਵਿਦਵਤਾ ਭਰਪੂਰ ਰਚਨਾਵਾਂ ਸਿਰਜ ਕੇ ਨਵੀਆਂ ਪਿਰਤਾਂ ਪਾਈਆਂ। ਗੱਦ ਅਤੇ ਪਦ ਦੋਹਾਂ ਖੇਤਰਾਂ ਵਿੱਚ ਆਪ ਜੀ ਦੀ ਦੇਣ ਬੜੀ ਅਮੋਲਕ ਅਤੇ ਪ੍ਰਸ਼ੰਸਾ-ਯੋਗ ਰਹੀ ਹੈ।

**ਸਾਹਿਤ ਸਿਰਜਣਾ-** ਆਪ ਜੀ ਦੀਆਂ ਕਾਵਿ-ਰਚਨਾਵਾਂ ਵਿੱਚ ਦਿਲ ਤਰੰਗ, ਤ੍ਰੇਲ ਤੁਪਕੇ, ਲਹਿਰਾਂ ਦੇ ਹਾਰ, ਮਟਕ ਹੁਲਾਰੇ, ਬਿਜਲੀਆਂ ਦੇ ਹਾਰ, ਮੇਰੇ ਸਾਈਆਂ ਜੀ , ਕੰਬਦੀ ਕਲਾਈ ਆਦਿ ਬਹੁਤ ਪ੍ਰਸਿੱਧ ਹਨ। ਉਨ੍ਹਾਂ ਨੇ 'ਰਾਜਾ ਲਖਦਾਤਾ ਸਿੰਘ' ਇੱਕ ਨਾਟਕ ਦੀ ਸਿਰਜਣਾ ਵੀ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਗੁਰੂ ਕਲਗੀਧਰ ਚਮਤਕਾਰ, ਗੁਰੂ ਨਾਨਕ ਚਮਤਕਾਰ, ਸ਼ਬਦ ਗੁਰੂ ਚਮਤਕਾਰ ਆਦਿ ਰਚੇ। ਭਾਈ ਵੀਰ ਸਿੰਘ ਜੀ ਨੂੰ ਉਨ੍ਹਾਂ ਦੀ ਮਹਾਨ ਸਾਹਿਤ ਸੇਵਾ ਨੂੰ ਵੇਖਦੇ ਹੋਏ ਬੰਗਲਾ ਭਾਸ਼ਾ ਦੇ ਪ੍ਰਸਿੱਧ ਸਾਹਿਤਕਾਰ ਚਟੋਪਾਧਿਆਏ ਨੇ ਆਪ ਨੂੰ ਪੰਜਾਂ ਦਰਿਆਵਾਂ ਦੀ ਧਰਤੀ ਦੇ ਛੇਵੇਂ ਦਰਿਆ ਦੀ ਉਪਾਧੀ ਦੇ ਕੇ ਸਨਮਾਨਿਆ ਸੀ। ਇਸੇ ਤਰ੍ਹਾਂ ਈਸਟ ਪੰਜਾਬ ਯੂਨੀਵਰਸਿਟੀ ਦੁਆਰਾ "ਡਾਕਟਰ ਆਫ਼ ਓਰੀਐਂਟਲ ਲਰਨਿੰਗ" ਦੀ ਡਿਗਰੀ 1949 ਈ. ਵਿੱਚ ਪ੍ਰਦਾਨ ਕੀਤੀ ਗਈ। ਉਨ੍ਹਾਂ ਦੇ ਕਾਵਿ-ਸੰਗ੍ਰਹਿ "ਮੇਰੇ ਸਾਈਆਂ ਜੀਓ" ਨੂੰ ਭਾਰਤੀ ਸਾਹਿਤ ਅਕਾਦਮੀ, ਨਵੀਂ ਦਿੱਲੀ ਵੱਲੋਂ 1954 ਈ। ਵਿੱਚ ਸਨਮਾਨਿਆ ਗਿਆ। ਫ਼ਿਰ ਭਾਰਤੀ ਰਾਸ਼ਟਰਪਤੀ ਜੀ ਵੱਲੋਂ ਉਨ੍ਹਾਂ ਨੂੰ ਗਣਰਾਜ ਦਿਵਸ ਦੇ ਪਾਵਨ ਦਿਹਾੜੇ 'ਤੇ 1956 ਈ. ਵਿੱਚ ਪਦਮ ਵਿਭੂਸ਼ਣ ਦੀ ਉਪਾਧੀ ਦੇ ਕੇ ਸਨਮਾਨਿਤ ਕੀਤਾ ਗਿਆ। ਪੰਜਾਬੀ ਬੋਲੀ ਨੂੰ ਮਾਂਜਣ, ਲਿਸ਼ਕਾਉਣ ਅਤੇ ਇਸ ਦੇ ਸਾਹਿਤਕ ਭੰਡਾਰ ਨੂੰ ਭਰਪੂਰ ਕਰਨ ਲਈ ਆਪ ਜੀ ਨੇ ਬੜਾ ਨਿੱਗਰ ਅਤੇ ਮੁੱਲਵਾਨ ਕੰਮ ਕੀਤਾ। ਆਪ ਜੀ ਨੇ ਉਸ ਸਮੇਂ ਪੰਜਾਬੀ ਭਾਸ਼ਾ ਵਿੱਚ ਸਾਹਿਤ ਰਚਨਾ ਕਰਨੀ ਆਰੰਭ ਕੀਤੀ, ਜਦੋਂ ਪੰਜਾਬੀ ਨੂੰ ਗੰਵਾਰੂ ਭਾਸ਼ਾ ਜਾਂ ਊਣੀ ਬੋਲੀ ਸਮਝਿਆ ਜਾਂਦਾ ਸੀ। ਪਰੰਤੂ ਭਾਈ ਸਾਹਿਬ ਨੇ ਪੰਜਾਬੀ ਨੂੰ ਆਪਣੇ ਦਿਲੀ ਪਿਆਰ ਅਤੇ ਸਿਆਣਪ ਸੂਝ ਸਦਕਾ, ਸੂਖ਼ਮ ਤੋਂ ਸੂਖ਼ਮ ਅਤੇ ਕਠਿਨ ਤੋਂ ਕਠਿਨ ਵਿਸ਼ਿਆਂ ਦੇ ਪ੍ਰਗਟਾਅ ਦਾ ਮਾਧਿਅਮ ਬਣਾਇਆ।

**ਡਾ. ਇਕਬਾਲ ਸਿੰਘ ਸਕਰੌਦੀ**
**8427685020**

ਭਾਈ ਸਾਹਿਬ ਪ੍ਰਕਿਰਤੀ ਪਿਆਰ ਦੇ ਮੋਢੀ ਕਵੀ ਹਨ। ਉਨ੍ਹਾਂ 'ਤੇ ਗੁਰਮਤਿ ਦਾ ਬੜਾ ਡੂੰਘਾ ਪ੍ਰਭਾਵ ਸੀ। ਉਹ ਆਪਣੀ ਕਵਿਤਾ 'ਕਮਲ ਗੋਦੀ ਵਿੱਚ ਤ੍ਰੇਲ ਮੋਤੀ' ਵਿੱਚ ਲਿਖਦੇ ਹਨ-

"ਘੱਲੇ, ਸੱਦੇ ਪਾਤਸ਼ਾਹ, ਏਥੇ ਉਥੇ ਆਪ,
ਅਮਰ ਖੇਡ ਮੈਂ ਸਦੀ ਖੇਡ ਖਿਡਾਵੇ ਬਾਪ।"

ਭਾਈ ਸਾਹਿਬ 'ਇੱਛਾਬਲ ਤੇ ਡੂੰਘੀਆਂ ਸ਼ਾਮਾਂ' ਕਵਿਤਾ ਰਾਹੀਂ ਮਨੁੱਖ ਨੂੰ ਲਗਾਤਾਰ ਕੰਮ ਕਰਦੇ ਰਹਿਣ ਲਈ ਪ੍ਰੇਰਿਤ ਕਰਦੇ ਹਨ-

"ਸੀਨੇ ਖਿੱਚ ਜਿਨ੍ਹਾਂ ਨੇ ਖਾਧੀ, ਕਰ ਅਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾਂ ਕੀ ਨੀਂਦਰ? ਦਿਨੇ ਰਾਤ ਪਏ ਵਹਿੰਦੇ।
ਇਕੋ ਲਗਨ ਲੱਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।
ਵਸਲੋਂ ਉਰ੍ਹੇ ਮੁਕਾਮ ਨ ਕੋਈ, ਸੋ ਚਾਲ ਪਏ ਨਿਤ ਰਹਿੰਦੇ।"

ਆਪ ਨੇ "ਰਾਣਾ ਸੂਰਤ ਸਿੰਘ" ਮਹਾਂਕਾਵਿ ਵਿੱਚ ਨਿਰੋਲ ਪ੍ਰੇਮ ਨੂੰ ਬੰਨ੍ਹ ਕੇ ਪੰਜਾਬੀ ਕਵਿਤਾ ਵਿੱਚ ਇੱਕ ਨਵੀਂ ਪਰੰਪਰਾ ਨੂੰ ਤੋਰਿਆ ਹੈ। ਇਸ ਵਿੱਚ ਸਿੱਖ ਰਹੱਸਵਾਦੀ ਵਿਚਾਰਧਾਰਾ ਦੀ ਵਿਆਖਿਆ ਕੀਤੀ ਗਈ ਹੈ। ਉਨ੍ਹਾਂ ਦੱਸਿਆ ਹੈ ਕਿ ਆਤਮਾ ਹੀ ਮਨੁੱਖ ਦੀ ਸ਼ਕਤੀ ਹੈ। ਇਸ ਤੋਂ ਇਲਾਵਾ ਇਸ ਵਿੱਚ ਇੱਕ ਵਿੱਛੜੀ ਹੋਈ ਆਤਮਾ ਦੀਆਂ ਅਦਭੁੱਤ ਵਿਲਕਣੀਆਂ ਵੀ ਸੁਣਾਈ ਦਿੰਦੀਆਂ ਹਨ। ਮਹਾਂਕਾਵਿ ਦੀ ਨਾਇਕਾ 'ਰਾਣੀ ਰਾਜ ਕੌਰ' ਆਪਣੇ ਪਤੀ 'ਰਾਣਾ ਸੂਰਤ ਸਿੰਘ' ਦੀ ਧਰਮ ਯੁੱਧ ਵਿੱਚ ਸ਼ਹੀਦੀ ਉਪਰੰਤ ਬਹੁਤ ਬਿਹਬਲ ਰਹਿੰਦੀ ਹੈ। ਉਹ ਬਿਰਹਾ ਰੂਪੀ ਅੱਗ ਵਿੱਚ ਸੜਦੀ ਬਲ਼ਦੀ ਰਹਿੰਦੀ ਹੈ। ਉਸ ਦੀ ਆਤਮਾ ਨੂੰ ਸ਼ਾਂਤੀ ਉਦੋਂ ਮਿਲਦੀ ਹੈ, ਜਦੋਂ ਸਤਿਸੰਗ ਵਿੱਚ ਪਹੁੰਚ ਕੇ ਉਸ ਦਾ ਪਤੀ ਪ੍ਰੇਮ ਪ੍ਰਭੂ ਪ੍ਰੇਮ ਵਿੱਚ ਬਦਲ ਜਾਂਦਾ ਹੈ। ਸਾਰੇ ਮਹਾਂਕਾਵਿ ਵਿੱਚ ਸਿਰਖੰਡੀ ਛੰਦ ਦੀ ਵਰਤੋਂ ਕੀਤੀ ਗਈ ਹੈ। ਰਾਣਾ ਸੂਰਤ ਸਿੰਘ ਮਹਾਂਕਾਵਿ ਨੂੰ ਪੰਜਾਬੀ ਸਾਹਿਤ ਵਿੱਚ ਉਹੀ ਦਰਜਾ ਹਾਸਲ ਹੈ, ਜੋ ਅੰਗਰੇਜ਼ੀ ਸਾਹਿਤ ਵਿੱਚ ਡਾਂਟੇ ਦੀ Divine Comedy ਅਤੇ ਮਿਲਟਨ ਦੇ Paraidse Lost ਦਾ ਹੈ। "ਪ੍ਰੀਤ ਵੀਣਾ" ਇੱਕ ਸੁਹਜ ਭਰੀ ਅਤੇ ਰਹੱਸਵਾਦੀ ਕਵਿਤਾ ਹੈ। ਇਸ ਵਿੱਚ ਇੱਕ ਪ੍ਰੀਤ ਮੁਗਧ ਜੋੜੀ ਦਾ ਚਿੱਤਰਨ ਕੀਤਾ ਗਿਆ ਹੈ, ਜਿਨ੍ਹਾਂ ਨੂੰ ਸਮੇਂ ਦਾ ਜ਼ਾਲਮ ਹਾਕਮ ਇੱਕ ਦੂਜੇ ਨਾਲੋਂ ਵਿਛੋੜ ਦਿੰਦਾ ਹੈ। ਪਰੰਤੂ ਉਹ ਆਪਣੇ ਸੱਚੇ ਸੁੱਚੇ ਪ੍ਰੇਮ ਦੇ ਆਧਾਰ 'ਤੇ ਮੁੜ ਵਸਲ ਪ੍ਰਾਪਤ ਕਰਦੇ ਹਨ-

"ਦੁਹੁ ਵੱਲੋਂ ਕੋਈ ਵਾਜ ਨਾ ਆਈ,
ਕਿਰਨ ਜਿਵੇਂ ਮਿਲ ਕਿਰਨ ਸਮਾਈ।"

"ਕੰਤ ਮਹੇਲੀ" ਵਿੱਚ ਇੱਕ ਅਧਿਆਤਮਕ ਪੰਧ ਦੀ ਬਿਰਹੁੰ ਕੁੱਠੀ ਪਤਨੀ ਦੀ ਤਾਂਘ ਨੂੰ ਉਲੀਕਿਆ ਗਿਆ ਹੈ, ਜੋ ਆਪਣੇ ਪ੍ਰੀਤਮ ਪ੍ਰਭੂ ਦੇ ਵਿਛੋੜੇ ਵਿੱਚ ਬਿਰਹਨ ਬਣੀ ਹੋਈ ਹੈ-

"ਆ ਕੇ ਵੇਖ ਖਾਂ ਬੂਟਾ, ਛੱਡ ਗੁਲਾਬ ਗਿਉਂ ਵੇ।
ਰਹਿ ਗਈ ਸੁੱਕੀ ਏ ਡਾਲੀ, ਸਾਰੀ ਝੰਬੀ ਮੈਂ ਪਈ ਆਂ।"

"ਕੰਬਦੀ ਕਲਾਈ" ਧਾਰਮਿਕ ਗੀਤਾਂ ਦਾ ਸੰਗ੍ਰਹਿ ਹੈ, ਜੋ ਸਿੱਖ ਗੁਰੂ ਸਾਹਿਬਾਨ ਦੀ ਉਸਤਤੀ ਵਿੱਚ ਰਚੇ ਗਏ ਹਨ-

"ਸੁਪਨੇ ਵਿੱਚ ਤੁਸੀਂ ਮਿਲੇ ਅਸਾਨੂੰ,
ਅਸਾਂ ਧਾਹ ਗਲਵੱਕੜੀ ਪਾਈ।
ਨਿਰਾ ਨੂਰ ਤੁਸੀਂ ਹੱਥ ਨਾ ਆਏ,
ਸਾਡੀ ਕੰਬਦੀ ਰਹੀ ਕਲਾਈ।"

ਨਾਵਲ ਦੇ ਖੇਤਰ ਵਿੱਚ ਭਾਈ ਵੀਰ ਸਿੰਘ ਨੇ "ਸੁੰਦਰੀ" ਨਾਵਲ 1898 ਈਸਵੀ ਵਿੱਚ ਰਚ ਕੇ ਪਹਿਲੀ ਵਾਰੀ ਪੰਜਾਬੀ ਵਿੱਚ ਮੌਲਿਕ ਨਾਵਲ ਸਿਰਜਣਾ ਦਾ ਆਰੰਭ ਕੀਤਾ। ਇਸ ਤੋਂ ਪਿੱਛੋਂ "ਬਿਜੈ ਸਿੰਘ", "ਸਤਵੰਤ ਕੌਰ", "ਬਾਬਾ ਨੌਧ ਸਿੰਘ" ਨਾਵਲਾਂ ਦੀ ਸਿਰਜਣਾ ਕਰਕੇ ਪੰਜਾਬੀ ਭਾਸ਼ਾ ਨੂੰ ਅਮੀਰ ਅਤੇ ਭਰਪੂਰ ਕਰਨ ਵਿੱਚ ਬੜਾ ਨਿਵੇਕਲਾ ਅਤੇ ਵਿਲੱਖਣ ਕਾਰਜ ਕੀਤਾ ਹੈ। ਭਾਈ ਵੀਰ ਸਿੰਘ ਜੀ ਤੋਂ ਪਹਿਲਾਂ ਪੰਜਾਬੀ ਦੇ ਕਿੱਸਾ ਸਾਹਿਤ ਵਿੱਚ, ਨਾਥਾਂ ਜੋਗੀਆਂ ਦੀਆਂ ਰਚਨਾਵਾਂ ਵਿੱਚ ਇਸਤਰੀ ਨੂੰ ਕੇਵਲ 'ਸ਼ਿੰਗਾਰ ਰਸ' ਦੇ ਰੂਪ ਵਿੱਚ ਹੀ ਪੇਸ਼ ਕੀਤਾ ਜਾਂਦਾ ਰਿਹਾ ਸੀ। ਪਰੰਤੂ ਭਾਈ ਵੀਰ ਸਿੰਘ ਜੀ ਦੀ ਵਿਲੱਖਣਤਾ ਇਸ ਗੱਲ ਵਿੱਚ ਹੈ ਕਿ ਉਨ੍ਹਾਂ ਨੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਦਰਸਾਏ ਮਾਰਗ 'ਤੇ ਚੱਲਦੇ ਹੋਏ "ਚੰਡੀ ਦੀ ਵਾਰ" ਦੀ ਨਾਇਕਾ "ਦੁਰਗਾ ਦੇਵੀ" ਦੀ ਤਰ੍ਹਾਂ ਆਪਣੇ ਨਾਵਲਾਂ ਵਿੱਚ ਉਸ ਦੇ "ਬੀਰ ਰਸੀ" ਕਿਰਦਾਰ ਨੂੰ ਚਿੱਤਰਿਆ ਅਤੇ ਉਭਾਰਿਆ ਹੈ। ਉਸ ਦੇ ਨਾਵਲਾਂ ਦੀਆਂ ਨਾਇਕਾਵਾਂ ਪ੍ਰਤੀਕੂਲ ਪ੍ਰਸਥਿਤੀਆਂ ਵਿੱਚ ਹਿੰਮਤ ਅਤੇ ਹੌਂਸਲੇ ਨਾਲ਼ ਡਟਦੀਆਂ ਅਤੇ ਲੜਦੀਆਂ ਦਿਖਾਈਆਂ ਗਈਆਂ ਹਨ। ਇਹ ਭਾਈ ਵੀਰ ਸਿੰਘ ਜੀ ਦੇ ਨਾਵਲਾਂ ਦਾ ਮੀਰੀ ਗੁਣ ਹੈ। ਜਿਸ ਦਾ ਸਿਹਰਾ ਉਨ੍ਹਾਂ ਦੀ ਮਹਾਨ ਸੱਚੀ ਸੁੱਚੀ ਸੋਚ ਨੂੰ ਜਾਂਦਾ ਹੈ।

ਭਾਈ ਵੀਰ ਸਿੰਘ ਜੀ ਨੇ ਆਪਣੇ ਨਾਵਲਾਂ ਵਿੱਚ ਜੇਕਰ ਮੁਗ਼ਲਾਂ ਨੂੰ ਜ਼ੁਲਮ ਕਰਦੇ ਦਿਖਾਇਆ ਹੈ ਤਾਂ ਇੱਥੇ ਵੀ ਉਨ੍ਹਾਂ ਨੇ ਮੁਗ਼ਲਾਂ ਨੂੰ ਉਹ ਕੇਵਲ ਇੱਕ ਪ੍ਰਤੀਕ ਵਜੋਂ ਹੀ ਚਿੱਤਰਿਆ ਹੈ। ਭਾਈ ਵੀਰ ਸਿੰਘ ਜੀ ਦੀਆਂ ਨਜ਼ਰਾਂ ਵਿੱਚ ਜਿਹੜਾ ਵੀ ਕੋਈ ਸੈਨਾਪਤੀ, ਰਾਜਾ ਜਾਂ ਅਮੀਰ ਵਿਅਕਤੀ ਔਰਤਾਂ ਦੀ ਇੱਜ਼ਤ ਨਹੀਂ ਕਰਦਾ, ਉਹ ਸਮਾਜ ਵਿਰੋਧੀ ਤੱਤ ਹਨ, ਭਾਵੇਂ ਉਹ ਮੁਗ਼ਲ ਹਨ, ਭਾਵੇਂ ਅੰਗਰੇਜ਼ ਹਨ, ਭਾਵੇਂ ਕੋਈ ਰਈਸਜ਼ਾਦਾ ਸਰਦਾਰ ਹੈ। ਇਸ ਪ੍ਰਕਾਰ ਭਾਈ ਵੀਰ ਸਿੰਘ ਜੀ ਆਪਣੇ ਨਾਵਲਾਂ ਵਿੱਚ ਇੱਕ ਮਾਨਵਵਾਦੀ, ਲੋਕ-ਹਿਤੈਸ਼ੀ ਅਤੇ ਔਰਤਾਂ ਪ੍ਰਤੀ ਸੰਵੇਦਨਸ਼ੀਲਤਾ ਵਾਲ਼ੀ ਭਾਵਨਾ ਰੱਖਣ ਵਾਲ਼ੇ ਪਹਿਲੇ ਮਹਾਨ ਨਾਵਲਕਾਰ ਸਿੱਧ ਹੁੰਦੇ ਹਨ।

ਪੰਜਾਬੀ ਵਿੱਚ ਭਾਈ ਵੀਰ ਸਿੰਘ ਜੀ ਉਹ ਪਹਿਲੇ ਸਾਹਿਤਕਾਰ ਹਨ, ਜਿਨ੍ਹਾਂ ਨੇ ਰੂਪਕ ਪੱਖ ਤੋਂ ਪੰਜਾਬੀ ਨੂੰ ਕਿੱਸਾ-ਕਾਵਿ ਦੀ ਚੱਲੀ ਆ ਰਹੀ ਪਰੰਪਰਾ ਵਿੱਚੋਂ ਕੱਢ ਕੇ ਪੱਛਮੀ ਰੰਗ ਦੇ ਨਵੀਨ ਰੂਪ ਦਿੱਤੇ । ਉਨ੍ਹਾਂ ਨੇ ਪ੍ਰਮਾਣਿਤ ਪੁਰਾਤਨ ਛੰਦ-ਤੋਲਾਂ ਦੇ ਪ੍ਰਬੰਧ ਤੋਂ ਉਪਰੰਤ ਨਵੇਂ ਛੰਦ-ਪ੍ਰਬੰਧ ਨੂੰ ਅਪਣਾਇਆ। ਉਸ ਵਿੱਚ ਲੈਅ, ਰਸ, ਤਾਲ, ਸੁਰ ਦੇ ਨਵੇਂ ਪ੍ਰਭਾਵ ਉਜਾਗਰ ਕੀਤੇ। ਪੁਰਾਣਿਆਂ ਵਿਸ਼ਿਆਂ ਪ੍ਰੇਮ ਅਤੇ ਬ੍ਰਿਹੋਂ ਆਦਿ ਨੂੰ ਨਵੇਂ ਅਨੁਭਵ ਨਾਲ਼ ਰੂਪਮਾਨ ਕੀਤਾ। ਇਸ ਪ੍ਰਕਾਰ ਭਾਈ ਵੀਰ ਸਿੰਘ ਜੀ ਨੇ ਪੰਜਾਬੀ ਵਿੱਚ ਨਵੀਆਂ ਲੀਹਾਂ ਪਾਈਆਂ। ਉਨ੍ਹਾਂ ਪਹਿਲੀ ਵਾਰੀ ਸਿੱਖ ਸਿਧਾਂਤ ਅਤੇ ਸਿੱਖ ਇਤਿਹਾਸ ਨੂੰ ਪੰਜਾਬੀ ਸਾਹਿਤ ਵਿੱਚ ਮੌਲਣ ਅਤੇ ਵਿਗਸਣ ਦੇ ਭਰਪੂਰ ਮੌਕੇ ਦਿੱਤੇ। ਆਪ ਜੀ ਦੀ ਕਵਿਤਾ ਨਵੇਂ ਅਤੇ ਪੁਰਾਣੇ ਪੰਜਾਬੀ ਕਾਵਿ ਦੇ ਵਿਚਕਾਰ ਇੱਕ ਨਿਸਚਿਤ ਲਕੀਰ ਖਿੱਚਦੀ ਹੈ ਅਤੇ ਪੰਜਾਬ ਦੇ ਨਵ-ਜਾਗ੍ਰਤੀ ਕਾਲ ਵਿੱਚ ਨਵੀਨ ਪੰਜਾਬੀ ਕਵਿਤਾ ਦੀ ਪ੍ਰੇਰਣਾਮਈ ਗੁੜ੍ਹਤੀ ਬਣਦੀ ਹੈ।

ਭਾਈ ਵੀਰ ਸਿੰਘ ਜੀ ਵੱਲੋਂ ਸਿੱਖ ਕੌਮ ਦੇ ਉਸਰੱਈਏ ਦੇ ਤੌਰ 'ਤੇ ਮਹਾਨ ਕਾਰਜ ਕਰਨ ਕਾਰਨ ਹੀ ਸਿੱਖ ਜਗਤ ਵੱਲੋਂ ਉਨ੍ਹਾਂ ਨੂੰ "ਭਾਈ" ਦੀ ਉਪਾਧੀ ਨਾਲ਼ ਨਿਵਾਜਣਾ ਉਨ੍ਹਾਂ ਦੇ ਕੀਤੇ ਕੰਮਾਂ ਨੂੰ ਸਨਮਾਨਿਤ ਕਰਨਾ ਹੀ ਹੈ। ਸੱਚ ਤਾਂ ਇਹ ਹੈ ਕਿ ਭਾਈ ਵੀਰ ਸਿੰਘ ਤਾਂ ਉਹ ਨਗੀਨਾ ਹੈ, ਜੋ ਜਿਉਂ-ਜਿਉਂ ਘੱਸਦਾ ਹੈ, ਤਿਉਂ-ਤਿਉਂ ਹੋਰ ਜ਼ਿਆਦਾ ਲਿਸ਼ਕ ਹਾਸਲ ਕਰਦਾ ਹੈ। ਬੇਸ਼ੱਕ ਉਹ ਦਸ ਜੂਨ, 1957 ਈ। ਨੂੰ ਇਸ ਸੰਸਾਰ ਤੋਂ ਚਲੇ ਗਏ ਹਨ। ਪਰੰਤੂ ਉਹ ਆਪਣੀਆਂ ਮਹਾਨ ਰਚਨਾਵਾਂ ਸਦਕਾ ਪੰਜਾਬੀ ਸਾਹਿਤ ਪ੍ਰੇਮੀਆਂ ਦੇ ਦਿਲਾਂ ਵਿੱਚ ਹਮੇਸ਼ਾ-ਹਮੇਸ਼ਾ ਲਈ ਵਸੇ ਰਹਿਣਗੇ, ਆਮੀਨ।

## ਆਦਮੀ ਦਾ ਪੇਕਾ

ਕਹਿਣ ਨੂੰ ਤਾਂ ਆਦਮੀ ਦਾ ਸਭ ਕੁਝ ਹੁੰਦਾ,
ਪਰ ਆਦਮੀ ਦਾ ਆਪਣਾ ਕੋਈ ਪੇਕਾ ਨਹੀਂ ਹੁੰਦਾ
ਨਾ ਕੋਈ ਅਜਿਹਾ ਵਿਹੜਾ,
ਜਿੱਥੇ ਉਹ ਝੋਲਾ ਚੁੱਕ ਨਿਸੰਕੋਚ ਪਰਤ ਆਵੇ।
ਜਿੱਥੇ ਕੋਈ ਉਸ ਦਾ ਮੱਥਾ ਚੁੰਮ ਕੇ ਆਖੇ,
ਜ਼ਿੰਮੇਵਾਰੀਆਂ ਦਾ ਬੋਝ ਚੁੱਕਦੇ ਚੁੱਕਦੇ ਥੱਕ ਤਾਂ ਨਹੀਂ ਗਿਆ?
ਥੋੜ੍ਹਾ ਜਿਹਾ ਆਰਾਮ ਤੂੰ ਵੀ ਕਰਲਾ,
ਆਦਮੀ ਤਾਂ ਤੁਰਦਾ ਰਹਿੰਦਾ ਨਿਰੰਤਰ ਬਿਨਾਂ ਥੱਕੇ,
ਇਕ ਪੁੱਤ, ਇਕ ਪਤੀ, ਇਕ ਪਿਤਾ ਤੇ ਇਕ ਭਰਾ ਬਣਕੇ।
ਆਪਣੇ ਮੋਢੇ ਤੇ ਜ਼ਿੰਮੇਵਾਰੀਆਂ ਦਾ ਬੋਝ ਚੁੱਕੀ
ਪਰ ਕਦੇ ਖੁਦ ਲਈ ਕਿਤੇ ਵੀ ਸਕੂਨ ਨਾਲ ਠਹਿਰ ਨਹੀਂ ਪਾਉਂਦਾ।
ਆਦਮੀ ਖੁਦ ਨੂੰ ਬਣਾ ਲੈਂਦਾ ਹਰ ਦੁੱਖ ਵਿਚ ਪੱਥਰ ਜਿਹਾ,
ਸਿਸਕਦਾ ਹੈ ਪਰ ਕਦੇ ਹੰਝੂਆਂ ਦਾ ਦਿਖਾਵਾ ਨਹੀਂ ਕਰ ਪਾਉਂਦਾ,
ਫਿਰ ਤੁਰ ਪੈਂਦਾ ਹੈ ਜ਼ਿੰਮੇਵਾਰੀਆਂ ਦਾ ਬੋਝ ਚੁੱਕੀ ਮੋਢਿਆਂ ਤੇ,
ਫਿਰ ਹੱਸਣ ਲੱਗ ਜਾਂਦਾ ਹੈ ਜਿੱਥੇ ਕਦੇ
ਉਹ ਰੋਇਆ ਸੀ।
ਕਹਿਣ ਨੂੰ ਤਾਂ ਆਦਮੀ ਦਾ ਸਭ
ਕੁਝ ਹੁੰਦਾ,
ਪਰ ਆਦਮੀ ਦਾ ਆਪਣਾ ਕੋਈ ਪੇਕਾ
ਨਹੀਂ ਹੁੰਦਾ।



**- ਪ੍ਰੋਫੈਸਰ ਮਨਮੋਹਨ ਸਿੰਘ**
**94647-35736**

## ਸਵੇਰ ਦਾ ਚਿਹਰਾ

ਰਾਤ ਦਾ ਹਨ੍ਹੇਰਾ ਭੋਗਣ ਪਿੱਛੋਂ
ਜਦੋਂ ਮੈਲੀ ਕੁਚੈਲੀ ਸਵੇਰ ਮੱਥੇ ਲੱਗਦੀ ਹੈ
ਮੱਥੇ ਦੀਆਂ ਲੀਕਾਂ ਤਿਉੜੀਆਂ ਨਹੀਂ
ਅੱਗ ਬਣ ਜਾਂਦੀਆਂ ਹਨ
ਉਸ ਅੱਗ ਵਿਚੋਂ ਕਈ ਸਵਾਲ ਉਗਦੇ
ਜੋ ਸਵੇਰ ਦੇ ਮੱਥੇ ਵਿਚ
ਕਿੱਲ ਬਣ ਕੇ ਠੁਕ ਜਾਂਦੇ
ਉਦੋਂ ਚੁੱਪ ਬੋਲਣ ਲੱਗਦੀ ਹੈ
ਜਦੋਂ ਪੈਰਾਂ ਦੀ ਅਣਹੋਂਦ ਵਿਚ ਵੀ
ਕੋਈ ਨੱਚਣ ਲੱਗਦਾ ਹੈ
ਉਦੋਂ ਧਰਤੀ ਨੂੰ ਪਸੀਨਾ ਆ ਜਾਂਦਾ
ਉਸ ਨਾਚ ਤੇ ਮੋਹਿਤ ਹੋ ਕੇ
ਬੱਦਲ ਅੰਬਰ ਦੇ ਵਿਹੜੇ ਆ ਵੜਦੇ
ਛਮ ਛਮ ਮੀਂਹ ਵਰ੍ਹਦਾ
ਜੋ ਧੋ ਦੇਂਦਾ
ਮੈਲੀ ਕੁਚੈਲੀ ਸਵੇਰ ਦਾ ਚਿਹਰਾ।

**- ਜਸਬੀਰ ਸਿੰਘ ਧੀਮਾਨ**

## ਸੈਣੀ ਜਾਗ੍ਰਿਤੀ ਮੰਚ ਨੇ ਸੰਦੀਪ ਸੈਣੀ ਨੂੰ 'ਆਪ' ਦਾ ਸੂਬਾ ਸਕੱਤਰ ਬਣਨ 'ਤੇ ਸਨਮਾਨਿਤ ਕੀਤਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਸੈਣੀ ।ਜਾਗ੍ਰਿਤੀ ਮੰਚ ਪੰਜਾਬ ਨੇ ਮੰਚ ਦੇ ਸਰਪ੍ਰਸਤ ਅਤੇ ਬੈਂਕਫਿਕੋ ਦੇ ਚੇਅਰਮੈਨ ਸੰਦੀਪ ਸੈਣੀ ਨੂੰ 'ਆਪ' ਵੱਲੋਂ ਸੂਬਾ ਸਕੱਤਰ ਨਿਯੁਕਤ ਕੀਤੇ ਜਾਣ 'ਤੇ ਸਨਮਾਨਿਤ ਕੀਤਾ। ਇਸ ਮੌਕੇ ਅਧਿਕਾਰੀਆਂ ਨੇ ਸੰਦੀਪ ਸੈਣੀ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ 'ਆਪ' ਨੇ ਸੰਦੀਪ ਸੈਣੀ ਨੂੰ ਪਹਿਲਾਂ ਚੇਅਰਮੈਨ ਅਤੇ ਹੁਣ ਸੂਬਾ ਸਕੱਤਰ ਨਿਯੁਕਤ ਕਰਕੇ ਸੈਣੀ ਭਾਈਚਾਰੇ ਦਾ ਮਾਣ ਵਧਾਇਆ ਹੈ ਅਤੇ ਉਨ੍ਹਾਂ ਨੂੰ ਸੰਦੀਪ ਸੈਣੀ 'ਤੇ ਮਾਣ ਹੈ। ਉਨ੍ਹਾਂ ਕਿਹਾ ਕਿ ਸੰਦੀਪ ਸੈਣੀ ਲੰਬੇ ਸਮੇਂ ਤੋਂ ਸਮਾਜ ਦੇ ਹਰ ਵਰਗ ਦੇ ਭਲਾਈ ਅਤੇ ਲੋਕ ਭਲਾਈ ਦੇ ਕੰਮਾਂ ਨਾਲ ਜੁੜੇ ਹੋਏ ਹਨ ਅਤੇ ਸਮਾਜ ਵਿਰੋਧੀ ਗਤੀਵਿਧੀਆਂ ਦਾ ਸਖ਼ਤ ਵਿਰੋਧ ਕਰਨਾ ਉਨ੍ਹਾਂ ਦੇ ਸੁਭਾਅ ਵਿੱਚ ਹੈ। ਇਸ ਮੌਕੇ ਸੰਦੀਪ ਸੈਣੀ ਨੇ ਫੋਰਮ ਦੇ ਅਧਿਕਾਰੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਲੋਕਾਂ ਦੀ ਸੇਵਾ ਕਰਨਾ ਹੀ ਉਨ੍ਹਾਂ ਦਾ ਇੱਕੋ ਇੱਕ ਉਦੇਸ਼ ਹੈ ਅਤੇ ਟਰਾਂਸਕੋ ਵੀ ਉਹ ਇਸ ਉਦੇਸ਼ ਨੂੰ ਪ੍ਰਾਪਤ ਕਰਨ ਲਈ ਨਿਰੰਤਰ ਯਤਨਸ਼ੀਲ ਰਹਿਣਗੇ।



ਇਸ ਮੌਕੇ ਕੁਲਵੰਤ ਸਿੰਘ ਸੈਣੀ, ਪ੍ਰੇਮ ਸੈਣੀ, ਪਰਵੀਨ ਸੈਣੀ ਸੀਨੀਅਰ ਡਿਪਟੀ ਮੇਅਰ, ਹਰਿੰਦਰ ਸੈਣੀ, ਹਰਵਿੰਦਰ ਸਿੰਘ ਸੈਣੀ, ਪਿਆਰੇ ਲਾਲ ਸੈਣੀ, ਸੁਰਿੰਦਰਪਾਲ ਕੌਰ ਸੈਣੀ, ਕ੍ਰਿਪਾਲ ਸਿੰਘ ਪਾਲੀ ਸੈਣੀ, ਪ੍ਰਭਜੋਤ ਸੈਣੀ, ਅਰਵਿੰਦ ਸੈਣੀ ਰੋਮੀ, ਸ਼੍ਰੀ ਕ੍ਰਿਸ਼ਨ ਸੈਣੀ, ਭੁਪਿੰਦਰ ਸੈਣੀ, ਨਰੇਸ਼ ਸੈਣੀ, ਹਰਜੀਤ ਸਿੰਘ ਸੈਣੀ, ਹਰਜੀਤ ਸਿੰਘ ਸੈਣੀ, ਹਰਜੀਤ ਸਿੰਘ ਸੈਣੀ, ਐਨ. ਸਿੰਘ ਸੈਣੀ ਭੂਪਾ, ਸੁਖਪ੍ਰੀਤ ਸਿੰਘ ਸੈਣੀ, ਅਜੇ ਸੈਣੀ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ



"ਹਰਫ਼ ਜੋ ਬਲਦੇ ਹੱਥਾਂ ਨੇ ਹਵਾ ਵਿੱਚ ਲਿਖੇ,
ਤੇਜ਼ ਝੋਂਕਿਆਂ ਦੇ ਨਾ਼ਲ ਖਿੰਡ ਜਾਣਗੇ ਦੂਰ ਤੱਕ।
ਸ਼ਹਾਦਤ ਦੇ ਤੁਪਕਿਆਂ ਨਾ਼ਲ ਉੱਕਰੇ ਨੇ ਧਰਤੀ ਦੀ ਹਿੱਕ ਉੱਤੇ,
ਮੋਤੀ ਸਦਾ ਇਤਿਹਾਸ ਦੇ ਪੰਨਿਆਂ 'ਤੇ ਲਿਖੇ ਰਹਿਣਗੇ।"
(ਜਸਕਰਨ)

ਉਂਝ ਤਾਂ ਸਾਰਾ ਸਿੱਖ ਇਤਿਹਾਸ ਹੀ ਕੁਰਬਾਨੀਆਂ ਅਤੇ ਆਪਾ ਵਾਰ ਦੇਣ ਦੀ ਭਾਵਨਾ ਨਾ਼ਲ ਭਰਿਆ ਪਿਆ ਹੈ। ਪਰੰਤੂ ਦੇਸ਼, ਕੌਮ, ਧਰਮ ਅਤੇ ਸਮਾਜ ਲਈ ਆਪਣਾ ਆਪਾ ਬਲੀਦਾਨ (ਅਰਪਿਤ) ਕਰ ਦੇਣ ਦੀ ਪਿਰਤ ਸਭ ਤੋਂ ਪਹਿਲਾਂ ਗੁਰੂ ਅਰਜਨ ਦੇਵ ਜੀ ਨੇ ਹੀ ਪਾਈ। ਉਹ ਗੁਰੂ ਨਾਨਕ ਦੇਵ ਜੀ ਦੇ ਆਤਮਿਕ ਤਖ਼ਤ ਉੱਤੇ ਬੈਠੇ ਗੁਰੂ ਨਾਨਕ ਜੋਤਿ ਦਾ ਪੰਜਵਾਂ ਸਰੂਪ ਸਨ, ਜੋ ਸਬਰ, ਸੰਤੋਖ, ਸ਼ੁਕਰ, ਦਇਆ, ਕੋਮਲਤਾ, ਬਲੀਦਾਨ ਅਤੇ ਭਾਣਾ ਮੰਨਣ ਦੀ ਸਾਖਿਆਤ ਮੂਰਤ ਸਨ। ਉਨ੍ਹਾਂ ਨੇ ਆਪਣੀ ਬਾਣੀ ਵਿੱਚ ਮਨੁੱਖਤਾ ਲਈ ਉੱਚੀਆਂ ਅਤੇ ਸੱਚੀਆਂ-ਸੁੱਚੀਆਂ ਨੈਤਿਕ ਕਦਰਾਂ ਕੀਮਤਾਂ ਸਥਾਪਤ ਕਰਨ ਲਈ ਸਦਾ ਸੁੱਖ, ਉਤਸ਼ਾਹ, ਪਿਆਰ, ਹਮਦਰਦੀ ਦਾ ਸੁਨੇਹਾ ਦਿੱਤਾ। ਇਸੇ ਤਰ੍ਹਾਂ ਕਿਸੇ ਨਾ਼ਲ ਈਰਖਾ, ਦਵੈਸ਼, ਨਫ਼ਰਤ, ਬੇਗਾਨਗੀ, ਵੈਰ ਵਿਰੋਧ ਨਾ ਰੱਖਣ ਦੀ ਸਿੱਖਿਆ ਦਿੱਤੀ। ਇਹੋ ਉੱਤਮ ਗੁਣ ਆਪ ਦੀ ਸ਼ਖ਼ਸੀਅਤ ਦਾ ਮੂ਼ਲ ਸੀ-

"ਬਿਸਰਿ ਗਈ ਸਭ ਤਾਤਿ ਪਰਾਈ।
ਜਬ ਤੇ ਸਾਧ ਸੰਗਤਿ ਮੋਹਿ ਪਾਈ॥
ਨਾ ਕੋ ਵੈਰੀ ਨਾਹੀ ਬੇਗਾਨਾ।
ਸਗਲ ਸੰਗ ਹਮ ਕੋ ਬਣ ਆਈ॥

ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਗੁਰੂ ਅਰਜਨ ਦੇਵ ਜੀ ਦਾ ਜਨਮ ਪੰਦਰਾਂ ਅਪਰੈਲ 1563 ਈਸਵੀ (ਵਿਸਾਖ ਵਦੀ ੭ ਸੰਮਤ ੧੬੨੦) ਨੂੰ ਚੌਥੇ ਗੁਰੂ ਰਾਮਦਾਸ ਜੀ ਦੇ ਘਰ ਬੀਬੀ ਭਾਨੀ ਦੀ ਪਵਿੱਤਰ ਕੁੱਖੋਂ ਗੋਇੰਦਵਾਲ ਸਾਹਿਬ ਵਿਖੇ ਹੋਇਆ। ਆਪ ਦਾ ਵਿਆਹ ਕ੍ਰਿਸ਼ਨ ਚੰਦ ਦੀ ਸਪੁੱਤਰੀ ਬੀਬੀ ਗੰਗਾ ਦੇਵੀ ਦੇ ਨਾ਼ਲ ਮਉ ਪਿੰਡ ਵਿੱਚ 1579 ਈਸਵੀ (੨੩ ਹਾੜ ਸੰਮਤ ੧੬੩੬) ਵਿੱਚ ਹੋਇਆ। ਜਿਨ੍ਹਾਂ ਦੀ ਕੁੱਖ ਤੋਂ ਮਹਾਂਵੀਰ ਸਪੁੱਤਰ ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਹੋਇਆ।

ਗੁਰੂ ਅਰਜਨ ਦੇਵ ਜੀ ਇੱਕ ਸਤੰਬਰ 1581 ਈਸਵੀ (੨ ਅੱਸੂ ਸੰਮਤ ੧੬੩੮) ਨੂੰ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ 'ਤੇ ਬਿਰਾਜੇ। ਆਪ ਨੇ ਬੜੇ ਉੱਤਮ ਢੰਗ ਨਾ਼ਲ ਸਿੱਖ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ। ਸਿੱਖ ਧਰਮ ਦੇ ਕਾਰਜਾਂ ਨੂੰ ਪੂਰਿਆਂ ਕਰਨ ਲਈ ਆਪਣੇ ਸਿੱਖਾਂ ਵਿੱਚ ਦਸਾਂ ਨਹੁੰਆਂ ਦੀ ਕਿਰਤ ਕਮਾਈ ਵਿੱਚੋਂ ਦਸਵੰਧ ਕੱਢਣ ਦੀ ਪਿਰਤ ਪਾਈ।

ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ, ਨਿਰਸਵਾਰਥ ਸੇਵਾ ਅਤੇ ਵਿਸ਼ਵ-ਵਿਆਪੀ ਪਿਆਰ ਦੇ ਪ੍ਰਤੀਕ, ਪੰਜਵੇਂ ਗੁਰੂ ਸਾਹਿਬ ਧੰਨ-ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜੋ ਸਿਧਾਂਤਾਂ ਲਈ ਦ੍ਰਿੜ੍ਹਤਾ ਨਾ਼ਲ ਖੜ੍ਹੇ ਰਹੇ, ਆਪਣਾ ਜੀਵਨ ਕੁਰਬਾਨ ਕੀਤਾ ਅਤੇ ਮਨੁੱਖਤਾ ਦੇ ਇਤਿਹਾਸ ਵਿੱਚ ਇੱਕ ਲਾਸਾਨੀ ਸ਼ਹਾਦਤ ਪ੍ਰਾਪਤ ਕੀਤੀ। ਆਪ ਜੀ ਦੀ ਸ਼ਹਾਦਤ ਦੁਨੀਆਂ ਦੇ ਧਰਮ ਇਤਿਹਾਸ ਅੰਦਰ ਇੱਕ ਇਨਕਲਾਬੀ ਮੋੜ ਸੀ। ਇਸ ਸ਼ਹਾਦਤ ਨੇ ਜਿੱਥੇ ਧਾਰਮਿਕ ਕੱਟੜਤਾ ਦੇ ਨਾਂ 'ਤੇ ਮਨੁੱਖੀ ਅੱਤਿਆਚਾਰ ਨੂੰ ਸਿਖ਼ਰਲੀ ਚੁਣੌਤੀ ਦਿੱਤੀ, ਉੱਥੇ ਮਾਨਵਤਾ ਨੂੰ ਜਬਰ ਦੇ ਮੁਕਾਬਲੇ ਲਈ ਭੈਅ ਮੁਕਤ ਵੀ ਕੀਤਾ।

ਸਿੱਖ ਇਤਿਹਾਸ ਅੰਦਰ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਦੀ ਪ੍ਰੇਰਨਾ ਅੱਜ ਵੀ ਹਰੇਕ ਸਿੱਖ ਲਈ ਰਾਹ ਦਿਸੇਰਾ ਬਣੀ ਹੋਈ ਹੈ। ਇਸ ਸ਼ਹਾਦਤ ਨੇ ਸਿੱਖਾਂ ਨੂੰ ਜ਼ੁਲਮ ਨਾ਼ਲ ਟੱਕਰ ਲੈਣਾ, ਭਾਣਾ ਮੰਨਣ ਅਤੇ ਸਬਰ ਸੰਤੋਖ ਅਤੇ ਦ੍ਰਿੜ੍ਹਤਾ ਨਾ਼ਲ ਆਪਣੇ ਹੱਕਾਂ ਦੀ ਰੱਖਿਆ ਕਰ ਸਕਣ ਦਾ ਰਾਹ ਦਿਖਾ ਕੇ ਸਿੱਖੀ ਦੇ ਮਹਿਲ ਦੀਆਂ ਨੀਹਾਂ ਨੂੰ ਇੰਨਾਂ ਪੱਕਾ ਅਤੇ ਮਜ਼ਬੂਤ ਕਰ ਦਿੱਤਾ ਕਿ ਵਾਰ-ਵਾਰ ਝੁੱਲਦੇ ਜ਼ੁਲਮ ਦੇ ਝੱਖੜ, ਹਨ੍ਹੇਰੀਆਂ ਵੀ ਇਸ ਦਾ ਕੁਝ ਨਾ ਵਿਗਾੜ ਸਕੇ। ਗੁਰੂ ਅਰਜਨ ਦੇਵ ਜੀ ਦਾ ਸਭ ਤੋਂ ਵਿਲੱਖਣ ਅਤੇ ਮਹਾਨ ਕਾਰਜ ਆਦਿ ਗ੍ਰੰਥ ਦਾ ਸੰਕਲਨ ਕਰਨਾ ਸੀ, ਜਿਸ ਵਿੱਚ ਗੁਰੂ ਸਾਹਿਬਾਨ ਦੀ ਬਾਣੀ ਤੋਂ ਇਲਾਵਾ ਸੰਤਾਂ, ਸੂਫ਼ੀਆਂ, ਭਗਤਾਂ ਅਤੇ ਭੱਟਾਂ ਦੀ ਰਚਨਾ ਸ਼ਾਮਲ ਹੈ।

ਸ਼ਹੀਦ ਅਤੇ ਸ਼ਹਾਦਤ ਅਰਬੀ ਭਾਸ਼ਾ ਦੇ ਸ਼ਬਦ ਹਨ। ਕਿਸੇ ਉੱਚੇ ਸੁੱਚੇ ਉਦੇਸ਼ ਲਈ ਨਿਸ਼ਕਾਮ ਰਹਿ ਕੇ ਕੁਰਬਾਨੀ ਦੇਣ ਵਾ਼ਲਾ 'ਸ਼ਹੀਦ' ਅਖਵਾਉਂਦਾ ਹੈ। ਸਿੱਖ ਧਰਮ ਅੰਦਰ ਸ਼ਹਾਦਤ ਸ਼ਬਦ ਬਹੁਤ ਸਤਿਕਾਰ ਭਰੇ ਸ਼ਬਦਾਂ ਵਿੱਚ ਸਾਡੇ ਸਾਹਮਣੇ ਹੈ। ਸਿੱਖੀ ਅੰਦਰ ਇਸ ਸ਼ਬਦ ਦੀ ਵਰਤੋਂ ਸੱਚ ਦੀ ਆਵਾਜ਼ ਬੁਲੰਦ ਰੱਖਣ ਲਈ ਕੀਤੀ ਗਈ ਕੁਰਬਾਨੀ ਦੀ ਗਵਾਹੀ ਵਜੋਂ ਹੈ। ਇਹ ਗਵਾਹੀ ਕੋਈ ਆਮ ਨਹੀਂ, ਸਗੋਂ ਸਮਾਜਿਕ ਪ੍ਰਸੰਗ ਦੇ ਨਾ਼ਲ-ਨਾ਼ਲ ਰੂਹਾਨੀਅਤ ਨਾ਼ਲ ਵੀ ਭਰਪੂਰ ਹੈ। ਸ਼ਹੀਦ ਦੀ ਸ਼ਹਾਦਤ ਹਮੇਸ਼ਾ ਸੱਚ ਵਾਸਤੇ ਹੁੰਦੀ ਹੈ। ਇਸ ਕਰਕੇ ਸੱਚ ਅਤੇ ਸ਼ਹਾਦਤ ਦਾ ਰਿਸ਼ਤਾ ਵੀ ਅਟੁੱਟ ਹੈ। ਸਿੱਖ

**ਡਾ. ਇਕਬਾਲ ਸਿੰਘ ਸਕਰੌਦੀ**
**84276-85020**

ਧਰਮ ਵਿੱਚ ਸੱਚ ਉੱਤੇ ਚੱਲਣ ਅਤੇ ਸੱਚ ਖ਼ਾਤਰ ਲੋੜ ਪੈਣ ਉੱਤੇ ਸ਼ਹਾਦਤ ਦੇਣ ਦਾ ਮਾਰਗ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਜਾਗਰ ਕੀਤਾ ਸੀ।ਆਪ ਜੀ ਨੇ ਗੁਰਬਾਣੀ ਅੰਦਰ ਹੁਕਮ ਕੀਤਾ -

"ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥"

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਪਹਿਲੇ ਪਾਤਸ਼ਾਹ ਦੇ ਦਰਸਾਏ ਇਸ ਮਾਰਗ ਨੂੰ ਹੋਰ ਪੱਕਿਆਂ ਕੀਤਾ। ਗੁਰੂ ਜੀ ਦਾ ਸਾਰਾ ਜੀਵਨ ਪਰਉਪਕਾਰ ਅਤੇ ਉੱਚੇ ਸੁੱਚੇ ਸਿਧਾਂਤਾਂ ਅਤੇ ਆਦਰਸ਼ਾਂ ਲਈ ਬਤੀਤ ਹੋਇਆ। ਆਪ ਜੀ ਦੇ ਗੁਣ, ਪਰਉਪਕਾਰ ਅਤੇ ਸਿਫ਼ਤਾਂ ਬੇਅੰਤ ਹਨ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਿੱਖ ਇਤਿਹਾਸ ਵਿੱਚ ਪਹਿਲੀ ਅਤੇ ਦੁਨੀਆਂ ਦੇ ਇਤਿਹਾਸ ਵਿੱਚ ਲਾਸਾਨੀ ਅਤੇ ਬੇਮਿਸਾਲ ਹੈ। ਉਨ੍ਹਾਂ ਦੀ ਸ਼ਹੀਦੀ ਦੇ ਅਸਲ ਕਾਰਨ ਜਹਾਂਗੀਰ ਬਾਦਸ਼ਾਹ ਦੀ ਧਾਰਮਿਕ ਕੱਟੜਤਾ ਅਤੇ ਤੰਗਦਿਲੀ ਸੀ। ਉਸ ਸਮੇਂ ਆਦਿ ਗ੍ਰੰਥ ਦਾ ਸੰਕਲਨ ਕਰਨ ਕਾਰਨ ਗੁਰੂ ਸਾਹਿਬ ਦਾ ਤੇਜ਼ ਪ੍ਰਤਾਪ ਦਿਨੋ ਦਿਨ ਵਧ ਰਿਹਾ ਸੀ। ਪਰੰਤੂ ਸਮੇਂ ਦੀ ਮੁਗ਼ਲ ਸਲਤਨਤ, ਉਸ ਦੇ ਤੁਅੱਸਬੀ ਬਾਦਸ਼ਾਹ ਅਤੇ ਕੱਟੜਪੰਥੀ ਠੇਕੇਦਾਰਾਂ ਲਈ ਗੁਰੂ ਜੀ ਦੀ ਵਧ ਰਹੀ ਚੜ੍ਹਤ ਨੂੰ ਬਰਦਾਸ਼ਤ ਕਰਨਾ ਬਹੁਤ ਮੁਸ਼ਕਲ ਹੋ ਚੁੱਕਾ ਸੀ। ਗੁਰੂ ਜੀ ਦੀ ਚੜ੍ਹਦੀ ਕਲਾ, ਬੇਬਾਕੀ ਨਾ਼ਲ ਕੀਤੇ ਜਾਣ ਵਾ਼ਲੇ ਬਿਆਨ ਅਤੇ ਨਿਧੜਕ ਐਲਾਨ ਜਿੱਥੇ ਉਨ੍ਹਾਂ ਦੇ ਧਰਮ-ਕਰਮ ਦੀ ਵਿਲੱਖਣਤਾ, ਆਚਾਰ-ਸਦਾਚਾਰ ਦਾ ਨਿਆਰਾਪਨ, ਕਹਿਣੀ ਕਥਨੀ ਕਰਨੀ ਦੀ ਸੁਤੰਤਰਤਾ, ਸੁਭਾਅ ਵਿਚਲੀ ਨਿਰਭੈਤਾ ਅਤੇ ਸਿੱਖ ਲਹਿਰ ਦੇ ਅੱਗੇ ਵਧਣ ਦਾ ਸੂਚਕ ਸੀ, ਉੱਥੇ ਇਹ ਕਰਮ ਕਾਂਡੀ ਤੁਅੱਸਬੀ ਸ਼ਕਤੀਆਂ ਨੂੰ ਬਹੁਤ ਵੱਡੀ ਚੁਣੌਤੀ ਸੀ।

ਗੁਰੂ ਅਰਜਨ ਦੇਵ ਜੀ ਅਤੇ ਗੁਰੂ ਘਰ ਪ੍ਰਤੀ ਸੰਗਤਾਂ ਵਿੱਚ ਵਧ ਰਹੀ ਸ਼ਰਧਾ ਬਾਰੇ ਸੁਨਣਾ ਸਮੇਂ ਦੇ ਹਾਕਮਾਂ ਨੂੰ ਕਿਸੇ ਵੀ ਸੂਰਤ ਵਿੱਚ ਪ੍ਰਵਾਨ ਨਹੀਂ ਸੀ। ਸੱਚ ਤਾਂ ਇਹ ਹੈ ਕਿ ਮੁਗ਼ਲ ਸ਼ਹਿਨਸ਼ਾਹ ਜਹਾਂਗੀਰ ਕਿਸੇ ਅਜਿਹੇ ਮੌਕੇ ਦੀ ਭਾ਼ਲ ਵਿੱਚ ਸੀ ਕਿ ਉਸ ਨੂੰ ਕਦੋਂ ਕੋਈ ਬਹਾਨਾ ਮਿਲੇ ਅਤੇ ਉਹ ਦਿਨੋਂ ਦਿਨ ਵਧ ਰਹੀ ਇਸ ਸਿੱਖ ਲਹਿਰ ਨੂੰ ਪੂਰੀ ਤਰ੍ਹਾਂ ਕੁਚਲ ਕੇ ਰੱਖ ਦੇਵੇ। ਉਸ ਦੀ ਦਿਲੀ ਰੀਝ ਸੀ ਕਿ ਉਹ ਸਿੱਖਾਂ ਵਿੱਚ ਬਹੁਤ ਜ਼ਿਆਦਾ ਹਰਮਨਪਿਆਰੇ ਗੁਰੂ ਅਰਜਨ ਦੇਵ ਨੂੰ ਜਾਂ ਤਾਂ ਮੁਸਲਮਾਨ ਧਰਮ ਵਿੱਚ ਸ਼ਾਮਲ ਕਰ ਲਵੇ। ਜੇਕਰ ਉਹ ਨਾ ਮੰਨੇ ਤਾਂ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਵੇ। ਇਸ ਗੱਲ ਦਾ ਜ਼ਿਕਰ ਉਹ ਆਪਣੀ ਸਵੈਜੀਵਨੀ "ਤੁਜ਼ਕੇ-ਜਹਾਂਗੀਰੀ" ਵਿੱਚ ਕਰਦਾ ਹੋਇਆ ਲਿਖਦਾ ਹੈ-

"ਗੋਇੰਦਵਾਲ ਵਿੱਚ, ਜੋ ਕਿ ਬਿਆਸ ਨਦੀ ਦੇ ਕੰਢੇ ਸਥਿਤ ਹੈ, ਪੀਰਾਂ ਫ਼ਕੀਰਾਂ ਦੇ ਭੇਸ ਵਿੱਚ ਇੱਕ ਹਿੰਦੂ ਰਹਿੰਦਾ ਸੀ, ਜਿਸ ਦਾ ਨਾਮ ਅਰਜਨ ਸੀ। ਬਹੁਤ ਸਾਰੇ ਮੂਰਖ਼ ਹਿੰਦੂ ਅਤੇ ਮੁਸਲਮਾਨ ਉਸ ਦੇ ਬਹਿਕਾਵੇ ਵਿੱਚ ਆ ਚੁੱਕੇ ਸਨ। ਇਸ ਤੋਂ ਇਲਾਵਾ ਉਸ ਨੇ ਆਪਣੀ ਆਤਮਿਕ ਸ਼ਕਤੀ ਦਾ ਢੌਂਗ ਰਚਾਇਆ ਹੋਇਆ ਸੀ। ਬਹੁਤ ਸਾਰੇ ਲੋਕ ਸ਼ਰਧਾ ਵੱਸ ਉਸ ਨੂੰ ਗੁਰੂ ਕਹਿੰਦੇ ਸਨ। ਸਭ ਪਾਸੇ ਕਪਟ ਹੀ ਕਪਟ ਸੀ। ਕਪਟ ਦੇ ਪੁਜਾਰੀ ਉਸ ਉੱਤੇ ਪੂਰੀ ਸ਼ਰਧਾ ਰੱਖਦੇ ਸਨ। ਤਿੰਨ ਜਾਂ ਚਾਰ ਪੀੜ੍ਹੀਆਂ ਤੋਂ ਸ਼ੈਤਾਨ (ਗੁਰੂ ਜੀ ਦੀ) ਝੂਠ ਦੀ ਦੁਕਾਨ ਚੱਲ ਰਹੀ ਸੀ। ਕਿੰਨੇ ਹੀ ਸਮੇਂ ਤੋਂ ਮੇਰੇ ਮਨ ਵਿੱਚ ਇਹ ਧਾਰਨਾ ਪੈਦਾ ਹੋ ਰਹੀ ਸੀ ਕਿ ਝੂਠ ਅਤੇ ਪਾਖੰਡ ਦੀ ਇਸ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ।"

ਉਪਰੋਕਤ ਸ਼ਬਦਾਂ ਤੋਂ ਬਿਲਕੁਲ ਸਪੱਸ਼ਟ ਹੋ ਜਾਂਦਾ ਹੈ ਕਿ ਮੁਗ਼ਲ ਬਾਦਸ਼ਾਹ ਜਹਾਂਗੀਰ ਗੁਰੂ ਸਾਹਿਬ ਨਾ਼ਲ ਸਖ਼ਤ ਘ੍ਰਿਣਾ ਕਰਦਾ ਸੀ। ਉਹ ਉਨ੍ਹਾਂ ਨੂੰ ਮੁਸਲਮਾਨ ਧਰਮ ਵਿੱਚ ਸ਼ਾਮਲ ਕਰਨ ਜਾਂ ਫ਼ਿਰ ਮੌਤ ਦੇ ਘਾਟ ਉਤਾਰਨਾ ਚਾਹੁੰਦਾ ਸੀ। ਬਾਦਸ਼ਾਹ ਨੂੰ ਕੇਵਲ ਬਹਾਨੇ ਦੀ ਤਲਾਸ਼ ਸੀ। ਜਦੋਂ ਉਸ ਦੇ ਪੁੱਤਰ ਖ਼ੁਸਰੋ ਨੇ ਉਸ ਵਿਰੁੱਧ ਬਗ਼ਾਵਤੀ ਝੰਡਾ ਚੁੱਕ ਲਿਆ ਤਾਂ ਉਹ ਮੁਗ਼ਲ ਸੈਨਾਵਾਂ ਕੋਲੋਂ ਭੱਜ ਕੇ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਵਿੱਚ ਆ ਗਿਆ ਸੀ। ਗੁਰੂ ਸਾਹਿਬ ਤਾਂ ਆਪਣੀ ਸ਼ਰਨ ਵਿੱਚ ਆਉਣ ਵਾ਼ਲੇ ਹਰੇਕ ਮਨੁੱਖ ਨੂੰ ਪਨਾਹ ਦਿੰਦੇ ਸਨ। ਬੱਸ ਬਾਗ਼ੀ ਪੁੱਤਰ ਖ਼ੁਸਰੋ ਦੀ ਮੱਦਦ ਕਰਨ ਕਾਰਨ ਬਾਦਸ਼ਾਹ ਨੂੰ ਗੁਰੂ ਅਰਜਨ ਦੇਵ ਜੀ ਵਿਰੁੱਧ ਕਾਰਵਾਈ ਕਰਨ ਦਾ ਮੌਕਾ ਮਿਲ ਗਿਆ। ਉਸ ਨੇ ਉਸੇ ਵੇਲੇ ਗੁਰੂ ਅਰਜਨ ਦੇਵ ਜੀ ਨੂੰ ਯਾਸਾ-ਏ-ਸਿਆਸਤ ਕਾਨੂੰਨ ਅਧੀਨ ਮੌਤ ਦੀ ਸਜ਼ਾ ਸੁਣਾ ਦਿੱਤੀ, ਜਿਸ ਦਾ ਭਾਵ ਹੈ ਕਿ ਗੁਰੂ ਨੂੰ ਤਸੀਹੇ ਦੇ ਕੇ ਮਾਰਨਾ ਅਤੇ ਉਨ੍ਹਾਂ ਦੇ ਖ਼ੂਨ ਦਾ ਇੱਕ ਵੀ ਕਤਰਾ ਧਰਤੀ ਉੱਤੇ ਨਾ ਡਿੱਗ ਪਾਏ।

ਇਸ ਤਰ੍ਹਾਂ ਮੁਗ਼ਲ ਸਮਰਾਟ ਜਹਾਂਗੀਰ ਦੇ ਹੁਕਮ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਗਿਆ। ਉਨ੍ਹਾਂ ਨੂੰ ਸ਼ਹੀਦ ਕਰਨ ਲਈ ਕਈ ਪ੍ਰਕਾਰ ਦੇ ਅਕਹਿ ਅਤੇ ਅਸਹਿ ਤਸੀਹੇ ਦਿੱਤੇ ਗਏ। ਮਈ-ਜੂਨ ਮਹੀਨੇ ਦੀ ਅੱਗ ਵਰ੍ਹਾਉਂਦੀ ਗਰਮੀ ਵਿੱਚ ਉਨ੍ਹਾਂ ਨੂੰ ਉੱਬਲਦੀ ਦੇਗ਼ ਵਿੱਚ ਉਬਾਲਿਆ ਗਿਆ। ਤੱਤੀ ਤਵੀ ਉੱਤੇ ਬਿਠਾਇਆ ਗਿਆ। ਉਨ੍ਹਾਂ ਦੇ ਕੇਸਾਂ ਅਤੇ ਨੰਗੇ ਪਿੰਡੇ ਉੱਤੇ ਸੜਦੀ ਬ਼ਲਦੀ ਗਰਮ-ਗਰਮ ਰੇਤ ਪਾਈ ਗਈ। ਪਰੰਤੂ ਗੁਰੂ ਅਰਜਨ ਦੇਵ ਜੀ ਨੇ ਸਭ ਕਸ਼ਟ ਬੜੇ ਸਹਿਜ ਰੂਪ ਵਿੱਚ ਸਹਾਰਦਿਆਂ ਇਸ ਨੂੰ ਨਿਰੰਕਾਰ ਦਾ ਭਾਣਾ ਸਮਝ ਕੇ ਆਪ ਬਿਲਕੁਲ ਅਡੋਲ ਬੈਠੇ ਰਹੇ। ਇਸ ਦਾ ਜ਼ਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਿਲਦਾ ਹੈ -

"ਤੇਰਾ ਭਾਣਾ ਮੀਠਾ ਲਾਗੇ।
ਹਰਿ ਨਾਮੁ ਪਦਾਰਥੁ ਨਾਨਕੁ ਮਾਗੈ॥"

ਵਾਹਿਗੁਰੂ ਦੀ ਰਜ਼ਾ ਅੰਮ੍ਰਿਤ ਵਰਗੀ ਮਿੱਠੀ ਹੈ ਅਤੇ ਨਾਨਕ ਉਸ ਦੇ ਨਾਮ ਨੂੰ ਸਦਾ ਮੰਗਦਾ ਹੈ।

ਲਗਾਤਾਰ ਛੇ ਦਿਨ ਅਸਹਿ ਤਸੀਹੇ ਸਹਿਣ ਉਪਰੰਤ ਉਨ੍ਹਾਂ ਨੇ ਰਾਵੀ ਦਰਿਆ ਵਿੱਚ ਇਸ਼ਨਾਨ ਕਰਨ ਦੀ ਇੱਛਾ ਪਰਗਟ ਕੀਤੀ। ਜਦੋਂ ਗੁਰੂ ਸਾਹਿਬ ਰਾਵੀ ਦੇ ਠੰਢੇ ਪਾਣੀ ਵਿੱਚ ਉੱਤਰੇ ਤਾਂ ਉਨ੍ਹਾਂ ਉੱਥੇ ਹੀ ਆਪਣੇ ਸੁਆਸ ਤਿਆਗ ਦਿੱਤੇ ਅਤੇ ਨਿਰੰਕਾਰ ਨਾ਼ਲ ਜਾ ਮਿਲੇ। ਇਸ ਪ੍ਰਕਾਰ ਅਨੇਕਾਂ ਤਸੀਹੇ ਝੱਲਦੇ ਹੋਏ ਗੁਰੂ ਅਰਜਨ ਦੇਵ ਜੀ 1606 ਈਸਵੀ ਨੂੰ ਸ਼ਹੀਦ ਹੋ ਗਏ।

ਦੁਨੀਆਂ ਦੇ ਇਤਿਹਾਸ ਦੀ ਇਸ ਮਹਾਨ ਸ਼ਹਾਦਤ ਵਾ਼ਲੇ ਅਸਥਾਨ ਉੱਤੇ ਰਾਵੀ ਦਰਿਆ ਦੇ ਕੰਢੇ, ਲਾਹੌਰ ਵਿੱਚ ਗੁਰਦੁਆਰਾ ਡੇਹਰਾ ਸਾਹਿਬ ਸਥਿਤ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣਾ ਬਲੀਦਾਨ ਦੇ ਦਿੱਤਾ। ਪਰੰਤੂ ਗੁਰੂ ਨਾਨਕ ਦੇਵ ਦੇ ਮਾਰਗ ਨੂੰ ਨਹੀਂ ਛੱਡਿਆ। ਉਨ੍ਹਾਂ ਨੂੰ ਸਮੁੱਚੇ ਸਿੱਖ ਜਗਤ ਵਿੱਚ ਨਿਮਰਤਾ ਦੇ ਪੁੰਜ ਵਜੋਂ ਯਾਦ ਕੀਤਾ ਜਾਂਦਾ ਹੈ। ਗੁਰੂ ਜੀ ਬਹੁਤ ਨਿਮਰ ਅਤੇ ਸੰਤ ਸੁਭਾਅ ਦੇ ਮਾਲਕ ਸਨ। ਪਰੰਤੂ ਉਨ੍ਹਾਂ ਦੀ ਸ਼ਹਾਦਤ ਨੇ ਸਮੁੱਚੇ ਸਿੱਖ ਪੰਥ ਨੂੰ ਇੱਕ ਬਹਾਦਰ ਅਤੇ ਨਿਡਰ ਕੌਮ ਵਿੱਚ ਬਦਲ ਦਿੱਤਾ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਸਿੱਖਾਂ ਵਿੱਚ ਜ਼ੁਲਮ ਜ਼ਬਰ ਵਿਰੁੱਧ ਸੰਘਰਸ਼ ਲਈ ਅਥਾਹ ਜੋਸ਼ ਭਰ ਦਿੱਤਾ। ਇਸ ਸ਼ਹਾਦਤ ਉਪਰੰਤ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ। ਉਨ੍ਹਾਂ ਸਦਾ ਕਾਇਮ ਰਹਿਣ ਵਾ਼ਲਾ ਅਕਾਲ ਪੁਰਖੁ ਦਾ ਤਖ਼ਤ "ਸ੍ਰੀ ਅਕਾਲ ਤਖ਼ਤ" ਦੀ ਸਥਾਪਨਾ ਕੀਤੀ। ਉਨ੍ਹਾਂ ਵੱਲੋਂ ਮੀਰੀ ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕਰਨਾ, ਸ਼ਸਤਰ ਇਕੱਠੇ ਕਰਨਾ, ਕਿਲ੍ਹੇ ਬਣਵਾਉਣਾ, ਸ਼ਾਹੀ ਫ਼ੌਜ ਦਾ ਡੱਟ ਕੇ ਮੁਕਾਬਲਾ ਕਰਨਾ, ਉਨ੍ਹਾਂ ਨੂੰ ਕਰਾਰੀ ਹਾਰ ਦੇਣਾ ਇਸ ਸ਼ਹਾਦਤ ਦੇ ਫ਼ਲਸਰੂਪ ਅਮਲ ਵਿੱਚ ਆਏ ਸਨ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅੱਜ ਵੀ ਸਾਡੇ ਲਈ ਰਾਹ ਦਸੇਰਾ ਬਣੀ ਹੋਈ ਹੈ, ਜਿਸ ਰਾਹ ਉੱਤੇ ਚੱਲ ਕੇ ਅਸੀਂ ਆਪਣੇ ਸਿੱਖ ਧਰਮ ਦੇ ਸੁਨਹਿਰੀ ਅਸੂਲਾਂ ਖ਼ਾਤਰ ਜਬਰ ਜ਼ੁਲਮ ਦੇ ਟਾਕਰੇ ਲਈ ਸਦਾ ਤਤਪਰ ਰਹਿਣਾ ਹੈ। ਸੱਚ ਦੀ ਖ਼ਾਤਰ ਸਦਾ ਸੰਘਰਸ਼ਸ਼ੀਲ ਰਹਿਣਾ ਹੈ। ਝੂਠ, ਜ਼ੁਲਮ, ਅਨਿਆਂ ਦੀ ਜੜ੍ਹ ਪੁੱਟਣ ਲਈ ਹਮੇਸ਼ਾ ਅੱਗੇ ਤੋਂ ਅੱਗੇ ਵੱਧਣਾ ਹੈ।

ਪੰਜਾਬੀ ਸ਼ਾਇਰੀ ਦੇ ਮਹਾਨ ਕਵੀ ਪਦਮਸ਼੍ਰੀ ਡਾ। ਸੁਰਜੀਤ ਪਾਤਰ ਜੀ ਨੇ ਗੁਰੂ ਜੀ ਦੀ ਸ਼ਹਾਦਤ ਸੰਬੰਧੀ ਇੱਕ ਥਾਂ ਦਰਜ ਕੀਤਾ ਹੈ -

"ਜੋ ਲੋਅ ਮੱਥੇ 'ਚੋਂ ਫੁੱਟਦੀ ਹੈ,
ਉਹ ਅਸਲੀ ਤਾਜ ਹੁੰਦੀ ਹੈ,
ਤਵੀ ਦੇ ਤਖ਼ਤ 'ਤੇ ਬਹਿ ਕੇ ਹੀ,
ਸੱਚੇ ਪਾਤਸ਼ਾਹ ਬਣਦੇ।"

## ਪੁਸਤਕ ਸਮੀਖਿਆ




**ਅਜੀਤ ਸਿੰਘ ਚੰਦਨ ਦੀ ਵਾਰਤਿਕ ਕਲਾ**
**ਰੀਵਿਊਕਾਰ: ਬਲਜਿੰਦਰ ਮਾਨ 98150 18947**
**ਲੇਖਕ: ਰਜਿੰਦਰ ਵਰਮਾ**
**ਪ੍ਰਕਾਸ਼ਕ: ਲਾਲ ਸਿੰਘ ਪਬਲਿਕਕੇਸ਼ਨ ਕੁੱਪ ਕਲਾਂ,**
**ਪੰਨੇ: 96 ,ਮੁੱਲ: 200 ਰੁਪਏ**

ਇੱਕ ਦਰਜਨ ਤੋਂ ਵੱਧ ਪੁਸਤਕਾਂ ਦੇ ਰਚਨਹਾਰੇ ਰਾਜਿੰਦਰ ਵਰਮਾ ਨੇ ਹੱਥਲੀ ਪੁਸਤਕ ਨਾਲ ਆਲੋਚਨਾ ਦੇ ਖੇਤਰ ਵਿੱਚ ਪ੍ਰਵੇਸ਼ ਕੀਤਾ ਹੈ। ਉਸਦੀ ਪੁਸਤਕ 'ਅਜੀਤ ਸਿੰਘ ਚੰਦਨ ਦੀ ਵਾਰਤਿਕ ਕਲਾ' ਉਸਦੀ ਆਲੋਚਨਾ ਦੀ ਪਲੇਠੀ ਪੁਸਤਕ ਹੈ। ਇਸ ਤੋਂ ਪਹਿਲਾਂ ਉਹ ਬਾਲ ਸਾਹਿਤ ਦੇ ਖੇਤਰ ਵਿੱਚ ਕੁਝ ਬਾਲ ਕਵਿਤਾਵਾਂ, ਬਾਲ ਕਹਾਣੀਆਂ ਆਦਿ ਸਿਰਜ ਚੁੱਕੇ ਹਨ। ਇਸ ਤੋਂ ਇਲਾਵਾ ਪਰੋੜ ਪਾਠਕਾਂ ਲਈ ਵੀ ਉਹਨਾਂ ਨੇ ਇੱਕ ਦਰਜਨ ਦੇ ਕਰੀਬ ਪੁਸਤਕਾਂ ਦੀ ਸਿਰਜਣਾ ਕੀਤੀ ਹੈ। ਬੜੇ ਲੰਮੇ ਸਮੇਂ ਤੋਂ ਉਹ ਸਾਹਿਤ ਦੇ ਖੇਤਰ ਵਿੱਚ ਸਰਗਰਮ ਭੂਮਿਕਾ ਨਿਭਾ ਰਹੇ ਹਨ। ਸਹਿਜ ਅਵਸਥਾ ਵਿੱਚ ਜ਼ਿੰਦਗੀ ਨੂੰ ਮਾਨਣ ਵਾਲੇ ਇਸ ਸਾਹਿਤਕਾਰ ਦੀਆਂ ਰਚਨਾਵਾਂ ਦਾ ਰੰਗ ਢੰਗ ਵੀ ਬਾਕੀਆਂ ਨਾਲੋਂ ਨਿਰਾਲਾ ਹੀ ਹੈ।

ਅਜੀਤ ਸਿੰਘ ਚੰਦਨ ਦੀ ਵਾਰਤਿਕ ਕਲਾ ਦੀ ਸਮੀਖਿਆ ਕਰਦੀ ਇਹ ਪੁਸਤਕ ਆਪਣੇ ਆਪ ਵਿੱਚ ਇੱਕ ਸੰਪੂਰਨ ਖੋਜ ਕਾਰਜ ਹੈ । ਜਿਸ ਰਾਹੀਂ ਰਜਿੰਦਰ ਵਰਮਾ ਨੇ ਚੰਦਨ ਦੀ ਵਾਰਤਿਕ ਕਲਾ ਦੀ ਪੁਣਛਾਣ ਕਲਾਤਮਿਕ ਢੰਗ ਨਾਲ ਕੀਤੀ ਹੈ। ਲੇਖਕ ਦੀ ਵਾਰਤਕ ਕਲਾ ਦੇ ਭਿੰਨ ਭਿੰਨ ਪਹਿਲੂਆਂ ਨੂੰ ਬੜੀ ਗੰਭੀਰਤਾ ਨਾਲ ਵਿਚਾਰਦਿਆਂ ਲੇਖਕ ਨੇ ਨੌਂ ਪਾਠਾਂ ਵਿੱਚ ਇਸ ਪੁਸਤਕ ਨੂੰ ਸਿਰਜਿਆ ਹੈ। ਪੁਸਤਕ ਵਿਚ ਵਾਰਤਕ ਕਲਾ, ਨਿਬੰਧ ਸ਼ੈਲੀ, ਸਮਾਜਿਕ ਪੱਖ, ਅਧਿਆਤਮਕ ਦੇ ਧਾਰਮਿਕ ਪੱਖ, ਮਨੋਵਿਗਿਆਨਕ ਪੱਖ, ਨਿਬੰਧ ਕਲਾ ਵਿੱਚ ਸਥਾਨ, ਵਿਚਾਰਾਂ ਦੀ ਅਧੁਨਿਕਤਾਕਤਾ, ਸਾਹਿਤ ਵਿੱਚ ਨਿਬੰਧ ਕਲਾ ਅਤੇ ਫੁਟਕਲ ਵਿਚਾਰ ਤੇ ਰਾਵਾਂ ਸ਼ਾਮਿਲ ਕੀਤੀਆਂ ਹਨ। ਇਸ ਤਰ੍ਹਾਂ ਲੇਖਕ ਵਾਰਤਕ ਕਲਾ ਦੀ ਸ਼ਾਨਦਾਰ ਨਮੂਨੇ ਪੇਸ਼ ਕਰਨ ਵਿੱਚ ਸਫ਼ਲ ਹੁੰਦਾ ਹੈ। ਅਜੀਤ ਸਿੰਘ ਚੰਦਨ ਦੁਆਰਾ ਸਿਰਜੀਆਂ ਪੁਸਤਕਾਂ ਦਾ ਗੰਭੀਰਤਾ ਨਾਲ ਅਧਿਐਨ ਕਰਦਿਆਂ ਉਸ ਵਿੱਚ ਦਰਜ ਰਚਨਾਵਾਂ ਦੀਆਂ ਵੰਨ-ਗੀਆਂ ਵੀ ਸ਼ਾਮਿਲ ਕੀਤੀਆਂ ਹਨ। ਜਿਸ ਨਾਲ ਪੁਸਤਕ ਆਲੋਚਨਾ ਦੀ ਹੋਣ ਦੇ ਬਾਵਜੂਦ ਰੌਚਕ ਅਤੇ ਪ੍ਰੇਰਨਾਦਾਇਕ ਬਣ ਜਾਂਦੀ ਹੈ। ਜੀਵਨ ਦਾ ਸ਼ਾਇਦ ਹੀ ਕੋਈ ਅਜਿਹਾ ਪਹਿਲੂ ਹੋਵੇਗਾ ਜਿਸ ਬਾਰੇ ਚੰਦਨ ਹੁਰੀਂ ਆਪਣੀ ਰਚਨਾ ਵਿੱਚ ਸ਼ਾਮਿਲ ਨਹੀਂ ਕੀਤਾ ਹੋਵੇ। ਹਰ ਵਿਸ਼ੇ ਨੂੰ ਉਹਨਾਂ ਨੇ ਆਪਣੀ ਮਨ ਮੋਹਣੀ ਸ਼ੈਲੀ ਨਾਲ ਨਿਖਾਰਿਆ ਤੇ ਵਿਚਾਰਿਆ ਹੈ। ਇਹ ਵਿਸ਼ੇ ਸਾਨੂੰ ਆਪਣਾ ਜੀਵਨ ਸੋਹਣਾ ਤੇ ਸੁਚੱਜਾ ਬਣਾਉਣ ਲਈ ਰਾਹ ਦਸੇਰੇ ਦਾ ਕੰਮ ਕਰਦੇ ਹਨ। ਉਨ੍ਹਾਂ ਦੀਆਂ ਰਚਨਾਵਾਂ ਦੇ ਕੁਝ ਵਾਕ ਤਾਂ ਸਕੂਲਾਂ ਅਤੇ ਵਿਸ਼ੇਸ਼ ਸਥਾਨਾਂ ਦੀਆਂ ਕੰਧਾਂ ਤੇ ਲਿਖਣ ਵਾਲੀਆਂ ਟੂਕਾਂ ਬਣ ਗਏ ਹਨ।

ਜਿਵੇਂ

* ਜੋ ਇਨਸਾਨ ਸੱਚ ਦਾ ਪੱਲਾ ਫੜ ਕੇ ਤੁਰਦਾ ਹੈ ਉਹ ਹਰ ਪੱਖੋਂ ਸਫ਼ਲ ਹੁੰਦਾ ਹੈ।
* ਕਿਤਾਬਾਂ ਉਹ ਸੱਚੀਆਂ ਦੋਸਤ ਹਨ ਜੋ ਇਨਸਾਨ ਦਾ ਰਾਹ ਰਸ਼ਨਾਉਂਦੀਆਂ ਹਨ।
* ਜੋ ਸਹਿਜ ਮਤੇ ਤੁਰ ਰਿਹਾ ਹੁੰਦਾ ਹੈ ਉਸ ਦੀ ਜ਼ਿੰਦਗੀ ਸੌਖੀ ਹੁੰਦੀ ਹੈ।
* ਬੱਚਾ ਇੱਕ ਸਵਰਗ ਤੋਂ ਘੱਟ ਨਹੀਂ ਹੁੰਦਾ।
* ਜ਼ਿੰਦਗੀ ਦੁੱਖਾਂ ਸੁੱਖਾਂ ਦਾ ਮਿਲਗੋਭਾ ਹੈ।
* ਮਨੁੱਖ ਨੇ ਪੰਛੀਆਂ ਤੋਂ ਬਹੁਤ ਕੁਝ ਸਿੱਖਿਆ ਹੈ ਜਾਂ ਫਿਰ ਉਹ ਸਿੱਖ ਸਕਦਾ ਹੈ।
* ਇੱਕ ਦੀਵੇ ਵੱਲ ਤੱਕੋ ਉਹ ਰੌਸ਼ਨੀ ਦਿੰਦਾ ਹੈ ਜਦ ਕਿ ਉਹਦੇ ਆਪਣੇ ਥੱਲੇ ਹਨੇਰਾ ਹੁੰਦਾ ਹੈ।
* ਮਨੁੱਖ ਦੀਆਂ ਭਾਵਨਾਵਾਂ ਉੱਚੀਆਂ ਸੁੱਚੀਆਂ ਹੋਣੀਆਂ ਚਾਹੀਦੀਆਂ ਹਨ।


ਰਜਿੰਦਰ ਵਰਮਾ ਨੇ ਇਸ ਆਲੋਚਨਾਤਮਿਕ ਪੁਸਤਕ ਰਾਹੀਂ ਅਜੀਤ ਸਿੰਘ ਚੰਦਨ ਦੀ ਵਾਰਤਕ ਕਲਾ ਨੂੰ ਪਾਠਕਾਂ ਦੇ ਰੂਬਰੂ ਕਰਦਿਆਂ ਉਹਨਾਂ ਦੀ ਲਿਖਣ ਕਲਾ ਦਾ ਸਿਖਰ ਸਿਰਜ ਦਿੱਤਾ ਹੈ। ਜਿੰਨਾ ਵਧੀਆ ਅਜੀਤ ਸਿੰਘ ਚੰਦਨ ਨੇ ਆਪਣੀਆਂ ਰਚਨਾਵਾਂ ਨੂੰ ਸ਼ਿੰਗਾਰਿਆ ਤੇ ਸੰਵਾਰਿਆ ਹੈ ਉਸ ਤੋਂ ਜਿਆਦਾ ਮਿਹਨਤ ਨਾਲ ਰਜਿੰਦਰ ਵਰਮਾ ਨੇ ਉਹਨਾ ਨੂੰ ਕਲਾਤਮਿਕਤਾ ਨਾਲ ਪੇਸ਼ ਕਰਨ ਦਾ ਸ਼ਾਨਦਾਰ ਉਪਰਾਲਾ ਕੀਤਾ ਹੈ। ਖੋਜਾਰਥੀਆਂ ਲਈ ਇਹ ਪੁਸਤਕ ਬਹੁਤ ਹੀ ਜਾਣਕਾਰੀ ਭਰਪੂਰ ਹੈ। ਕਿੰਨਾ ਚੰਗਾ ਹੁੰਦਾ ਜੇਕਰ ਪੁਸਤਕ ਦੀ ਪਰੂਫ ਰੀਡਿੰਗ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ। ਇਸ ਦੇ ਬਾਵਜੂਦ ਇਹ ਪੁਸਤਕ ਪਾਠਕਾਂ ਅੰਦਰ ਵਾਰਤਕ ਪੜ੍ਹਨ ਦੀ ਰੁਚੀ ਨੂੰ ਉਜਾਗਰ ਕਰਦੀ ਹੋਈ ਆਦਰਸ਼ ਨਾਗਰਿਕ ਬਣਨ ਲਈ ਤਿਆਰ ਕਰਦੀ ਹੈ।

# 05 ਜੂਨ ਲਈ ਵਿਸ਼ਵ ਵਾਤਾਵਰਣ ਦਿਵਸ ਸਬੰਧੀ ਵਿਸ਼ੇਸ਼



ਐਡਵੋਕੇਟ ਕੁਲਦੀਪ ਚੰਦ
91-9417563054

ਹਰ ਸਾਲ ਵਾਂਗ 05 ਜੂਨ ਦਾ ਦਿਹਾੜਾ ਵਿਸ਼ਵ ਵਾਤਾਵਰਣ ਦਿਵਸ ਵਜੋਂ ਮਨਾਇਆ ਜਾ ਰਿਹਾ ਹੈ ਅਤੇ ਵਾਤਾਵਰਣ ਵਿਚ ਵੱਧ ਰਹੇ ਪ੍ਰਦੂਸ਼ਣ ਤੇ ਚਿੰਤਾ ਦਾ ਪ੍ਰਗਟਾਵਾ ਕਰਨ ਲਈ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਵਲੋਂ ਪ੍ਰੋਗਰਾਮ ਕੀਤੇ ਜਾਣਗੇ।ਜੇਕਰ ਇਸਦਾ ਪਿਛੋਕੜ ਵੇਖੀਏ ਤਾਂ ਸੰਯੁਕਤ ਰਾਸ਼ਟਰ ਸੰਘ ਨੇ ਸਾਲ 1972 ਤੋਂ ਹਰ ਸਾਲ 05 ਜੂਨ ਨੂੰ ਵਿਸ਼ਵ ਵਾਤਾਵਰਣ ਦਿਵਸ ਦੇ ਰੂਪ ਵਿੱਚ ਮਨਾਉਣ ਦਾ ਫੈਸਲਾ ਕੀਤਾ ਸੀ। ਇਸਦਾ ਮੁੱਖ ਉਦੇਸ਼ ਵਾਤਾਵਰਣ ਦੇ ਪ੍ਰਤੀ ਜਾਗਰੂਕਤਾ ਲਿਆਂਦੇ ਹੋਏ ਰਾਜਨੀਤਿਕ ਚੇਤਨਾ ਜਗਾਉਣਾ ਅਤੇ ਆਮ ਜਨਤਾ ਨੂੰ ਪ੍ਰੇਰਿਤ ਕਰਨਾ ਸੀ।ਵਿਸ਼ਵ ਵਾਤਾਵਰਣ ਦਿਵਸ ਲਈ ਇਸ ਸਾਲ ਦਾ ਥੀਮ "ਪਲਾਸਟਿਕ ਪ੍ਰਦੂਸ਼ਣ ਦਾ ਅੰਤ'' ਹੈ। ਇਹ ਥੀਮ ਸਾਡੇ ਗ੍ਰਹਿ ਤੋਂ ਪਲਾਸਟਿਕ ਦੇ ਕੂੜੇ ਨੂੰ ਘਟਾਉਣ ਅਤੇ ਖਤਮ ਕਰਨ ਦੀ ਤੁਰੰਤ ਲੋੜ ਤੇ ਕੇਂਦ੍ਰਿਤ ਕਰਦਾ ਹੈ ਜੋਕਿ ਸਮੁੰਦਰਾਂ, ਜੰਗਲੀ ਜੀਵਾਂ ਅਤੇ ਮਨੁੱਖੀ ਸਿਹਤ ਨੂੰ ਨੁਕਸਾਨ ਪਹੁੰਚਾਉਣ ਵਾਲਾ ਇੱਕ ਵੱਡਾ ਵਾਤਾਵਰਣ ਖ਼ਤਰਾ ਬਣ ਗਿਆ ਹੈ। ਕੋਰੀਆ ਗਣਰਾਜ ਵਿਸ਼ਵ ਵਾਤਾਵਰਣ ਦਿਵਸ ਦੇ ਇਸ ਸਾਲ ਦੇ ਪ੍ਰੋਗਰਾਮ ਦੀ ਮੇਜ਼ਬਾਨੀ ਕਰੇਗਾ ਜਿਸ ਵਿੱਚ ਵਿਸ਼ਵ ਪੱਧਰ ਤੇ ਪਲਾਸਟਿਕ ਪ੍ਰਦੂਸ਼ਣ ਨੂੰ ਖਤਮ ਕਰਨ ਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ। ਪਲਾਸਟਿਕ ਪ੍ਰਦੂਸ਼ਣ ਤੋਂ ਧਰਤੀ ਨੂੰ ਮੁਕਤ ਕਰਨਾ ਟਿਕਾਊ ਵਿਕਾਸ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਇੱਕ ਮਹੱਤਵਪੂਰਨ ਯੋਗਦਾਨ ਹੈ ਜਿਸ ਵਿੱਚ ਜਲਵਾਯੂ ਕਾਰਵਾਈ, ਟਿਕਾਊ ਉਤਪਾਦਨ ਅਤੇ ਖਪਤ, ਸਮੁੰਦਰਾਂ ਦੀ ਸੁਰੱਖਿਆ ਅਤੇ ਵਾਤਾਵਰਣ ਪ੍ਰਣਾਲੀਆਂ ਦੀ ਮੁਰੰਮਤ ਅਤੇ ਜੈਵ ਵਿਭਿੰਨਤਾ ਨੂੰ ਬਣਾਈ ਰੱਖਣਾ ਸ਼ਾਮਲ ਹੈ। ਪਲਾਸਟਿਕ ਪ੍ਰਦੂਸ਼ਣ ਹਰ ਕੋਨੇ ਵਿੱਚ ਇੱਥੋਂ ਤੱਕ ਕਿ ਸਾਡੇ ਸ਼ਰੀਰਾਂ ਵਿੱਚ ਮਾਈਕ੍ਰੋਪਲਾਸਟਿਕ ਦੇ ਰੂਪ ਵਿੱਚ ਵੀ ਫੈਲਦਾ ਹੈ। ਦਹਾਕਿਆਂ ਤੋਂ ਪਲਾਸਟਿਕ ਪ੍ਰਦੂਸ਼ਣ ਦੁਨੀਆ ਦੇ ਹਰ ਕੋਨੇ ਵਿੱਚ ਫੈਲ ਗਿਆ ਹੈ ਸਾਡੇ ਪੀਣ ਵਾਲੇ ਪਾਣੀ, ਖਾਣ ਵਾਲੇ ਭੋਜਨ ਅਤੇ ਸਾਡੇ ਸ਼ਰੀਰਾਂ ਵਿੱਚ ਜਾ ਰਿਹਾ ਹੈ। ਇਹ ਅੱਜ ਦੀਆਂ ਵਾਤਾਵਰਣ ਚੁਣੌਤੀਆਂ ਵਿੱਚੋਂ ਇੱਕ ਹੈ ਜਿਸਦੇ ਕੁਝ ਸਪੱਸ਼ਟ ਹੱਲ ਵੀ ਹਨ। ਕੁਦਰਤ ਤੋਂ ਪ੍ਰੇਰਨਾ ਲੈਕੇ ਅਤੇ ਇਨ੍ਹਾਂ ਹੱਲਾਂ ਦਾ ਪ੍ਰਦਰਸ਼ਨ ਕਰਕੇ, ਮੁਹਿੰਮ ਨਾਲ ਜੁੜੇ ਵਿਅਕਤੀਆਂ, ਸੰਗਠਨਾਂ, ਉਦਯੋਗਾਂ ਅਤੇ ਸਰਕਾਰਾਂ ਨੂੰ ਜੋ ਪ੍ਰਣਾਲੀਗਤ ਤਬਦੀਲੀ ਨੂੰ ਚਲਾਉਂਦੇ ਹਨ ਟਿਕਾਊ ਅਭਿਆਸਾਂ ਨੂੰ ਅਪਣਾਉਣ ਲਈ ਉਤਸ਼ਾਹਿਤ ਕਰੇਗੀ।ਅੱਜ ਦਾ ਦਿਨ ਪਲਾਸਟਿਕ ਪ੍ਰਦੂਸ਼ਣ ਨੂੰ ਖਤਮ ਕਰਨ ਲਈ ਇੱਕ ਵਿਸ਼ਵ ਸੰਧੀ ਤੇ ਗੱਲਬਾਤ ਜਾਰੀ ਰੱਖਣ ਲਈ ਦੇਸ਼ਾਂ ਦੇ ਦੁਬਾਰਾ ਮਿਲਣ ਤੋਂ ਠੀਕ ਦੋ ਮਹੀਨੇ ਪਹਿਲਾਂ ਆਉਂਦਾ ਹੈ।ਇਹ ਦਿਵਸ ਪਲਾਸਟਿਕ ਪ੍ਰਦੂਸ਼ਣ ਦੇ ਪ੍ਰਭਾਵਾਂ ਤੇ ਵਧ ਰਹੇ ਵਿਗਿਆਨਕ ਸਬੂਤਾਂ ਤੇ ਰੌਸ਼ਨੀ ਪਾਵੇਗਾ ਅਤੇ ਪਲਾਸਟਿਕ ਦੀ ਵਰਤੋਂ ਤੋਂ ਇਨਕਾਰ ਕਰਨ, ਘਟਾਉਣ, ਮੁੜ ਵਰਤੋਂ, ਰੀਸਾਈਕਲ ਕਰਨ ਅਤੇ ਮੁੜ ਵਿਚਾਰ ਕਰਨ ਲਈ ਗਤੀ ਨੂੰ ਤੇਜ਼ੀ ਨਾਲ ਵਧਾਏਗਾ। ਇਹ ਵਿਸ਼ਵ ਪਲਾਸਟਿਕ ਪ੍ਰਦੂਸ਼ਣ ਸੰਧੀ ਦੁਆਰਾ ਪਲਾਸਟਿਕ ਪ੍ਰਦੂਸ਼ਣ ਨੂੰ ਖਤਮ ਕਰਨ ਲਈ ਕੀਤੀ ਗਈ ਵਿਸ਼ਵਵਿਆਪੀ ਬਚਨਬੱਧਤਾ ਨੂੰ ਵੀ ਮਜ਼ਬੂਤ ਕਰੇਗਾ। ਪਲਾਸਟਿਕ ਪ੍ਰਦੂਸ਼ਣ ਤਿੰਨ ਗ੍ਰਹਿ ਸੰਕਟ ਦੇ ਘਾਤਕ ਪ੍ਰਭਾਵਾਂ ਨੂੰ ਵਧਾਉਂਦਾ ਹੈ ਜਲਵਾਯੂ ਪਰਿਵਰਤਨ ਦਾ ਸੰਕਟ, ਕੁਦਰਤ, ਭੂਮੀ ਅਤੇ ਜੈਵਿਕ ਵਿਭਿੰਨਤਾ ਦੇ ਨੁਕਸਾਨ ਦਾ ਸੰਕਟ, ਪ੍ਰਦੂਸ਼ਣ ਅਤੇ ਰਹਿੰਦ-ਖੂੰਹਦ ਦਾ ਸੰਕਟ। ਵਿਸ਼ਵ ਪੱਧਰ ਤੇ ਅੰਦਾਜ਼ਨ 11 ਮਿਲੀਅਨ ਟੱਨ ਪਲਾਸਟਿਕ ਰਹਿੰਦ-ਖੂੰਹਦ ਹਰ ਸਾਲ ਜਲ-ਪਰਿਆਵਰਣ ਪ੍ਰਣਾਲੀਆਂ ਵਿੱਚ ਪੈਂਦਾ ਹੈ ਜਦੋਂ ਕਿ ਖੇਤੀਬਾੜੀ ਉਤਪਾਦਾਂ ਵਿੱਚ ਪਲਾਸਟਿਕ ਦੀ ਵਰਤੋਂ ਕਾਰਨ ਸਿਵਰੇਜ ਅਤੇ ਭਰਤ ਤੋਂ ਮਿੱਟੀ ਵਿੱਚ ਮਾਈਕ੍ਰੋਪਲਾਸਟਿਕਸ ਇਕੱਠੇ ਹੁੰਦੇ ਹਨ। ਇਸ ਸਾਲ ਵਿਸ਼ਵ ਵਾਤਾਵਰਣ ਦਿਵਸ ਮਨਾਉਣਾ ਉਦੋਂ ਆਇਆ ਹੈ ਜਦੋਂ ਬਹੁਤੇ ਦੇਸ਼ ਸਮੁੰਦਰੀ ਵਾਤਾਵਰਣ ਸਮੇਤ ਪਲਾਸਟਿਕ ਪ੍ਰਦੂਸ਼ਣ ਨੂੰ ਖਤਮ ਕਰਨ ਲਈ ਇੱਕ ਵਿਸ਼ਵਵਿਆਪੀ ਸੰਧੀ ਨੂੰ ਸੁਰੱਖਿਅਤ ਕਰਨ ਵੱਲ ਵੱਧ ਰਹੇ ਹਨ। ਨਵੰਬਰ 2024 ਵਿੱਚ ਕੋਰੀਆ ਨੇ ਪਲਾਸਟਿਕ ਪ੍ਰਦੂਸ਼ਣ ਸੰਧੀ ਵਿਕਸਿਤ ਕਰਨ ਲਈ ਗੱਲਬਾਤ ਦੇ ਪੰਜਵੇਂ ਸੈਸ਼ਨ ਦੀ ਮੇਜ਼ਬਾਨੀ ਕੀਤੀ ਸੀ ਅਤੇ ਇਸਦਾ ਦੂਜਾ ਭਾਗ 5 ਤੋਂ 14 ਅਗਸਤ ਤੱਕ ਸਵਿਟਜ਼ਰਲੈਂਡ ਦੇ ਜੇਨੇਵਾ ਵਿੱਚ ਹੋਵੇਗਾ। ਵਿਸ਼ਵ ਵਾਤਾਵਰਣ ਦਿਵਸ ਜਾਗਰੂਕਤਾ ਪੈਦਾ ਕਰਨ ਅਤੇ ਵਾਤਾਵਰਣ ਦੀ ਸੰਭਾਲ ਨੂੰ ਉਤਸ਼ਾਹਿਤ ਕਰਨ ਲਈ ਮਨਾਇਆ ਜਾਂਦਾ ਹੈ। ਇਹ ਕਈ ਗੈਰ-ਸਰਕਾਰੀ ਸੰਸਥਾਵਾਂ, ਕੰਪਨੀਆਂ ਅਤੇ ਸਰਕਾਰੀ ਸੰਸਥਾਵਾਂ ਦੁਆਰਾ ਸਮਰਥਿਤ ਹੈ। ਇਹ ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ ਦੀ ਅਗਵਾਈ ਵਿੱਚ ਅਤੇ 1973 ਤੋਂ ਹਰ ਸਾਲ ਹੋਸਟ ਕੀਤੇ ਜਾਣ ਵਾਲੇ ਵਿਸ਼ਵ ਦੇ ਸਭ ਤੋਂ ਵੱਡੇ ਵਾਤਾਵਰਣ ਪਲੇਟਫਾਰਮ ਵਜੋਂ ਵਿਕਸਤ ਹੋਇਆ ਹੈ।ਪ੍ਰਦੂਸ਼ਣ ਨਾਲ ਅਰਬਾਂ ਹੈਕਟੇਅਰ ਜ਼ਮੀਨ ਖਰਾਬ ਹੋ ਗਈ ਹੈ ਜਿਸ ਨਾਲ ਦੁਨੀਆ ਦੀ ਲੱਗਭੱਗ ਅੱਧੀ ਆਬਾਦੀ ਪ੍ਰਭਾਵਿਤ ਹੋ ਰਹੀ ਹੈ। ਇਸਦੀ ਪੇਂਡੂ ਭਾਈਚਾਰਿਆਂ, ਛੋਟੇ ਕਿਸਾਨਾਂ ਅਤੇ ਅਤਿ ਗਰੀਬਾਂ ਨੂੰ ਸਭ ਤੋਂ ਵੱਧ ਮਾਰ ਪਈ ਹੈ। ਸਿਰਫ਼ 15 ਪ੍ਰਤੀਸ਼ਤ ਜ਼ਮੀਨ ਨੂੰ ਬਹਾਲ ਕਰਨਾ ਅਤੇ ਹੋਰ ਤਬਦੀਲੀ ਨੂੰ ਰੋਕਣਾ 60 ਪ੍ਰਤੀਸ਼ਤ ਤੱਕ ਸੰਭਾਵਿਤ ਪ੍ਰਜਾਤੀਆਂ ਨੂੰ ਵਿਨਾਸ਼ ਤੋਂ ਬਚਾ ਸਕਦਾ ਹੈ। ਪਿਛਲੇ ਕੁੱਝ ਸਾਲਾਂ ਤੋਂ ਤਾਪਮਾਨ ਦੇ ਰਿਕਾਰਡ ਟੁੱਟ ਰਹੇ ਹਨ। ਦੁਨੀਆਂ ਦੇ ਬਹੁਤੇ ਹਿੱਸੇ ਨੇ ਨਾ ਸਿਰਫ਼ ਗਰਮੀ ਸਗੋਂ ਤੂਫ਼ਾਨਾਂ, ਹੜ੍ਹਾਂ ਅਤੇ ਸੋਕੇ ਦੇ ਵੀ ਪ੍ਰਭਾਵ ਮਹਿਸੂਸ ਕੀਤੇ । ਸਾਲ 2000 ਤੋਂ ਸੋਕੇ ਦੀ ਗਿਣਤੀ ਅਤੇ ਮਿਆਦ 29 ਪ੍ਰਤੀਸ਼ਤ ਵਧ ਗਈ ਹੈ ਅਤੇ 2050 ਤੱਕ ਦੁਨੀਆ ਦੀ ਤਿੰਨ-ਚੌਥਾਈ ਆਬਾਦੀ ਨੂੰ ਪ੍ਰਭਾਵਿਤ ਕਰ ਸਕਦਾ ਹੈ। ਭੂਮੀ ਬਹਾਲੀ ਈਕੋ ਸਿਸਟਮ ਬਹਾਲੀ ਸਾਲ 2021-2030 ਤੇ ਸੰਯੁਕਤ ਰਾਸ਼ਟਰ ਦੇ ਦਹਾਕੇ ਦਾ ਇੱਕ ਮੁੱਖ ਥੰਮ ਹੈ ਜੋਕਿ ਪੂਰੀ ਦੁਨੀਆ ਵਿੱਚ ਵਾਤਾਵਰਣ ਪ੍ਰਣਾਲੀ ਦੀ ਸੁਰੱਖਿਆ ਅਤੇ ਪੁਨਰ ਸੁਰਜੀਤੀ ਲਈ ਇੱਕ ਅਵਾਜ਼ ਹੈ ਜੋ ਟਿਕਾਊ ਵਿਕਾਸ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਮਹੱਤਵਪੂਰਨ ਹੈ। ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ ਦੇ ਨਾਲ ਹਰ ਸਾਲ 150 ਤੋਂ ਵੱਧ ਦੇਸ਼ ਹਿੱਸਾ ਲੈਂਦੇ ਹਨ। ਵੱਡੀਆਂ ਕਾਰਪੋਰੇਸ਼ਨਾਂ, ਗੈਰ-ਸਰਕਾਰੀ ਸੰਸਥਾਵਾਂ, ਭਾਈਚਾਰਿਆਂ, ਸਰਕਾਰਾਂ ਅਤੇ ਵਿਸ਼ਵ ਭਰ ਦੀਆਂ ਮਸ਼ਹੂਰ ਹਸਤੀਆਂ ਵਾਤਾਵਰਣ ਪ੍ਰਦੂਸ਼ਣ ਦੇ ਕਾਰਨਾਂ ਨੂੰ ਰੋਕਣ ਲਈ ਵਿਸ਼ਵ ਵਾਤਾਵਰਣ ਦਿਵਸ ਬ੍ਰਾਂਡ ਨੂੰ ਅਪਣਾਉਂਦੀਆਂ ਹਨ।ਪ੍ਰਦੂਸ਼ਕ ਹਵਾ, ਪਾਣੀ ਅਤੇ ਜ਼ਮੀਨ ਦੀ ਗੁਣਵੱਤਾ ਨੂੰ ਨੁਕਸਾਨ ਪਹੁੰਚਾਉਂਦੇ ਹਨ। ਉੱਤਰੀ ਪ੍ਰਸ਼ਾਂਤ ਮਹਾਸਾਗਰ ਦੇ ਮੱਧ ਵਿੱਚ ਮਾਈਕ੍ਰੋਸਕੋਪਿਕ ਪਲਾਸਟਿਕ ਦੇ ਕਣਾਂ ਦਾ ਇੱਕ ਵਿਸ਼ਾਲ ਸੰਗ੍ਰਹਿ ਬਣਦਾ ਜਾ ਰਿਹਾ ਹੈ ਜਿਸਨੂੰ ਮਹਾਨ ਪ੍ਰਸ਼ਾਂਤ ਕੂੜਾ ਪੈਚ ਵਜੋਂ ਜਾਣਿਆ ਜਾਂਦਾ ਹੈ।ਪ੍ਰਦੂਸ਼ਣ ਦੀਆਂ ਕਈ ਕਿਸਮਾਂ ਹਨ ਜਿਨ੍ਹਾਂ ਵਿੱਚੋਂ ਪ੍ਰਮੁੱਖ ਜਲ ਪ੍ਰਦੂਸ਼ਣ, ਹਵਾ ਪ੍ਰਦੂਸ਼ਣ, ਸ਼ੋਰ ਪ੍ਰਦੂਸ਼ਣ ਆਦਿ ਹੈ। ਪ੍ਰਦੂਸ਼ਣ ਕਾਰਨ ਮਨੁੱਖੀ ਜੀਵਨ ਸਮੇਤ ਹੋਰ ਕਈ ਪ੍ਰਜਾਤੀਆਂ ਨੂੰ ਵੱਡਾ ਖਤਰਾ ਹੋ ਗਿਆ ਹੈ ਪਰ ਵਾਤਾਵਰਣ ਵਿੱਚ ਪ੍ਰਦੂਸ਼ਣ ਵਧਾਉਣ ਲਈ ਸਿਰਫ ਮਾਨਵ ਹੀ




ਜਿੰਮੇਵਾਰ ਹੈ। ਵਧਦਾ ਸ਼ਹਿਰੀਕਰਣ ਅਤੇ ਉਦਯੋਗਿਕਰਣ ਵਾਤਾਵਰਣ ਲਈ ਵੱਡਾ ਖਤਰਾ ਬਣ ਰਹੇ ਹਨ। ਹਵਾ ਵਿੱਚ ਵਧੱ ਰਹੇ ਪ੍ਰਦੂਸ਼ਣ ਨੇ ਵਾਤਾਵਰਣ ਨੂੰ ਬਹੁਤ ਜ਼ਿਆਦਾ ਨੁਕਸਾਨ ਪਹੁੰਚਾਇਆ ਹੈ। ਹਵਾ ਵਿੱਚ ਪ੍ਰਦੂਸ਼ਣ ਉਦੋ ਵਧੱਦਾ ਹੈ ਜਦੋ ਵਾਯੂਮੰਡਲ ਵਿੱਚ ਗੈਸਾਂ, ਧਾਤੂਆਂ ਅਤੇ ਜੈਵਿਕ ਅਣੂਆਂ ਸਮੇਤ ਪਦਾਰਥਾਂ ਦੇ ਨੁਕਸਾਨਦਹੇ ਜਾਂ ਵੱਧ ਮਾਤਰਾ ਵਿੱਚ ਹੁੰਦੀਆਂ ਹਨ। ਇਸ ਨਾਲ ਮਨੁਖਾਂ ਸਮੇਤ ਹੋਰ ਜੀਵਾਂ ਨੂੰ ਐਲਰਜ਼ੀ ਸਮੇਤ ਕਈ ਖਤਰਨਾਕ ਰੋਗ ਲੱਗ ਸਕਦੇ ਹਨ ਅਤੇ ਮੌਤ ਹੋ ਸਕਦੀ ਹੈ। ਇਸਦੇ ਬਹੁਤ ਜ਼ਿਆਦਾ ਸਿਹਤ, ਸਮਾਜਿਕ ਅਤੇ ਆਰਥਿਕ ਪ੍ਰਭਾਵਾਂ ਦੇ ਬਾਵਜੂਦ, ਅੰਤਰ-ਰਾਸ਼ਟਰੀ ਵਿਕਾਸ ਏਜੰਡੇ ਵਿੱਚ ਪ੍ਰਦੂਸ਼ਣ ਰੋਕਥਾਮ ਨੂੰ ਵੱਡੇ ਪੱਧਰ ਤੇ ਨਜ਼ਰਅੰਦਾਜ਼ ਕੀਤਾ ਗਿਆ ਹੈ। ਪ੍ਰਦੂਸ਼ਣ ਅਤੇ ਸਿਹਤ ਸਬੰਧੀ ਅੰਕੜਿਆਂ ਅਨੁਸਾਰ ਪ੍ਰਦੂਸ਼ਣ ਅੰਦਾਜ਼ਨ 90 ਲੱਖ ਮੌਤਾਂ ਲਈ ਜ਼ਿੰਮੇਵਾਰ ਹੈ। ਪ੍ਰਦੂਸ਼ਣ ਕਾਰਨ ਹੋਈਆਂ ਮੌਤਾਂ ਵਿੱਚੋਂ ਹਵਾ ਪ੍ਰਦੂਸ਼ਣ ਵਿਸ਼ਵ ਭਰ ਵਿੱਚ 6.67 ਮਿਲੀਅਨ ਮੌਤਾਂ ਲਈ ਸਭ ਤੋਂ ਵੱਧ ਜ਼ਿੰਮੇਵਾਰ ਹੈ। ਸਮੇਂ ਤੋਂ ਪਹਿਲਾਂ ਲੱਗਭੱਗ 1.36 ਮਿਲੀਅਨ ਮੌਤਾਂ ਲਈ ਪਾਣੀ ਦਾ ਪ੍ਰਦੂਸ਼ਣ ਜ਼ਿੰਮੇਵਾਰ ਹੈ। ਮਾਹਿਰਾਂ ਨੇ ਬੀਤੇ ਸਮੇਂ ਵਿੱਚ ਜੋ ਸ਼ੰਕੇ ਜਾਹਿਰ ਕੀਤੇ ਸਨ ਹੁਣ ਸੱਚ ਸਾਬਤ ਹੋ ਰਹੇ ਹਨ। ਓਜ਼ੋਨ ਪਰਤ ਵਿੱਚ ਛੇਕ ਹੋ ਜਾਣੇ, ਗਲੇਸ਼ੀਅਰਾਂ ਦਾ ਲਗਾਤਾਰ ਪਿਘਲਣਾ ਤੇ ਤਪਸ਼ ਦਾ ਵੱਧਣਾ ਇਸਦੇ ਮਾਰੂ ਪ੍ਰਭਾਵਾਂ ਦੇ ਸਪੱਸ਼ਟ ਲੱਛਣ ਹਨ। ਗਲੋਬਲ ਵਾਰਮਿੰਗ ਵਿੱਚ ਵਾਧਾ ਹੋ ਰਿਹਾ ਹੈ ਜਿਸ ਨਾਲ ਧਰੁਵਾਂ ਤੇ ਪਈ ਬਰਫ ਪਿਘਲ ਰਹੀ ਹੈ। ਜੇਕਰ ਇਸ ਪਾਸੇ ਹੁਣ ਵੀ ਧਿਆਨ ਨਾ ਦਿੱਤਾ ਤਾਂ ਸਮੁੰਦਰਾਂ ਦੇ ਪਾਣੀ ਦਾ ਪੱਧਰ ਉੱਚਾ ਹੋ ਜਾਵੇਗਾ ਅਤੇ ਤੱਟਵਰਤੀ ਇਲਾਕੇ ਇਸ ਵਿੱਚ ਡੁੱਬ ਜਾਣਗੇ। ਕਾਰਬਨਡਾਈਆਕਸਾਈਡ ਗੈਸ ਦੀ ਹਵਾ ਵਿੱਚ ਮਾਤਰਾ 0.03ਗ਼ ਤੋਂ ਵੱਧ ਰਹੀ ਹੈ। ਇਹ ਗਰਮੀ ਨੂੰ ਵਧਾਉਣ ਦਾ ਵੱਡਾ ਕਾਰਨ ਬਣਦਾ ਜਾ ਰਿਹਾ ਹੈ। ਪੈਟ੍ਰੋਲੀਅਮ ਪਦਾਰਥਾਂ ਦੀ ਅਥਾਹ ਵਰਤੋਂ ਕਰਨ ਨਾਲ ਜ਼ਹਿਰੀਲੇ ਧੂੰਏ ਦੀ ਵੱਧ ਪੈਦਾਵਾਰ ਹੋ ਰਹੀ ਹੈ। ਫਰਿਜ਼ ਅਤੇ ਏਅਰ ਕੰਡੀਸ਼ਨਰਾਂ ਦੀ ਵੱਧ ਰਹੀ ਵਰਤੋਂ ਅਤੇ ਤੇਜ਼ੀ ਨਾਲ ਵੱਧ ਰਹੇ ਉਦਯੋਗੀਕਰਨ ਨਾਲ ਕਾਰਬਨ ਡਾਈਆਕਸਾਈਡ ਵਿੱਚ ਵਾਧਾ ਹੋ ਰਿਹਾ ਹੈ। ਵਾਤਾਵਰਣ ਬਾਰੇ ਜੇਕਰ ਭਾਰਤ ਦੀ ਗੱਲ ਕਰੀਏ ਤਾ ਹਾਲਾਤ ਬਹੁਤੇ ਚੰਗੇ ਨਜ਼ਰ ਨਹੀਂ ਆਉਂਦੇ ਹਨ।2024 ਦੀ ਇੱਕ ਰਿਪੋਰਟ ਜੋ ਦੁਨੀਆ ਭਰ ਵਿੱਚ ਹਵਾ ਗੁਣਵੱਤਾ ਸੂਚਕਾਂਕ ਰੀਡਿੰਗਾਂ ਦੀ ਨਿਗਰਾਨੀ ਕਰਦੀ ਹੈ ਨੇ ਰਿਪੋਰਟ ਦਿੱਤੀ ਕਿ ਦੁਨੀਆ ਦੇ 20 ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਵਿੱਚੋਂ 11 ਭਾਰਤ ਵਿੱਚ ਹੀ ਹਨ। ਅਸਾਮ ਅਤੇ ਮੇਘਾਲਿਆ ਰਾਜਾਂ ਦੀ ਸਰਹੱਦ ਤੇ ਇੱਕ ਉਦਯੋਗਿਕ ਸ਼ਹਿਰ ਬਾਇਰਨੀਹਾਟ 2024 ਤੱਕ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਸੀ ਅਤੇ ਦਿੱਲੀ ਲਗਾਤਾਰ ਦੁਨੀਆ ਦੀ ਸਭ ਤੋਂ ਪ੍ਰਦੂਸ਼ਿਤ ਰਾਜਧਾਨੀ ਸ਼ਹਿਰ ਵਜੋਂ ਮੰਨੀ ਜਾਂਦੀ ਹੈ। ਹਵਾ ਪ੍ਰਦੂਸ਼ਣ ਭਾਰਤ ਵਿੱਚ ਜੀਵਨ ਦੀ ਸੰਭਾਵਨਾ ਨੂੰ ਔਸਤਨਪੰਜ ਸਾਲ ਘਟਾਉਂਦਾ ਹੈ ਜੋ ਕਿ ਜਨਤਕ ਸਿਹਤ ਤੇ ਹਵਾ ਪ੍ਰਦੂਸ਼ਣ ਦੇ ਵਿਆਪਕ ਪ੍ਰਭਾਵ ਨੂੰ ਦਰਸਾਉਂਦਾ ਹੈ। ਪ੍ਰਦੂਸ਼ਣ ਵਿੱਚ ਉਦਯੋਗਿਕ ਗਤੀ-ਵਿਧੀਆਂ ਇੱਕ ਵੱਡਾ ਯੋਗਦਾਨ ਪਾਉਂਦੀਆਂ ਹਨ। ਅਨੁਮਾਨਾਂ ਅਨੁਸਾਰ ਉਦਯੋਗਿਕ ਪ੍ਰਦੂਸ਼ਣ ਦੇਸ਼ ਦੇ ਹਵਾ ਪ੍ਰਦੂਸ਼ਣ ਦਾ 51 ਪ੍ਰਤੀਸ਼ਤ ਹੈ। ਥਰਮਲ ਪਾਵਰ ਪਲਾਂਟਾਂ ਵਰਗੀਆਂ ਇਕਾਈਆਂ ਤੋਂ ਸਲਫਰ ਡਾਈਆਕਸਾਈਡ ਅਤੇ ਨਾਇਟਰੋਜਨ ਆਕਸਾਈਡ ਆਦਿ ਸਾਹ ਸੰਬੰਧੀ ਸਮੱਸਿਆਵਾਂ ਪੈਦਾ ਕਰ ਸਕਦੇ ਹਨ ਅਤੇ ਤੇਜ਼ਾਬੀ ਮੀਂਹ ਦਾ ਕਾਰਨ ਬਣ ਸਕਦੇ ਹਨ। 10 ਮਾਈਕ੍ਰੋਮੀਟਰ ਵਿਆਸ ਵਾਲੇ ਕਣ ਪਦਾਰਥ ਉੱਪਰਲੇ ਸਾਹ ਦੀ ਨਾਲੀ ਵਿੱਚ ਜਮ੍ਹਾਂ ਹੋਣ ਤੇ ਜਲਣ ਪੈਦਾ ਕਰ ਸਕਦੇ ਹਨ ਜਦਕਿ ਕਿ 2.5 ਮਾਈਕ੍ਰੋਮੀਟਰ ਜਾਂ ਇਸ ਤੋਂ ਛੋਟੇ ਵਿਆਸ ਵਾਲੇ ਪਦਾਰਥ ਡੂੰਘੇ ਜਮ੍ਹਾ ਹੋ ਸਕਦੇ ਹਨ, ਸੰਭਾਵੀ ਤੌਰ ਤੇ ਫੇਫੜਿਆਂ ਵਿੱਚ ਜਮ੍ਹਾ ਹੋ ਸਕਦੇ ਹਨ ਅਤੇ ਦਮਾ ਅਤੇ ਦਿਲ ਦੇ ਰੋਗਾਂ ਸੰਬੰਧੀ ਚਿੰਤਾਵਾਂ ਦਾ ਕਾਰਨ ਬਣ ਸਕਦੇ ਹਨ। ਭਾਰਤ ਦੇ 1.3 ਬਿਲੀਅਨ ਲੋਕ ਅਜਿਹੇ ਖੇਤਰਾਂ ਵਿੱਚ ਰਹਿੰਦੇ ਹਨ ਜਿੱਥੇ ਸਾਲਾਨਾ ਔਸਤ ਕਣ ਪ੍ਰਦੂਸ਼ਣ ਦਾ ਪੱਧਰ ਵਿਸ਼ਵ ਸਿਹਤ ਸੰਗਠਨ ਦੇ ਦਿਸ਼ਾ-ਨਿਰਦੇਸ਼ਾਂ ਤੋਂ ਵੱਧ ਹੈ। ਆਬਾਦੀ ਦਾ 67.4 ਪ੍ਰਤੀਸ਼ਤ ਅਜਿਹੇ ਖੇਤਰਾਂ ਵਿੱਚ ਰਹਿੰਦਾ ਹੈ ਜੋ ਦੇਸ਼ ਦੇ ਆਪਣੇ ਰਾਸ਼ਟਰੀ ਹਵਾ ਗੁਣਵੱਤਾ ਮਿਆਰ ਤੋਂ ਵੱਧ ਹਨ। ਜੀਵਨ ਸੰਭਾਵਨਾ ਦੇ ਸੰਦਰਭ ਵਿੱਚ ਮਾਪਿਆ ਗਿਆ ਕਣ ਪ੍ਰਦੂਸ਼ਣ ਭਾਰਤ ਵਿੱਚ ਮਨੁੱਖੀ ਸਿਹਤ ਲਈ ਸਭ ਤੋਂ ਵੱਡਾ ਖ਼ਤਰਾ ਹੈ, ਔਸਤਨ ਜੀਵਨ ਵਿੱਚ 5.3 ਸਾਲ ਦੀ ਕਮੀ ਹੈ। ਜੇਕਰ ਮੌਜੂਦਾ ਪ੍ਰਦੂਸ਼ਣ ਪੱਧਰ ਬਰਕਰਾਰ ਰਹਿੰਦਾ ਹੈ ਤਾਂ ਦੇਸ਼ ਦੇ ਸਭ ਤੋਂ ਵੱਧ ਪ੍ਰਦੂਸ਼ਿਤ ਖੇਤਰ ਉੱਤਰੀ ਮੈਦਾਨੀ ਖੇਤਰ ਵਿੱਚਭਾਰਤ ਦੀ ਲੱਗਭੱਗ 38.9 ਪ੍ਰਤੀਸ਼ਤ ਆਬਾਦੀ ਵਿਸ਼ਵ ਸਿਹਤ ਸੰਗਠਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਔਸਤਨ 8 ਸਾਲ ਅਤੇ ਰਾਸ਼ਟਰੀ ਮਿਆਰ ਦੇ ਅਨੁਸਾਰ 4.5 ਸਾਲ ਖਤਮ ਕਰਨ ਦੇ ਰਾਹ ਤੇ ਚੱਲ ਰਹੀ ਹੈ। ਸਾਲ 2019 ਵਿੱਚ ਭਾਰਤ ਨੇ "ਪ੍ਰਦੂਸ਼ਣ ਵਿਰੁੱਧ ਜੰਗ'' ਦਾ ਐਲਾਨ ਕੀਤਾ ਅਤੇ ਪ੍ਰਦੂਸ਼ਣ ਨੂੰ ਘਟਾਉਣ ਦੀ ਆਪਣੀ ਇੱਛਾ ਨੂੰ ਦਰਸਾਉਂਦੇ ਹੋਏ "ਰਾਸ਼ਟਰੀ ਸਵੱਛ ਹਵਾ ਪ੍ਰੋਗਰਾਮ'' ਦੀ ਸ਼ੁਰੂਆਤ ਕੀਤੀ ਹੈ ਜਿਸਦਾ ਉਦੇਸ਼ 2024 ਤੱਕ 2017 ਦੇ ਪੱਧਰ ਦੇ ਮੁਕਾਬਲੇ ਰਾਸ਼ਟਰੀ ਪੱਧਰ ਤੇ 20-30 ਪ੍ਰਤੀਸ਼ਤ ਤੱਕ ਹਵਾ ਪ੍ਰਦੂਸ਼ਣ ਨੂੰ ਘਟਾਉਣਾ ਸੀ ਅਤੇ 102 ਸ਼ਹਿਰਾਂ ਤੇ ਧਿਆਨ ਕੇਂਦਰਿਤ ਕੀਤਾ ਗਿਆ ਸੀ ਜੋ ਭਾਰਤ ਦੇ ਰਾਸ਼ਟਰੀ ਮਿਆਰ ਨੂੰ ਪੂਰਾ ਨਹੀਂ ਕਰ ਰਹੇ ਸਨ। ਸਰਕਾਰ ਦੇ ਨਵੇਂ ਟੀਚੇ ਦਾ ਉਦੇਸ਼ 2025-26 ਤੱਕ 131 ਗੈਰ-ਪ੍ਰਾਪਤੀ ਸ਼ਹਿਰਾਂ ਦੀ ਵਿਸਤ੍ਰਿਤ ਸੰਖਿਆ ਲਈ 2017 ਦੇ ਪੱਧਰ ਦੇ ਮੁਕਾਬਲੇ ਹਵਾ ਦੇ ਪ੍ਰਦੂਸ਼ਣ ਵਿੱਚ 40 ਪ੍ਰਤੀਸ਼ਤ ਦੀ ਕਮੀ ਕਰਨਾ ਹੈ। ਇਸ ਲਈ ਸਰਕਾਰ ਨੇ ਉਦਯੋਗਿਕ ਇਕਾਈਆਂ ਨੂੰ ਫਲੂ ਗੈਸ ਡੀਸਲਫਰਾਈਜ਼ੇਸ਼ਨ ਪ੍ਰਣਾਲੀਆਂ ਲਾਗੂ ਕਰਨ ਲਈ ਕਿਹਾ ਹੈ ਜੋ ਉਦਯੋਗਿਕ ਉਪ-ਉਤਪਾਦਾਂ ਨੂੰ ਘੱਟ ਨੁਕਸਾਨਦੇਹ ਪਦਾਰਥਾਂ ਵਿੱਚ ਬਦਲਣ ਲਈ ਚੂਨੇ ਜਾਂ ਚੂਨੇ ਦੇ ਪੱਥਰ ਨਾਲ ਰਸਾਇਣਕ ਪ੍ਰਤੀਕ੍ਰਿਆਵਾਂ ਦੀ ਵਰਤੋਂ ਕਰਦੇ ਹਨ। ਇਹ ਆਦੇਸ਼ ਲਗਭਗ 540 ਪਾਵਰ ਪਲਾਂਟ ਯੂਨਿਟਾਂ ਤੇ ਲਾਗੂ ਹੁੰਦਾ ਹੈ ਅਤੇ ਸਾਲ 2026 ਦੀ ਸਮਾਂ ਸੀਮਾ ਹੈ ਨੂੰ ਅਜੇ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਨਹੀਂ ਕੀਤਾ ਗਿਆ ਹੈ ਦਰਅਸਲ ਦਸੰਬਰ 2024 ਤੱਕ ਅਜਿਹੀਆਂ ਇਕਾਈਆਂ ਵਿੱਚੋਂ ਸਿਰਫ 8 ਪ੍ਰਤੀਸ਼ਤ ਹੀ ਇਸਦੀ ਪਾਲਣਾ ਕਰ ਰਹੀਆਂ ਸਨ। ਭਾਰਤੀ ਸ਼ਹਿਰ ਸਾਲਾਨਾ ਲਗਭਗ 62 ਮਿਲੀਅਨ ਟਨ ਮਿਉਂਸਪਲ ਠੋਸ ਰਹਿੰਦ-ਖੂੰਹਦ ਪੈਦਾ ਕਰਦੇ ਹਨ। ਇਸ ਰਹਿੰਦ-ਖੂੰਹਦ ਦਾ ਤਿੰਨ-ਚੌਥਾਈ ਤੋਂ ਵੀ ਘੱਟ ਇਕੱਠਾ ਕੀਤਾ ਜਾਂਦਾ ਹੈ ਅਤੇ ਸਿਰਫ 12 ਮਿਲੀਅਨ ਟਨ ਰਹਿੰਦ-ਖੂੰਹਦ ਨੂੰ ਹੀ ਪ੍ਰੋਸੈਸ ਕੀਤਾ ਜਾਂਦਾ ਹੈ ਜਦਕਿ ਲੱਗਭੱਗ 31 ਮਿਲੀਅਨ ਟਨ ਜਮੀਨ ਦੀ ਭਰਤੀ ਵਿੱਚ ਹੀ ਪਾਇਆ ਜਾਂਦਾ ਹੈ। ਸ਼ੋਰ ਪ੍ਰਦੂਸ਼ਣ ਅਸਿੱਧੇ ਤੌਰ ਤੇ ਮਾਨਸਿਕ ਸਿਹਤ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਦਿਲ ਦੀ ਧੜਕਣ ਪ੍ਰਭਾਵਿਤ ਕਰ ਸਕਦਾ ਹੈ। ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ ਦੀ ਰਿਪੋਰਟ ਨੇ ਦੁਨੀਆ ਭਰ ਦੇ 61 ਸ਼ਹਿਰਾਂ ਦੇ ਨਮੂਨੇ ਵਿੱਚ ਸ਼ੋਰ ਦੇ ਪੱਧਰਾਂ ਦਾ ਅਧਿਐਨ ਕੀਤਾ ਜਿਸ ਵਿੱਚ ਪੰਜ ਭਾਰਤੀ ਸ਼ਹਿਰ ਸ਼ਾਮਲ ਹਨ। ਦੇਸ਼ ਦੀਆਂ ਲੱਗਭੱਗ ਸਾਰੀਆਂ ਨਦੀਆਂ, ਦਰਿਆਵਾਂ ਅਤੇ ਪਾਣੀ ਦੇ ਹੋਰ ਕੁਦਰਤੀ ਸੋਮਿਆਂ ਵਿੱਚ ਕਿਸੇ ਨਾ ਕਿਸੇ ਤਰ੍ਹਾਂ ਫੈਕਟਰੀਆਂ ਤੇ ਸ਼ਹਿਰਾਂ ਦਾ ਜ਼ਹਿਰੀਲਾ ਤੇ ਗੰਦਾ ਪਾਣੀ ਸੁੱਟਿਆ ਜਾ ਰਿਹਾ ਹੈ ਜਿਸ ਕਾਰਨ ਇਹ ਪਾਣੀ ਦੇ ਸਰੋਤ ਖਤਰਨਾਕ ਸਾਬਤ ਹੋ ਰਹੇ ਹਨ। ਸਮੇਂ ਸਮੇਂ ਤੇ ਇਨ੍ਹਾਂ ਦਰਿਆਵਾਂ ਵਿੱਚ ਵੱਖ ਵੱਖ ਉਦਯੋਗਾਂ ਵਿੱਚ ਪੈ ਰਹੇ ਪ੍ਰਦੂਸ਼ਣ ਕਾਰਨ ਪਾਣੀ ਵਿੱਚ ਰਹਿਣ ਵਾਲੇ ਜੀਵ ਵੱਡੀ ਗਿਣਤੀ ਵਿੱਚ ਮਾਰੇ ਜਾਂਦੇ ਹਨ। ਪ੍ਰਦੂਸ਼ਿਤ ਪਾਣੀ ਕਾਰਨ ਲੋਕ ਕੈਂਸਰ ਤੇ ਕਾਲਾ ਪੀਲੀਆ ਵਰਗੀਆਂ ਭਿਆਨਕ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਖੇਤਾਂ ਵਿੱਚ ਰਸਾਇਣਕ ਖਾਦਾਂ ਅਤੇ ਕੀਟ ਨਾਸ਼ਕ ਦਵਾਈਆਂ ਦੀ ਧੜੱਲੇ ਨਾਲ ਵਰਤੋਂ ਕੀਤੀ ਜਾ ਰਹੀ ਹੈਅਤੇ ਇਹ ਜ਼ਹਿਰ ਧਰਤੀ ਹੇਠਲੇ ਪਾਣੀ ਤੱਕ ਵੀ ਪਹੁੰਚ ਗਈ ਹੈ। ਕੁੱਝ ਸਿਹਤ ਕੇਂਦਰਾਂ ਵਲੋਂ ਵੀ ਅਪਣਾ ਮੈਡੀਕਲ ਬਾਇਓਵੇਸਟ ਵੀ ਗੈਰ ਕਨੂੰਨੀ ਤਰੀਕੇ ਨਾਲ ਪਾਣੀ ਦੇ ਸਰੋਤਾਂ ਵਿੱਚ ਜਾਂ ਜਮੀਨ ਵਿੱਚ ਦਬਾਉਣ ਦੇ ਮਾਮਲੇ ਸਾਹਮਣੇ ਆਂਦੇ ਹਨ। ਖੇਤੀ ਰਹਿੰਦ ਖੂੰਹਦ ਜਲਾਉਣ ਅਤੇ ਉਦਯੋਗਾਂ ਵਲੋਂ ਹਵਾ ਵਿੱਚ ਛੱਡੇ ਜਾ ਰਹੇ ਜਹਰੀਲੇ ਧੂੰਏ ਅਤੇ ਗੈਸਾਂ ਕਾਰਨ ਕਈ ਵਾਰ ਸਾਹ ਲੈਣਾਂ ਵੀ ਮੁਸ਼ਕਿਲ ਹੋ ਜਾਂਦਾ ਹੈ। ਸਮਾਜਿਕ, ਧਾਰਮਿਕ, ਰਾਜਨੀਤਿਕ ਕਾਰਜਾਂ ਲਈ ਉੱਚੀ ਅਵਾਜ਼ ਵਿੱਚ ਵੱਜਦੇ ਸਪੀਕਰ ਅਵਾਜ਼ ਦੇ ਪ੍ਰਦੂਸ਼ਣ ਵਿੱਚ ਅਥਾਹ ਵਾਧਾ ਕਰ ਰਹੇ ਹਨ ਅਤੇ ਕਈ ਬਿਮਾਰੀਆਂ ਨੂੰ ਸੱਦਾ ਦੇ ਰਹੇ ਹਾਂ। ਰੁੱਖ ਜੋ ਸਾਡੇ ਜੀਵਨ ਅਤੇ ਵਾਤਾਵਰਣ ਦੇ ਸਭ ਤੋਂ ਅਹਿਮ ਕਾਰਕ ਹਨ ਉਹ ਲਗਾਤਾਰ ਘਟਦੇ ਜਾ ਰਹੇ ਹਨ ਜਿਸ ਕਾਰਨ ਧਰਤੀ ਦਾ ਪਰਿਵਰਤਨ ਚੱਕਰ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਗੱਡੀਆਂ ਦਾ ਧੂੰਆਂ, ਕਾਰਖਾਨਿਆਂ ਦੀ ਗੰਦਗੀ, ਨਾਲੀਆਂ ਦਾ ਗੰਦਾ ਪਾਣੀ ਇਹਨਾਂ ਸਭ ਨੇ ਸਾਡੇ ਜੀਵਨ ਦੀਆਂ ਜ਼ਰੂਰਤਾਂ ਹਵਾ, ਪਾਣੀ ਅਤੇ ਧਰਾਤਲ ਨੂੰ ਦੂਸ਼ਿਤ ਕਰਕੇ ਕਈ ਬਿਮਾਰੀਆਂ ਨੂੰ ਜਨਮ ਦਿੱਤਾ ਹੈ। ਉਦਯੋਗਿਕ ਕ੍ਰਾਂਤੀ ਤੋਂ ਬਾਦ ਵਾਯੂਮੰਡਲ ਵਿੱਚ ਕਾਰਬਨ ਡਾਈਆਕਸਾਈਡ ਦੀ ਮਾਤਰਾ ਵਿੱਚ 40 ਫੀਸਦੀ ਵਾਧਾ ਹੋਇਆ ਹੈ। ਲੋਕ ਵੱਡੀ ਮਾਤਰਾ ਵਿੱਚ ਕੁਦਰਤੀ ਸਾਧਨਾਂ ਦਾ ਦੁਰਉਪਯੋਗ ਕਰਦੇ ਹਨ। ਖੇਤੀ ਦੀ ਰਹਿੰਦ ਖੂਹੰਦ ਅੰਨੇਵਾਹ ਜਲਾਉਣ ਨਾਲ ਹੀ ਦੇਸ਼ ਦੇ ਕਈ ਭਾਗਾਂ ਵਿੱਚ ਕਈ ਦਿਨ ਅਸਮਾਨ ਵਿੱਚ ਧੂੰਏ ਦੇ ਕਾਲੇ ਬੱਦਲ ਹੀ ਨਜ਼ਰ ਆਂਦੇ ਹਨ।ਭਾਰਤ ਵਿੱਚ ਪ੍ਰਦੂਸ਼ਣ ਦਾ ਨਾਗਰਿਕਾਂ ਦੀ ਸਿਹਤ ਤੇ ਮਹੱਤਵਪੂਰਨ ਪ੍ਰਭਾਵ ਪਿਆ ਹੈ ਅਤੇ ਵਾਤਾਵਰਣ ਸੰਤੁਲਨ ਅਤੇ ਵਾਤਾਵਰਣ ਨੂੰ ਵਿਗਾੜਿਆ ਹੈ। ਭਾਰਤ ਸਰਕਾਰ ਨੇ ਪ੍ਰਦੂਸ਼ਣ ਨੂੰ ਘਟਾਉਣ ਲਈ ਕਈ ਵਿਧਾਨਕ ਉਪਾਅ ਅਤੇ ਪ੍ਰੋਗਰਾਮ ਪੇਸ਼ ਕੀਤੇ ਹਨ। ਭਾਰਤ ਵਿੱਚ ਵਾਤਾਵਰਣ ਸੁਰੱਖਿਆ ਅਧਿਨਿਯਮ ਸਭ ਤੋਂ ਪਹਿਲਾਂ 19 ਨਵੰਬਰ, 1986 ਨੂੰ ਲਾਗੂ ਹੋਇਆ ਸੀ ਜਿਸ ਵਿੱਚ ਵਾਤਾਵਰਣ ਦੀ ਗੁਣਵੱਤਾ ਦੇ ਮਾਣਕ ਨਿਰਧਾਰਤ ਕੀਤੇ ਗਏ ਸੀ ਪਰ ਸਿਰਫ ਕਾਨੂੰਨ ਬਣਾ ਦੇਣ ਨਾਲ ਹੀ ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਨਹੀਂ ਬਚਾਇਆ ਜਾ ਸਕਦਾ ਹੈ। ਸਰਕਾਰ ਨੂੰ ਪ੍ਰਦੂਸ਼ਣ ਕਰਨ ਵਾਲੇ ਅਦਾਰਿਆਂ ਅਤੇ ਇਸ ਲਈ ਜਿੰਮੇਵਾਰ ਵਿਅਕਤੀਆਂ ਖਿਲਾਫ ਸੱਖਤ ਕਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ। ਵਾਤਾਵਰਣ ਵਿੱਚ ਵਧਦੇ ਪ੍ਰਦੂਸ਼ਣ ਨੂੰ ਰੋਕਣ ਲਈ ਸਰਕਾਰ ਵਲੋਂ ਨੈਸ਼ਨਲ ਗਰੀਨ ਟ੍ਰਿਬਿਊਨਲ, ਕੇਂਦਰੀ ਪ੍ਰਦੂਸ਼ਣ ਨਿੰਯਤਰਣ ਬੋਰਡ ਅਤੇ ਰਾਜਾਂ ਵਿੱਚ ਰਾਜ ਪ੍ਰਦੂਸ਼ਣ ਨਿੰਯਤਰਣ ਬੋਰਡ ਬਣਾਏ ਗਏ ਹਨ। ਇਨ੍ਹਾਂ ਮਹੱਤਵਪੂਰਨ ਅਦਾਰਿਆਂ ਵਿੱਚ ਸਟਾਫ ਦੀ ਘਾਟ ਕਾਰਨ ਇਨ੍ਹਾਂ ਅਦਾਰਿਆਂ ਨੂੰ ਕੰਮ ਕਰਨ ਵਿੱਚ ਭਾਰੀ ਮੁਸਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੇਂਦਰੀ ਪ੍ਰਦੂਸ਼ਣ ਨਿੰਯਤਰਣ ਬੋਰਡ ਦੀ ਸਾਲਾਨਾ ਰਿਪੋਰਟ ਅਨੁਸਾਰਇਸ ਅਦਾਰੇ ਲਈ ਕੁੱਲ 603 ਪੋਸਟਾਂ ਮੰਨਜ਼ੂਰ ਹਨ ਜਿਨ੍ਹਾਂ ਵਿੱਚੋਂ ਸਿਰਫ 379 ਹੀ ਭਰੀਆਂ ਹੋਈਆਂ ਹਨ ਅਤੇ 24 ਪੋਸਟਾਂ ਖਤਮ ਕਰ ਦਿਤੀਆਂ ਗਈਆਂ ਹਨ ਜਦਕਿ 200 ਪੋਸਟਾਂ ਖਾਲੀ ਹਨ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵਿੱਚ ਕੁੱਲ 650 ਅਸਾਮੀਆਂ ਮੰਨਜ਼ੂਰ ਹਨ ਜਿਹਨਾਂ ਵਿੱਚੋਂ ਸਿਰਫ 336 ਹੀ ਅਸਾਮੀਆਂ ਭਰੀਆਂ ਹੋਈਆਂ ਹਨ ਅਤੇ 314 ਅਸਾਮੀਆਂ ਖਾਲੀ ਹਨਇਨ੍ਹਾਂ ਅਦਾਰਿਆਂ ਵਿੱਚ ਅਸਾਮੀਆਂ ਖਾਲੀ ਹੋਣ ਤੇ ਪ੍ਰਦੂਸ਼ਣ ਨਿਯੰਤਰਣ ਲਈ ਸਹੀ ਕੰਮ ਕਿਸ ਤਰ੍ਹਾਂ ਕੀਤਾ ਜਾ ਸਕਦਾ ਹੈ ਇਹ ਸੋਚਣ ਵਾਲੀ ਗੱਲ ਹੈ। ਨੈਸ਼ਨਲ ਗਰੀਨ ਟ੍ਰਿਬਿਊਨਲ ਦੀ ਰਿਪੋਰਟ ਅਨੁਸਾਰ ਲੱਗਭੱਗ 49659 ਮਾਮਲਿਆਂ ਵਿੱਚੋਂ ਲੱਗਭੱਗ 45030 ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ ਹੈ ਅਤੇ 4629 ਕੇਸਾਂ ਤੇ ਕਾਰਵਾਈ ਚੱਲ ਰਹੀ ਹੈ। ਕੇਂਦਰੀ ਪ੍ਰਦੂਸ਼ਣ ਨਿੰਯਤਰਣ ਬੋਰਡ ਦੀ ਰਿਪੋਰਟ ਅਨੁਸਾਰ ਮਾਣਯੋਗ ਸੁਪਰੀਮ ਕੋਰਟ ਵਿੱਚ 131 ਕੇਸ, ਵੱਖ ਵੱਖ ਹਾਈ ਕੋਰਟਸ ਵਿੱਚ 269 ਅਤੇ ਨੈਸਨਲ ਗਰੀਨ ਟ੍ਰਿਬਿਊਨਲ ਵਿੱਚ 410 ਕੇਸ ਪੈਂਡਿਗ ਪਏ ਹਨ। ਪੰਜਾਬ ਪ੍ਰਦੂਸ਼ਣ ਨਿਯੰਤਰਣ ਬੋਰਡ ਦੀ ਸਾਲਾਨਾ ਰਿਪੋਰਟ ਅਨੁਸਾਰ ਵਾਤਾਵਰਣ ਪ੍ਰਦੂਸ਼ਣ ਸਬੰਧੀ 109 ਕੇਸ ਦਾਇਰ ਕੀਤੇ ਗਏ ਹਨ ਜਿਨਾਂ ਵਿੱਚੋਂ 2 ਦਾ ਫੈਸਲਾ ਹੋ ਚੁੱਕਾ ਹੈ ਅਤੇ 107 ਵੱਖ ਵੱਖ ਅਦਾਲਤਾਂ ਵਿੱਚ ਚੱਲ ਰਹੇ ਹਨ। ਸਾਨੂੰ ਸਭ ਨੂੰ ਸਰਕਾਰ ਅਤੇ ਪ੍ਰਦੂਸ਼ਣ ਨਿਯੰਤਰਣ ਲਈ ਸਥਾਪਿਤ ਅਦਾਰਿਆਂ ਅਤੇ ਸਮਾਜਿਕ ਸੰਗਠਨਾਂ ਨਾਲ ਮਿਲਕੇ ਅਪਣੇ ਵਾਤਾਵਰਣ ਨੂੰ ਪ੍ਰਦੂਸ਼ਣ ਤੋ ਬਚਾਉਣ ਲਈ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਅਸੀਂ ਅਪਣੀਆਂ ਆਣ ਵਾਲੀਆਂ ਪੀੜ੍ਹੀਆਂ ਨੂੰ ਸਾਫ ਅਤੇ ਪ੍ਰਦੂਸ਼ਣ ਮੁੱਕਤ ਵਾਤਾਵਰਣ ਦੇ ਸਕੀਏ ਅਤੇ ਵਿਸ਼ਵ ਵਾਤਾਵਰਣ ਦਿਵਸ ਦੀ ਮਹੱਤਤਾ ਕਾਇਮ ਰਹਿ ਸਕੇ।

# "22 ਮੰਜੀਆਂ" (ਉਪਦੇਸ਼ਕ ਗੱਦੀਆਂ)



ਕਿਸੇ ਵੀ ਸਮਾਜਿਕ ਪ੍ਰਬੰਧ ਜਾਂ ਧਰਮ ਨੂੰ ਕਾਇਮ ਰਹਿਣ ਲਈ, ਉਹਨਾਂ ਸਮਾਜਿਕ ਕਦਰਾਂ-ਕੀਮਤਾਂ ਦੀ ਸੰਭਾਲ ਕਰਨੀ ਪੈਂਦੀ ਹੈ, ਜਿਸਦੇ ਸਹਾਰੇ ਉਹ ਕਾਇਮ ਹੈ। ਚੱਜ-ਆਚਾਰ ਦਾ ਤੱਤ ਉਹ ਮਨੋਰਥ ਹੈ, ਜੋ ਇਸ ਪ੍ਰਬੰਧ ਨੂੰ ਤੋਰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਮਾਨਵਤਾ ਦੀ ਭਲਾਈ ਦੇ ਸੰਕਲਪ ਨੂੰ ਤੋਰਨ ਲਈ ਪਹਿਲੀ ਉਦਾਸੀ ਵਿਚ ਹਿੰਦੂ ਪੁਰਬਾਂ ਸਮੇਂ ਭਾਰਤ ਦੇ ਸਾਰੇ ਹਿੰਦੂ-ਤੀਰਥਾਂ ਵਿਖੇ ਆਪਣਾ ਪ੍ਰਚਾਰ ਕਾਇਮ ਰੱਖਣ ਲਈ ਕਈ ਥਾਈਂ ਪ੍ਰਚਾਰ ਕੇਂਦਰ ਬਣਾਏ ਤੇ ਯੋਗ ਸਿੱਖ ਪ੍ਰਚਾਰਕ ਥਾਪੇ। ਪ੍ਰਚਾਰਕ ਨੇ ਗੁਰ-ਉਪਦੇਸ਼ ਸਰਵਣ ਕਰਾਉਣ ਵੇਲੇ ਆਪਣੇ ਸਾਹਮਣੇ ਬੈਠੀ ਸੰਗਤ ਵੱਲ ਨਿਗਾਹ ਮਾਰਨੀ ਹੁੰਦੀ ਹੈ। ਜਿਸ ਲਈ ਉਸਨੂੰ ਉਚੇ ਥਾਂ ਬੈਠਣਾ ਪੈਂਦਾ ਹੈ। ਉਚੇ ਥਾਂ ਲਈ ਆਮ ਤੌਰ 'ਤੇ ਮੰਜੀ ਹੀ ਵਰਤੀ ਜਾਂਦੀ ਸੀ। ਜਿਸ ਉਤੇ ਬੈਠ ਕੇ ਪ੍ਰਚਾਰਕ ਸੰਗਤ ਨੂੰ ਗੁਰਮਤਿ ਦੀ ਕਥਾ ਸੁਣਾਉਂਦਾ ਸੀ। ਹਰੇਕ ਸਿੱਖ ਆਪਣੇ-ਆਪ ਪ੍ਰਚਾਰਕ ਨਹੀਂ ਸੀ ਬਣ ਜਾਂਦਾ। ਪ੍ਰਚਾਰ ਉਹੀ ਕਰਦਾ ਸੀ, ਜਿਸਨੂੰ ਸਤਿਗੁਰੂ ਵੱਲੋਂ ਪ੍ਰਵਾਨਗੀ ਮਿਲੇ। ਸਿੱਖਾਂ ਵਿਚ ਇਹ ਉਚੀ ਧਾਰਮਿਕ ਪਦਵੀ ਬੜੇ ਸਤਿਕਾਰ ਤੇ ਇਤਬਾਰ ਵਾਲੀ ਸੀ। ਪ੍ਰਚਾਰਕ ਨੂੰ ਮੰਜੀ ਬਖਸ਼ੀ ਵਾਲਾ ਕਿਹਾ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਨੇ ਪਹਿਲੀ ਉਦਾਸੀ ਸਮੇਂ ਯੋਗ ਸਿੱਖਾਂ ਨੂੰ ਮੰਜੀ ਬਖਸ਼ਦੇ ਗਏ। ਗੁਰੂ ਨਾਨਕ ਦੇਵ ਜੀ ਨੇ ਧਰਮਸ਼ਾਲਾ, ਸੰਗਤ, ਲੰਗਰ ਤੇ ਮੰਜੀਆਂ ਆਦਿ ਧਾਰਮਿਕ ਸੰਸਥਾਵਾਂ ਚਲਾਈਆਂ। ਗੁਰੂ ਸਾਹਿਬ ਨੇ ਆਪਣੀਆਂ ਪ੍ਰਚਾਰ ਉਦਾਸੀਆਂ ਪੂਰੀਆਂ ਕਰਨ ਉਪਰੰਤ ਕਰਤਾਰਪੁਰ ਨਿਵਾਸ ਕੀਤਾ। ਇਹ ਸਥਾਨ ਸਿੱਖ ਧਰਮ ਦੀ ਕੇਂਦਰੀ ਧਰਮਸ਼ਾਲਾ ਬਣ ਗਿਆ। ਜਿੱਥੇ ਉਹਨਾਂ ਦੇ ਪੈਰੋਕਾਰ ਗੁਰ-ਦਰਸ਼ਨਾਂ ਲਈ ਇਕੱਠੇ ਹੁੰਦੇ ਸਨ। ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੇ ਧਰਮ ਸੰਕਲਪ ਨੂੰ ਪ੍ਰਚਾਰਨ ਵਾਸਤੇ ਆਪਣੇ ਗੁਰੂ-ਕਾਲ ਦਾ ਸਮਾਂ ਰਾਵੀ ਬਿਆਸ ਦੇ ਪਿੰਡਾਂ ਦੇ ਇਲਾਕੇ ਵਿਚ ਲਾਇਆ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਬਾਕੀ ਗੁਰੂਆਂ ਨੇ ਵੀ ਧਾਰਮਿਕ ਸੰਸਥਾਵਾਂ ਨੂੰ ਮਜ਼ਬੂਤ ਕੀਤਾ ਤੇ ਵਧਾਇਆ। ਗੁਰੂ ਅਮਰਦਾਸ ਜੀ ਨੇ ਮੰਜੀਆਂ ਦੀ ਸੰਸਥਾ ਨੂੰ ਬਕਾਇਦਾ ਨੇਮਬੱਧ ਕੀਤਾ। ਜਾਤਿ ਅਭਿਮਾਨੀਆਂ ਦੀ ਵਿਰੋਧਤਾ ਦੇ ਬਾਵਜੂਦ ਵੀ ਸਿੱਖਾਂ ਦੀ ਗਿਣਤੀ ਵਧਦੀ ਗਈ। ਗੋਇੰਦਵਾਲ ਬਾਉਲੀ ਦੇ ਨਿਰਮਾਣ ਤੱਕ ਸਿੱਖਾਂ ਵਿਚ ਬੜੀ ਜਾਗਰਤੀ ਆ ਚੁੱਕੀ ਸੀ। ਸਮੇਂ ਦੀ ਲੋੜ ਸੀ ਕਿ ਇਸ ਧਰਮ ਪ੍ਰਚਾਰ ਨੂੰ ਮਜ਼ਬੂਤ ਕੀਤਾ ਜਾਵੇ। ਗੁਰੂ ਅਮਰਦਾਸ ਜੀ ਨੇ ਉਦਾਸੀ ਸਾਧੂਆਂ ਤੋਂ ਮੂੰਹ ਮੋੜ ਲਿਆ ਸੀ ਕਿਉਂਕਿ ਉਹ ਬ੍ਰਹਮਚਾਰੀ ਤੇ ਤਿਆਗੀ ਸਨ। ਉਹ ਤਿਆਗ ਵਿਚ ਹੀ ਜੀਵਨ ਗੁਜਾਰ ਰਹੇ ਸਨ। ਗੁਰੂ ਸਾਹਿਬ ਨੇ ਪ੍ਰਚਾਰ ਕੀਤਾ ਕਿ ਸਿੱਖ ਧਰਮ ਵਿਚ ਗ੍ਰਹਿਸਥੀ ਜੀਵਨ ਦੀ ਬੜੀ ਅਹਿਮੀਅਤ ਹੈ, ਜਿਸ ਵਿਚ ਰਹਿ ਕੇ ਬੇਗਰਜ਼ ਸੇਵਾ ਕਰਨ ਤੇ ਜ਼ੋਰ ਦਿੱਤਾ। ਬੇਗਰਜ ਸੇਵਾ ਨੂੰ ਮੁਕਤੀ ਦੇ ਰਾਹ ਨਾਲ ਜੋੜ ਦਿੱਤਾ। ਇਸ ਧਾਰਮਿਕ ਪ੍ਰੇਰਨਾ ਨਾਲ ਵਧੇਰੇ ਸੰਗਤਾਂ ਸਿੱਖ ਧਰਮ ਨਾਲ ਜੁੜੀਆਂ।

ਗੁਰੂ ਅਮਰਦਾਸ ਜੀ ਨੇ ਸਿੱਖ ਵਸੋਂ ਦੇ ਇਲਾਕਿਆਂ ਨੂੰ 22 ਹਿੱਸਿਆਂ ਵਿਚ ਵੰਡਿਆ ਅਤੇ 22 ਮੰਜੀਆਂ ਥਾਪੀਆਂ। ਨਾਲ ਹੀ 22 ਸਿਆਣੇ ਪੈਰੋਕਾਰਾਂ ਨੂੰ 22 ਮੰਜੀਆਂ ਦੇ ਪ੍ਰਚਾਰ ਕੇਂਦਰਾਂ ਤੇ ਨਿਯੁਕਤ ਕੀਤਾ। ਉਹ ਆਪਣੇ ਇਲਾਕੇ ਦੇ ਧਾਰਮਿਕ ਮੁਖੀ ਹੁੰਦੇ ਸਨ। ਉਹ ਸੰਗਤਾਂ ਦੀਆਂ ਧਾਰਮਿਕ ਤੇ ਸੰਸਾਰਕ ਲੋੜਾਂ ਦਾ ਧਿਆਨ ਰੱਖਦੇ ਸਨ। ਉਹ ਸੰਗਤ ਨੂੰ ਗੁਰੂ ਨਾਲ ਜੋੜਨ ਲਈ ਪੁਲ ਦਾ ਕੰਮ ਕਰਦੇ ਸਨ। ਗੁਰੂ ਦਾ ਹੁਕਮ ਸੰਗਤਾਂ ਤੱਕ ਪਹੁੰਚਾਉਂਦੇ ਸਨ। ਸੰਗਤਾਂ ਦੀਆਂ ਮਨੋਕਾਮਨਾਵਾਂ ਗੁਰੂ ਦੇ ਧਿਆਨ ਵਿਚ ਲਿਆਉਂਦੇ ਸਨ। ਉਹ ਚੜ੍ਹਾਵਾ ਇਕੱਠਾ ਕਰਕੇ ਕੇਂਦਰੀ ਖਜ਼ਾਨੇ ਵਿਚ ਭੇਜਦੇ ਸਨ, ਜਿੱਥੇ ਗੁਰੂ ਮਾਇਆ ਨੂੰ ਸਾਂਝੇ ਕਾਰਜਾਂ ਵਾਸਤੇ ਵਰਤਦੇ ਸਨ। ਗੁਰੂ ਅਰਜਨ ਦੇਵ ਜੀ ਨੇ ਇਹਨਾਂ ਚੜਾਵਿਆਂ ਨੂੰ ਨੇਮਬੱਧ ਕੀਤਾ। ਉਹਨਾਂ ਨੇ ਸਾਂਝੇ ਕਾਰਜਾਂ ਵਾਸਤੇ ਹਰ ਇਕ ਸਿੱਖ ਲਈ ਦਸਵੰਧ (ਆਪਣੀ ਆਮਦਨ ਦਾ ਦਸਵਾਂ ਹਿੱਸਾ) ਦੇਣਾ ਨਿਯਚਿਤ ਕੀਤਾ। ਗੁਰੂ ਅਮਰਦਾਸ ਜੀ ਨੇ ਆਪਣਾ ਪ੍ਰਚਾਰ ਕੇਂਦਰ ਗੋਇੰਦਵਾਲ ਬਣਾਇਆ। ਜਿੱਥੇ ਸਿੱਖ ਸੰਗਤਾਂ ਸਮਾਗਮਾਂ ਤੇ ਇਕੱਠੀਆਂ ਹੁੰਦੀਆਂ। ਗੁਰੂ ਰਾਮਦਾਸ ਤੇ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਤੇ ਤਰਨਤਾਰਨ ਪ੍ਰਚਾਰ ਕੇਂਦਰ ਬਣਾਏ। ਬਾਅਦ ਵਿਚ ਅੰਮ੍ਰਿਤਸਰ ਸਿੱਖਾਂ ਲਈ ਇਕ ਕੇਂਦਰੀ ਧਾਰਮਿਕ ਕੇਂਦਰ ਬਣਿਆ।

ਜਿਹਨਾਂ ਗੁਰਸਿੱਖਾਂ ਨੂੰ ਮੰਜੀਆਂ (ਉਪਦੇਸ਼ਕ ਗੱਦੀਆਂ) ਬਖਸ਼ੀਆਂ ਦਾ ਜੀਵਨ ਵੇਰਵਾ ਦਿੱਤਾ ਜਾਂਦਾ ਹੈ:-

**1. ਅੱਲਾਯਾਰ:** ਉਹ ਅੱਲਾ ਸ਼ਾਹ ਦੇ ਨਾਮ ਤੋਂ ਵੀ ਜਾਣਿਆ ਜਾਂਦਾ ਸੀ। ਜੋ ਦਿੱਲੀ ਅਤੇ ਲਾਹੌਰ ਵਿਚਕਾਰ ਘੋੜਿਆਂ ਦਾ ਵਪਾਰ ਕਰਦਾ ਸੀ। ਦਿੱਲੀ ਤੋਂ ਪਰਤਦਿਆਂ ਬਿਆਸ ਕੰਢੇ ਡੱਲਾ ਨਿਵਾਸੀ ਪਾਰੋ ਜੀ ਮਿਲ ਪਏ। ਜਿਸ ਤੋਂ ਇਸਦੇ ਦਿਲ ਵਿਚ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਦੀ ਤਾਂਘ ਪੈਦਾ ਹੋਈ। ਸਤਿਗੁਰ ਜੀ ਕੋਲ ਗੋਇੰਦਵਾਲ ਉਸਨੇ ਸਿੱਖ ਧਾਰਨ ਕੀਤੀ। ਇਸਦਾ ਜੀਵਨ ਗੁਰਮੁਖ ਸਿੱਖਾਂ ਵਿਚ ਗਿਣਿਆ ਜਾਂਦਾ ਹੈ। ਗੁਰੂ ਜੀ ਨੇ ਇਸਨੂੰ ਧਰਮ ਪ੍ਰਚਾਰ ਦੀ ਸੇਵਾ ਸੌਂਪ ਦਿੱਤੀ।

**2. ਸੱਚਨ ਸੱਚ:** ਇਹ ਲਾਹੌਰ ਦੀ ਤਹਿਸੀਲ ਸ਼ਕਰਪੁਰ ਦੇ ਪਿੰਡ ਮੰਦਰ ਦੇ ਰਹਿਣ ਵਾਲਾ ਇਕ ਬ੍ਰਾਹਮਣ ਸੀ। ਇਹ ਗੁਰੂ ਅਮਰਦਾਸ ਜੀ ਕੋਲ ਸਿੱਖ ਬਣਿਆ। ਸੱਚਨ ਸੱਚ ਸ਼ਬਦ ਹਰ ਵੇਲੇ ਕਹਿਣ ਦੀ ਇਸਦੀ ਆਦਤ ਸੀ। ਇਸਦਾ ਨਾਮ ਹੀ ਸੱਚਨ ਸੱਚ ਪ੍ਰਸਿੱਧ ਹੋ ਗਿਆ। ਜਦੋਂ ਭਾਈ ਸਾਵਣ ਮਲ ਦੇ ਨਾਲ ਆਏ ਹਰੀਪੁਰ ਕਾਂਗੜਾ ਦੇ ਰਾਜੇ ਦੀ ਇਕ ਰਾਣੀ ਪਾਗਲ ਹੋ ਗਈ ਸੀ। ਰਾਜਾ ਉਸਨੂੰ ਗੋਇੰਦਵਾਲ ਹੀ ਛੱਡ ਗਿਆ। ਜਦੋਂ ਉਹ ਅਰੋਗ ਹੋ ਗਈ ਤਾਂ ਗੁਰੂ ਅਮਰਦਾਸ ਜੀ ਨੇ ਉਸਦਾ ਵਿਆਹ ਸੱਚਨ ਸੱਚ ਨਾਲ ਕਰਵਾ ਦਿੱਤਾ। ਇਹ ਜੋੜਾ ਸਾਰੀ ਉਮਰ ਗੁਰਮਤਿ ਦਾ ਪ੍ਰਚਾਰ ਕਰਦਾ ਰਿਹਾ। ਸਤਿਗੁਰੂ ਜੀ ਨੇ ਭਾਈ ਸੱਚਨ ਸੱਚ ਨੂੰ ਮੰਜੀ ਬਖਸ਼ ਦਿੱਤੀ।

**3. ਸਾਧਾਰਨ-** ਇਹ ਗੋਇੰਦਵਾਲ ਦੇ ਰਹਿਣ ਵਾਲਾ ਇਕ ਲੋਹਾਰ ਸੀ। ਗੁਰੂ ਅਮਰਦਾਸ ਜੀ ਕੋਲ ਸਿੱਖ ਬਣਿਆ। ਇਸਦੀ ਸੇਵਾ ਅਤੇ ਸ਼ਰਧਾ ਭਾਵਨਾ ਤੋਂ ਪ੍ਰਭਾਵਿਤ ਹੋ ਕੇ ਸਤਿਗੁਰੂ ਜੀ ਨੇ ਇਸਨੂੰ ਪ੍ਰਚਾਰਕ ਥਾਪ ਦਿੱਤਾ।

**4. ਸਾਵਣ ਮੱਲ-** ਇਹ ਗੁਰੂ ਅਮਰਦਾਸ ਜੀ ਦਾ ਭਤੀਜਾ ਸੀ। ਜਦੋਂ ਗੋਇੰਦ-ਵਾਲ ਵਿਚ ਗੁਰਦੁਆਰਾ ਅਤੇ ਸੰਗਤਾਂ ਲਈ ਮਕਾਨ ਬਣ ਰਹੇ ਸੀ ਤਾਂ ਗੁਰੂ ਜੀ ਨੇ ਇਸਨੂੰ ਪਹਾੜੀ ਲੱਕੜ ਲਿਆਉਣ ਲਈ ਹਰੀਪੁਰ ਵੱਲ ਭੇਜਿਆ। ਸਾਵਣ ਮਲ ਉਸ ਇਲਾਕੇ ਦਾ ਪ੍ਰਚਾਰਕ ਵੀ ਸੀ। ਇਸੇ ਰਾਹੀਂ ਹੀ ਹਰੀਪੁਰ ਦਾ ਰਾਜਾ ਪਰਿਵਾਰ ਸਮੇਤ ਗੁਰੂ ਜੀ ਦਾ ਸਿੱਖ ਬਣਿਆ। ਗੁਰੂ ਜੀ ਨੇ ਭਾਈ ਸਾਵਣ ਮੱਲ ਨੂੰ ਮੰਜ ਬਖਸ਼ੀ ਸੀ।

**5. ਸੁੱਖਣ-** ਇਹ ਜ਼ਿਲ੍ਹਾ ਰਾਵਲਪਿੰਡੀ ਦੇ ਨਗਰ ਧਮਿਆਣਾ ਦੇ ਰਹਿਣ ਵਾਲਾ ਸੀ। ਜਾਤਿ ਦਾ ਖੱਤਰੀ ਪਹਿਲਾਂ ਦੁਰਗਾ ਦਾ ਭਗਤ ਸੀ। ਗੁਰੂ ਅਮਰਦਾਸ ਜੀ ਕੋਲ ਰਹਿ ਕੇ ਸਿੱਖ ਬਣਿਆ। ਇਸਦਾ ਜੀਵਨ ਇਤਨਾ ਉੱਚਾ ਸੀ ਕਿ ਸਤਿਗੁਰੂ ਜੀ ਨੇ ਪੋਠੋਹਾਰ ਦੇ ਇਲਾਕੇ ਵਿਚ ਪ੍ਰਚਾਰ ਕਰਨ ਲਈ ਮੰਜੀ ਬਖਸ਼ੀ।

**6. ਹੰਦਾਲ-** ਇਹ ਅੰਮ੍ਰਿਤਸਰ ਦੇ ਜੰਡਿਆਲਾ ਦਾ ਵਸਨੀਕ ਸੀ। ਜਾਤਿ ਦਾ ਜੱਟ। ਇਹ ਗੁਰੂ ਅਮਰਦਾਸ ਜੀ ਦਾ ਪਿਆਰਾ ਸਿੱਖ ਬਣਿਆ। ਲੰਗਰਾਂ ਦੀ ਸੇਵਾ ਬੜੇ ਪਿਆਰ ਅਤੇ ਸ਼ਰਧਾ ਨਾਲ ਕਰਦਾ ਸੀ। ਸਤਿਗੁਰੂ ਜੀ ਨੇ ਪ੍ਰਭਾਵਿਤ ਹੋ ਕੇ ਇਸਨੂੰ ਮੰਜੀ ਬਖਸ਼ੀ। ਇਸ ਦੇ ਨਗਰ ਦਾ ਨਾਮ ਜੰਡਿਆਲਾ ਗੁਰੂ ਪ੍ਰਸਿੱਧ ਹੋਇਆ। ਹਰ ਵੇਲੇ ਨਿਰੰਜਨ ਮੂਹੋਂ ਆਖਣ ਕਰਕੇ ਇਸ ਦੀ ਸੰਪ੍ਰਦਾਇ ਦਾ ਨਾਮ ਨਿਰੰਜਨੀਏ ਪੈ ਗਿਆ। ਭਾਈ ਹੰਦਾਲ ਦਾ ਪੁੱਤਰ ਬਿਧੀਚੰਦ ਕੁਰਾਹੇ ਪੈ ਗਿਆ। ਉਸਨੇ ਭਾਈ ਬਾਲੇ ਦੇ ਨਾਮ ਉਤੇ ਗੁਰੂ ਨਾਨਕ ਦੇਵ ਜੀ ਦੀ ਇਕ ਜਨਮ ਸਾਖੀ ਲਿਖੀ। ਜਿਸ ਵਿਚ ਬਹੁਤ ਸਾਰੀਆਂ ਮਨਮਾਨੀਆਂ ਗੱਲਾਂ ਦਰਜ ਕਰ ਦਿੱਤੀਆਂ।

**7. ਕੇਦਾਰੀ-** ਭਾਈ ਕੇਦਾਰੀ ਬਟਾਲਾ (ਜ਼ਿਲ੍ਹਾ ਗੁਰਦਾਸਪੁਰ) ਦਾ ਰਹਿਣ ਵਾਲਾ ਸੀ। ਜਾਤੀ ਦਾ ਲੂੰਬਾ ਖੱਤਰੀ ਸੀ। ਸਤਿਗੁਰੂ ਜੀ ਦਾ ਪ੍ਰਸਿੱਧ ਸਿੱਖ ਹੋਇਆ ਹੈ। ਗੁਰੂ ਅਮਰਦਾਸ ਜੀ ਨੇ ਇਸਨੂੰ ਪ੍ਰਚਾਰਕ ਮੰਜੀ ਬਖਸ਼ੀ।

**8. ਖੇਡਾ-** ਇਹ ਖੇਮਕਰਨ (ਲਾਹੌਰ) ਦਾ ਵਸਨੀਕ ਬ੍ਰਾਹਮਣ ਸੀ। ਪਹਿਲਾਂ ਦੁਰਗਾ ਦਾ ਭਗਤ ਸੀ। ਗੁਰੂ ਅਮਰਦਾਸ ਜੀ ਦਾ ਬੜਾ ਪਿਆਰਾ ਸਿੱਖ ਪ੍ਰਸਿੱਧ ਹੋਇਆ। ਸਤਿਗੁਰੂ ਜੀ ਨੇ ਇਸਨੂੰ ਸਿੱਖੀ ਦਾ ਪ੍ਰਚਾਰਕ ਥਾਪ ਕੇ ਮੰਜੀ ਬਖਸ਼ੀ।

**9. ਗੰਗੂਸ਼ਾਹ-** ਇਹ ਗੜ੍ਹਸ਼ੰਕਰ ਦਾ ਰਹਿਣ ਵਾਲਾ ਬਸੀ ਖੱਤਰੀ ਸੀ। ਗੁਰੂ ਅਮਰਦਾਸ ਜੀ ਦਾ ਸਿੱਖ ਬਣ ਕੇ ਉੱਚਾ ਜੀਵਨ ਪ੍ਰਾਪਤ ਕੀਤਾ। ਸਤਿਗੁਰੂ ਜੀ ਨੇ ਇਸਨੂੰ ਰਿਆਸਤ ਸਰਮੌਰ ਦੇ ਇਲਾਕੇ ਦਾ ਪ੍ਰਚਾਰਕ ਬਣਾਇਆ। ਭਾਈ ਗੰਗੂ ਰਾਮ ਦਾ ਪ੍ਰਸਿੱਧ ਅਸਥਾਨ ਦਾਉਂ ਹੈ। ਇਸਦੀ ਸੰਪਰਦਾਇ ਦੇ ਪੈਰੋਕਾਰਾਂ ਨੂੰ ਗੰਗੂਸ਼ਾਹੀ ਕਹਿੰਦੇ ਹਨ। ਗੰਗੂਸ਼ਾਹ ਦਾ ਪੜੋਤਾ ਭਾਈ ਜਵਾਹਰ ਸਿੰਘ ਦਾ ਦੇਹੁਰਾ ਖਟਕੜ ਕਲਾਂ ਵਿਚ ਹੈ।

**10. ਦਰਬਾਰੀ-** ਜਾਤਿ ਦਾ ਲੂੰਬਾ ਖੱਤਰੀ ਦਰਬਾਰੀ ਨਗਰ ਮਜੀਠਾ ਦਾ ਰਹਿਣ ਵਾਲਾ ਸੀ।

**11. ਪਾਰੋ-** ਜਾਤਿ ਦਾ ਜੁਲਕਾ ਖੱਤ੍ਰੀ ਭਾਈ ਪਾਰੋ ਡੱਲੇ ਦਾ ਰਹਿਣ ਵਾਲਾ ਸੀ। ਇਹ ਗੁਰੂ ਅੰਗਦ ਦੇਵ ਜੀ ਦਾ ਸਿੱਖ ਬਣਿਆ ਸੀ। ਗੁਰੂ ਅਮਰਦਾਸ ਜੀ ਦੀ ਸ਼ਰਨ ਵਿਚ ਰਹਿ ਕੇ ਸੇਵਾ ਭਾਵਨਾ ਨਾਲ 'ਪਰਮਹੰਸ' ਦੀ ਪਦਵੀ ਪਾਈ। ਸਤਿਗੁਰੂ ਜੀ ਨੇ ਇਸਨੂੰ ਪ੍ਰਚਾਰਕ ਮੰਜੀ ਬਖਸ਼ੀ। ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸੁਹਰਾ ਭਾਈ ਨਾਰਾਇਣ ਦਾਸ ਇਸੇ ਦੀ ਕੁਲ ਵਿਚੋਂ ਸੀ।

**12. ਫੇਰਾ-** ਇਹ ਮੀਰਪੁਰ (ਜੰਮੂ) ਇਲਾਕੇ ਦਾ ਵਸਨੀਕ ਸੀ। ਜਾਤਿ ਦਾ ਕਟਾਰਾ ਖੱਤ੍ਰੀ ਸੀ। ਭਾਈ ਫੇਰਾ ਪਹਿਲਾਂ ਜੋਗੀਆਂ ਦਾ ਚੇਲਾ ਸੀ। ਫਿਰ ਗੁਰੂ ਅਮਰਦਾਸ ਜੀ ਦਾ ਸਿੱਖ ਬਣ ਕੇ ਆਤਮ ਗਿਆਨੀ ਹੋਇਆ। ਸਤਿਗੁਰੂ ਜੀ ਨੇ ਇਸਨੂੰ ਪ੍ਰਚਾਰਕ ਮੰਜੀ ਬਖਸ਼ੀ। ਇਸ ਨੇ ਪਹਾੜੀ ਇਲਾਕੇ ਵਿਚ ਬਹੁਤ ਪ੍ਰਚਾਰ ਕੀਤਾ।

**13. ਬੂਆ-** ਇਹ ਤ੍ਰੇਹਣ ਜਾਤਿ ਦਾ ਖੱਤ੍ਰੀ ਸੀ। ਗੁਰੂ ਅਮਰਦਾਸ ਜੀ ਦਾ ਸਿੱਖ ਬਣ ਕੇ 'ਪਰਮਹੰਸ' ਪਦਵੀ ਨੂੰ ਪ੍ਰਾਪਤ ਹੋਇਆ। ਸਤਿਗੁਰੂ ਜੀ ਨੇ ਇਸਨੂੰ ਪ੍ਰਚਾਰਕ ਮੰਜੀ ਬਖਸ਼ੀ। ਇਸ ਦੀ ਸੰਤਾਨ ਹਰਿਗੋਬਿੰਦਪੁਰ ਦੀ ਵਾਸੀ ਸੀ।

**14. ਬੇਣੀ-** ਚੂਹਨੀਆਂ (ਲਾਹੌਰ) ਦਾ ਵਸਨੀਕ ਪੰਡਿਤ ਬੇਣੀ ਬੜਾ ਵਿਦਵਾਨ ਸੀ। ਸ਼ਾਸਤ੍ਰਾਰਥ ਕਰਕੇ ਜਿੱਤਾਂ ਜਿੱਤਦਾ। ਜਦੋਂ ਗੋਇੰਦਵਾਲ ਗੁਰੂ ਅਮਰਦਾਸ ਜੀ ਦੀ ਸ਼ਰਨ ਵਿਚ ਆਇਆ ਤਾਂ ਵਿਦਿਆ-ਅਭਿਮਾਨ ਛੱਡ ਦਿੱਤਾ। ਸਤਿਗੁਰੂ ਜੀ ਦਾ ਸਿੱਖ ਬਣ ਗਿਆ। ਸਤਿਗੁਰੂ ਜੀ ਨੇ ਇਸਨੂੰ ਸਿੱਖ ਧਰਮ ਦਾ ਪ੍ਰਚਾਰ ਕਰਨ ਦਾ ਕੰਮ ਸੌਂਪਿਆ। ਇਸ ਦਾ ਨਾਮ ਕਈ ਥਾਂ ਬੇਣੀ ਮਾਧੋ ਵੀ ਲਿਖਿਆ ਹੈ। ਪੰਡਤ ਹਰਦਿਆਲ ਕਵੀ ਇਸੇ ਦੀ ਹੀ ਕੁਲ ਵਿਚੋਂ ਸੀ। ਜਿਸਨੇ ਸਾਰੁਕਤਾਵਲੀ ਅਤੇ ਵੈਰਾਗ ਸ਼ਤਕ ਦਾ ਸੁੰਦਰ ਉਲੱਥਾ ਕੀਤਾ।

**15. ਮਹੇਸ਼ਾ-** ਸੁਲਤਾਨਪੁਰ ਦਾ ਰਹਿਣ ਵਾਲਾ ਧੀਰ ਜਾਤਿ ਦਾ ਖੱਤ੍ਰੀ ਸੀ। ਜਿਸਨੂੰ ਪ੍ਰਚਾਰਕ ਮੰਜੀ ਪ੍ਰਾਪਤ ਹੋਈ।

**16. ਮਾਈਦਾਸ-** ਮਾਝੇ ਦੇ ਨਰੋਲੀ ਪਿੰਡ ਦਾ ਵਸਨੀਕ ਸੀ। ਪਹਿਲਾਂ ਵੈਸ਼ਨਵ ਮਤ ਦਾ ਧਾਰਨੀ ਸੀ। ਗੁਰੂ ਅਮਰਦਾਸ ਜੀ ਦੀ ਸ਼ਰਨ ਵਿਚ ਆਇਆ। ਭਾਈ ਮਾਣਕ ਚੰਦ ਦੀ ਸੰਗਤ ਵਿਚ ਆਤਮ ਗਿਆਨੀ ਹੋਇਆ ਸਤਿਗੁਰੂ ਜੀ ਨੇ ਇਸਨੂੰ ਪ੍ਰਚਾਰਕ ਮੰਜੀ ਸੌਂਪੀ। ਮਾਝੇ ਦੇ ਇਲਾਕੇ ਵਿਚ ਇਸਨੇ ਸਿੱਖ ਧਰਮ ਦਾ ਬਹੁਤ ਪ੍ਰਚਾਰ ਕੀਤਾ।

**17. ਮਾਣਕ ਚੰਦ-** ਵੈਰੋਵਾਲ (ਅੰਮ੍ਰਿਤਸਰ) ਦਾ ਰਹਿਣ ਵਾਲਾ ਪਥਰੀਆ ਖੱਤ੍ਰੀ ਸੀ। ਇਸਨੇ ਗੋਇੰਦਵਾਲ ਦੀ ਬਾਉਲੀ ਦਾ ਕੜ ਤੋੜਿਆ ਸੀ। ਉਹ ਡੁੱਬ ਗਿਆ ਸੀ, ਪਰ ਬਚ ਗਿਆ ਸੀ। ਗੁਰੂ ਅਮਰਦਾਸ ਜੀ ਨੇ ਇਸਦਾ ਨਾਂ ਮਰਜੀਵੜਾ ਰੱਖਿਆ। ਇਸਦੀ ਸੰਤਾਨ ਵੈਰੋਵਾਲ ਵਿਚ ਮਰਜੀਵੜੇ ਨਾਮ ਤੇ ਪ੍ਰਸਿੱਧ ਹੋਈ। ਭਾਈ ਮਾਣਕ ਚੰਦ ਦੀ ਸੰਗਤ ਵਿਚ ਹੀ ਪੰਡਤ ਮਾਈਦਾਸ ਬੈਰਾਗੀ ਗੁਰਸਿੱਖੀ ਵੱਲ ਆਇਆ।

**18. ਮੁਰਾਰੀ-** ਜ਼ਿਲ੍ਹਾ ਲਾਹੌਰ ਦੇ ਪਿੰਡ ਖਾਈ ਦਾ ਰਹਿਣ ਵਾਲਾ ਪ੍ਰੇਮਾ ਖੱਤ੍ਰੀ ਸੀ। ਇਸਨੂੰ ਕੋੜ੍ਹ ਹੋ ਗਿਆ ਸੀ। ਗੁਰੂ ਅਮਰਦਾਸ ਜੀ ਦੀ ਕਿਰਪਾ ਨਾਲ ਅਰੋਗ ਹੋ ਗਿਆ। ਸਤਿਗੁਰੂ ਜੀ ਨੇ ਇਸਦਾ ਨਾਂ ਮੁਰਾਰੀ ਰੱਖ ਦਿੱਤਾ। ਉਪਲ ਜਾਤਿ ਦੇ ਖੱਤ੍ਰੀ ਭਾਈ ਸ਼ੀਂਹੇ ਨੇ ਸਤਿਗੁਰੂ ਜੀ ਦੀ ਆਗਿਆ ਨਾਲ ਆਪਣੀ ਪੁੱਤਰੀ ਮੱਥੋ ਦਾ ਵਿਆਹ ਮੁਰਾਰੀ ਨਾਲ ਕਰ ਦਿੱਤਾ। ਇਸ ਜੋੜੀ ਨੇ ਗੁਰਮਤਿ ਦਾ ਬੜਾ ਪ੍ਰਚਾਰ ਕੀਤਾ। ਦੋਹਾਂ ਦਾ ਰਲਵਾਂ ਨਾਂ 'ਮਥੋ ਮੁਰਾਰੀ' ਸਿੱਖ ਇਤਿਹਾਸ ਵਿਚ ਪ੍ਰਸਿੱਧ ਹੋ ਗਿਆ। ਸਤਿਗੁਰੂ ਜੀ ਨੇ ਮੱਥੋ ਮੁਰਾਰੀ ਨੂੰ ਪ੍ਰਚਾਰਕ ਮੰਜੀ ਬਖਸ਼ੀ।

**19. ਰਾਜਾ ਰਾਮ-** ਇਹ ਇਕ ਸਾਰਸਵਤ ਬ੍ਰਾਹਮਣ ਸੀ। ਜਿਸਨੇ ਗੁਰੂ ਅਮਰਦਾਸ ਜੀ ਦਾ ਸਿੱਖ ਬਣ ਕੇ ਜਾਤਿ ਦਾ ਅਭਿਮਾਨ ਛੱਡ ਦਿੱਤਾ। ਸਤਿਗੁਰੂ ਜੀ ਨੇ ਇਸਨੂੰ ਪ੍ਰਚਾਰਕ ਮੰਜੀ ਬਖਸ਼ੀ। ਭਾਈ ਰਾਜਾ ਰਾਮ ਦੀ ਸੰਤਾਨ ਪਿੰਡ ਸੰਧਮਾ (ਜਲੰਧਰ) ਦੀ ਵਾਸੀ ਸੀ।

**20. ਰੰਗ ਸ਼ਾਹ-** ਜ਼ਿਲ੍ਹਾ ਜਲੰਧਰ ਦੇ ਪਿੰਡ ਮੱਲ੍ਹਪੋਤ ਦਾ ਇਕ ਅਰੋੜਾ ਸੀ। ਗੁਰੂ ਅਮਰਦਾਸ ਜੀ ਦਾ ਸਿੱਖ ਬਣ ਕੇ ਆਪਣੀ ਉਮਰ ਸਿੱਖ ਧਰਮ ਦੇ ਪ੍ਰਚਾਰ ਵਿਚ ਲਾ ਦਿੱਤੀ। ਸਤਿਗੁਰੂ ਜੀ ਨੇ ਇਸਨੂੰ ਪ੍ਰਚਾਰਕ ਮੰਜੀ ਬਖਸ਼ੀ। ਭਾਈ ਰੰਗ ਸ਼ਾਹ ਨੇ ਦੁਆਬੇ ਵਿਚ ਪ੍ਰਚਾਰ ਕੀਤਾ। ਇਸਦੀ ਸੰਤਾਨ ਬੰਗਿਆ ਦੀ ਵਾਸੀ ਸੀ।

**21. ਰੰਗਦਾਸ-** ਜ਼ਿਲ੍ਹਾ ਅੰਬਾਲਾ ਦੇ ਪਿੰਡ ਘੜੂਆਂ ਦਾ ਵਾਸੀ। ਪਹਿਲਾਂ ਵੈਰਾਗੀਆਂ ਦਾ ਚੇਲਾ ਸੀ। ਗੁਰੂ ਅਮਰਦਾਸ ਜੀ ਦਾ ਸਿੱਖ ਬਣਿਆ। ਸਤਿਗੁਰੂ ਜੀ ਨੇ ਇਸਨੂੰ ਪ੍ਰਚਾਰਕ ਮੰਜੀ ਬਖਸ਼ੀ। ਭਾਈ ਰੰਗਦਾਸ ਦੀ ਸੰਤਾਨ ਪਿੰਡ ਘੜੂਆ ਵਾਸੀ ਸੀ।

**22. ਲਾਲੋ-** ਡੱਲੇ ਦੇ ਰਹਿਣ ਵਾਲਾ ਸੱਭਰਵਾਲ ਖੱਤ੍ਰੀ ਸੀ। ਗੁਰੂ ਅਮਰਦਾਸ ਜੀ ਦਾ ਸਿੱਖ ਬਣਿਆ। ਭਾਈ ਲਾਲੋ ਆਪਣੇ ਇਲਾਕੇ ਦਾ ਉਘਾ ਵੈਦ ਵੀ ਸੀ। ਤੇਈਏ ਤਾਪ ਦਾ ਇਲਾਜ ਕਰਨ ਵਿਚ ਕਮਾਲ ਰੱਖਦਾ ਸੀ। ਸਤਿਗੁਰੂ ਜੀ ਨੇ ਇਸਨੂੰ ਪ੍ਰਚਾਰਕ ਮੰਜੀ ਬਖਸ਼ੀ।

## ਪੁਸਤਕ ਸਮੀਖਿਆ

**ਦੋ ਤੇਰੀਆਂ ਦੋ ਮੇਰੀਆਂ**
**ਰੀਵਿਊਕਾਰ: ਬਲਜਿੰਦਰ ਮਾਨ 98150- 18947**
**ਸੰਪਾਦਕ: ਬਹਾਦਰ ਸਿੰਘ ਗੋਸਲ,**
**ਪ੍ਰਕਾਸ਼ਕ: ਤਰਲੋਚਨ ਪਬਲਿਸ਼ਰਜ਼ ਚੰਡੀਗੜ੍ਹ,**
**ਪੰਨੇ: 120, ਮੁੱਲ: 200 ਰੁਪਏ**

ਪ੍ਰਿੰਸੀਪਲ ਬਹਾਦਰ ਸਿੰਘ ਗੋਸਲ ਸਾਹਿਤ ਦਾ ਭਰ ਵਗਦਾ ਦਰਿਆ ਨੇ। ਉਹਨਾਂ ਨੇ ਬਾਲ ਸਾਹਿਤ ਦੀਆਂ 70 ਤੇ ਪਰੋੜ ਸਾਹਿਤ ਦੀਆਂ ਲਗਭਗ 30 ਤੋਂ ਵੱਧ ਪੁਸਤਕਾਂ ਰਚੀਆਂ ਹਨ। ਇਸੇ ਤਰ੍ਹਾਂ ਅੱਧੀ ਦਰਜਨ ਦੇ ਕਰੀਬ ਪੁਸਤਕਾਂ ਦਾ ਸੰਪਾਦਨ ਕਾਰਜ ਵੀ ਕੀਤਾ ਹੈ। ਇਸ ਖੇਤਰ ਵਿੱਚ ਉਹ ਦਿਨ ਰਾਤ ਆਪਣਾ ਯੋਗਦਾਨ ਪਾ ਰਹੇ ਹਨ। ਇਤਿਹਾਸਕ ਖੋਜਕਾਰੀ, ਬਾਲ ਸਾਹਿਤ, ਸਿੱਖਿਆ ਅਤੇ ਸਮਾਜਿਕ ਜੀਵਨ ਨਾਲ ਸਬੰਧਤ ਵਿਸ਼ਿਆਂ ਨੂੰ ਆਪਣੀ ਕਲਮ ਦੀਆਂ ਛੋਹਾਂ ਨਾਲ ਨਿਖਾਰਦੇ ਤੇ ਵਿਚਾਰਦੇ ਹਨ। ਆਪ ਅੰਦਰ ਸਮਾਜ ਪ੍ਰਤੀ ਲੋਹੜੇ ਦਾ ਦਰਦ ਹੈ ਜਿਸ ਕਰਕੇ ਉਹ ਸਮਾਜ ਨੂੰ ਸੋਹਣਾ ਤੇ ਸੁਚੱਜਾ ਬਣਾਉਣ ਲਈ ਤਤਪਰ ਰਹਿੰਦੇ ਹਨ। ਉਹਨਾਂ ਦੁਆਰਾ ਸਿਰਜੀ ਹਰ ਕਿਰਤ ਦੇਸ਼ ਕੌਮ ਨੂੰ ਨਰੋਆ ਬਣਾਉਣ ਦਾ ਉਪਰਾਲਾ ਹੈ। ਹਥਲੀ ਪੁਸਤਕ 'ਦੋ ਤੇਰੀਆਂ ਦੋ ਮੇਰੀਆਂ' ਸਾਂਝਾ ਕਾਵਿ ਸੰਗ੍ਰਹਿ ਹੈ ਜੋ ਬਹਾਦਰ ਸਿੰਘ ਗੋਸਲ ਦੁਆਰਾ ਸੰਪਾਦਿਤ ਕੀਤਾ ਗਿਆ ਹੈ। ਇਸ ਵਿੱਚ 42 ਸਾਹਿਤਕਾਰਾਂ ਦੀਆਂ ਦੋ ਦੋ ਕਵਿਤਾਵਾਂ ਦਰਜ ਹਨ ਜਿਨ੍ਹਾਂ ਵਿੱਚੋਂ 17 ਮਰਦ ਕਵੀ ਹਨ। ਕਵੀਆਂ ਦੀਆਂ ਰੰਗਦਾਰ ਤਸਵੀਰਾਂ ਪੁਸਤਕ ਦੇ ਆਕਰਸ਼ਣ ਵਿੱਚ ਵਾਧਾ ਕਰਦੀਆਂ ਹਨ। ਇਸ ਪੁਸਤਕ ਦਾ ਮਨੋਰਥ ਪਾਠਕਾਂ ਨੂੰ ਵਾਤਾਵਰਣ ਸਬੰਧੀ ਸੁਚੇਤ ਕਰਦੇ ਹੋਏ ਆਉਣ ਵਾਲੇ ਸਮੇਂ ਲਈ ਤਿਆਰ ਕਰਨਾ ਹੈ। ਜੇਕਰ ਅਸੀਂ ਗੁਰੂ ਸਾਹਿਬਾਨ ਦੇ ਉਪਦੇਸ਼ ਨੂੰ ਮੰਨਿਆ ਹੁੰਦਾ ਤਾਂ ਅੱਜ ਸਾਡਾ ਜੋ ਹਸ਼ਰ ਹੋ ਰਿਹਾ ਹੈ ਤਾਂ ਸ਼ਾਇਦ ਉਹ ਨਾ ਹੁੰਦਾ।

ਕੁਦਰਤੀ ਵਾਤਾਵਰਣ ਨੂੰ ਪਲੀਤ ਕਰਕੇ ਅਸੀਂ ਆਪਣੇ ਆਪ ਨੂੰ ਮਰੀਜ਼ਾਂ ਦੀ ਸ਼੍ਰੇਣੀ ਵਿੱਚ ਸ਼ਾਮਿਲ ਕਰ ਲਿਆ ਹੈ। ਰੁੱਖਾਂ ਦੀ ਅੰਨ੍ਹੇ ਵਾਹ ਕਟਾਈ ਅਤੇ ਪਹਾੜਾਂ ਦਾ ਰੰਗ ਰੂਪ ਬਦਲਣਾ ਸਾਡੇ ਲਈ ਘਾਤਕ ਸਿੱਧ ਹੋ ਰਿਹਾ ਹੈ। ਜੰਗਲਾਂ, ਪਸ਼ੂ ਪੰਛੀਆਂ ਅਤੇ ਕੁਦਰਤ ਦੁਆਰਾ ਬਖਸ਼ੀਆਂ ਨਿਹਮਤਾਂ ਨੂੰ ਸੰਭਾਲਣ ਦੀ ਵਿਧੀ ਇਹਨਾਂ ਕਵਿਤਾਵਾਂ ਵਿੱਚੋਂ ਦੇਖੀ ਜਾ ਸਕਦੀ ਹੈ। ਪੁਸਤਕ ਵਿਚ ਪਰੌੜ ਕਵੀਆਂ ਦੇ ਨਾਲ ਨਾਲ ਨਵੇਂ ਕਵੀਆਂ ਨੂੰ ਵੀ ਸਥਾਨ ਦਿੱਤਾ ਗਿਆ ਹੈ ਜਿਨ੍ਹਾਂ ਦੀ ਕਵਿਤਾ ਵਿੱਚੋਂ ਭਵਿੱਖ ਦੇ ਸੁਨਹਿਰੇ ਝਲਕਾਰੇ ਦਿਖਾਈ ਦਿੰਦੇ ਹਨ। ਪ੍ਰਿੰਸੀਪਲ ਗੋਸਲ ਨੇ ਆਪਣੀ ਸੰਪਾਦਨ ਕਲਾਂ ਨਾਲ ਇਹਨਾਂ ਕਵਿਤਾਵਾਂ ਨੂੰ ਮਾਨਣ ਯੋਗ ਬਣਾ ਦਿੱਤਾ ਹੈ। ਰੁੱਖ ਤੇ ਮਨੁੱਖ ਤੇ ਰਿਸ਼ਤੇ ਨੂੰ ਦਰਸਾਉਂਦੀਆਂ ਕੁਝ ਕਵਿਤਾਵਾਂ ਸਾਨੂੰ ਰੁੱਖਾਂ ਨਾਲ ਪਿਆਰ ਕਰਨ ਦੀ ਨਸੀਹਤ ਕਰਦੀਆਂ ਹਨ। ਕਵਿਤਰੀ ਮਨਜੀਤ ਕੌਰ ਮੀਤ, ਬਲਜਿੰਦਰ ਕੌਰ ਸ਼ੇਰਗਿੱਲ, ਹਰਸਿਮਰਨ ਕੌਰ, ਹਰਪ੍ਰੀਤ ਕੌਰ, ਰੁਪਿੰਦਰ ਮਾਨ, ਮਨਜੀਤ ਕੌਰ ਗਿੱਲ, ਬਲਵਿੰਦਰ ਕੌਰ, ਪ੍ਰੋਫੈਸਰ ਰਮਨਦੀਪ ਕੌਰ, ਪ੍ਰੋਫੈਸਰ ਸੁਨੀਤਾ ਰਾਣੀ, ਡਾਕਟਰ ਬਲਵਿੰਦਰ ਕੌਰ ਆਦਿ ਕਵਿਤਰੀਆਂ ਦੀਆਂ ਰਚਨਾਵਾਂ ਕਾਬਲੇ ਗੌਰ ਹਨ। ਮੁੱਕ ਰਹੇ ਪਾਣੀ ਅਤੇ ਜੰਗਲਾਂ ਦੇ ਦੁੱਖ ਨੂੰ ਬਾਖੂਬੀ ਬਿਆਨ ਕਰਕੇ ਮਨੁੱਖ ਨੂੰ ਸੁਚੇਤ ਕੀਤਾ ਗਿਆ ਹੈ ਤਾਂ ਕਿ ਉਹ ਕੁਦਰਤੀ ਵਾਤਾਵਰਣ ਦੀ ਸੰਭਾਲ ਕਰੇ। ਕੁਝ ਕਵੀਆਂ ਦੀਆਂ ਕਵਿਤਾਵਾਂ ਤੇ ਅਜੇ ਨਿਖਾਰ ਆਉਣਾ ਬਾਕੀ ਹੈ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਇਹ ਪੁਸਤਕ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੁਚੱਜਾ ਭਵਿੱਖ ਸਿਰਜਣ ਵਾਸਤੇ ਤਿਆਰ ਕਰਦੀ ਹੈ। ਹਰਦੀਪ ਕੌਰ ਵਿਰਕ ਦੀਆਂ ਰੁੱਖ ਬਾਰੇ ਇਹ ਸਤਰਾਂ ਧਿਆਨ ਮੰਗਦੀਆਂ ਹਨ:-




ਸ਼ਾਂਤ ਚਿੱਤ ਤੇ ਅਡੋਲ ਖੜੇ ਨੇ, ਇੱਕ
ਦੂਜੇ ਦੇ ਕੋਲ ਖੜੇ ਨੇ
ਕਿਸੇ ਤੋਂ ਕੁਝ ਵੀ ਲੈਂਦੇ ਨਾ, ਕਿਸੇ ਨੂੰ ਕੁਝ ਵੀ ਕਹਿੰਦੇ ਨਾ
ਮੈਨੂੰ ਲੱਗਦਾ ਅਨਭੋਲ ਬੜੇ ਨੇ, ਕਦੇ ਨਾ ਇੱਕ ਦੂਜੇ ਨਾਲ ਲੜੇ ਨੇ
ਸ਼ਾਂਤ ਚੇਤੇ ਅਡੋਲ ਖੜੇ ਨੇ, ਇੱਕ ਦੂਜੇ ਦੇ ਕੋਲ ਖੜੇ ਨੇ।



# ਪੰਜਾਬੀ ਫ਼ਿਲਮ

ਅੰਮ੍ਰਿਤ ਪਵਾਰ

## ਅਨਮੋਲ ਯਾਦਾਂ ਕਰਮਜੀਤ ਅਨਮੋਲ ਦੀਆਂ

ਅੱਜ ਸੁਪਰ ਸਟਾਰ ਹੈ ਕਰਮਜੀਤ ਅਨਮੋਲ ਜਿਹੜਾ ਗਾਇਕ ਵੀ ਹੈ ਤੇ ਨਾਇਕ ਵੀ ਹੈ। ਕਰਮਜੀਤ ਅਨਮੋਲ ਨੂੰ ਯਾਦ ਹੈ ਕਿਵੇਂ ਉਹ ਛੋਟੇ ਕਿਰਦਾਰ, ਨਿੱਕੇ ਬੈਨਰ ਦੀਆਂ ਫ਼ਿਲਮਜ਼ ਵੀ ਕਰਦੇ ਰਹੇ। ਜਿਸ ਜਯਾ ਪ੍ਰਦਾ ਨੂੰ ਦੇਖਣ ਦੇ ਸੁਪਨੇ ਸਨ ਅੱਜ ਉਹੀ ਜਯਾ ਪ੍ਰਦਾ ਉਹਨਾਂ ਦੀ ਤਰੀਫ ਕਰ ਰਹੀ ਹੈ। ਇੱਕ ਵਾਰ ਐਮ ਪੀ ਦੀ ਚੋਣ ਤੇ ਲੜੀ ਇਸ ਤੋਂ ਵੱਡਾ ਹੋਰ ਕੀ ਸੀ ਐਮ ਭਗਵੰਤ ਮਾਨ ਜੀ ਨਾਲ ਸੰਘਰਸ਼ ਕੀਤਾ। ਅੱਜ ਇਹਾਨਾ ਢਿੱਲੋਂ ਵੀ ਆਖਦੀ ਹੈ ਕਿ ਸੁਰੀਲਾ ਮੁੰਡਾ ਤੇ ਸਾਊ ਐਕਟਰ ਕਰਮਜੀਤ ਅਨਮੋਲ ਹੈ। ਕਰਮਜੀਤ ਅਨਮੋਲ ਹਰ ਰੋਲ ਵਿੱਚ ਜਚੇ ਨੇ ਤੇ ਉਹਨਾਂ ਦਾ ਗਾਇਆ ਗੀਤ "ਯਾਰਾ ਵੇ" ਸਦਾਬਹਾਰ ਗੀਤ ਬਣ ਗਿਆ ਹੈ। ਕਰਮਜੀਤ ਅਨਮੋਲ ਵਾਕਿਆ ਹੀ ਅਨਮੋਲ ਇਨਸਾਨ ਹੈ, ਅਨਮੋਲ ਗਾਇਕ ਹੈ ਤੇ ਅਨਮੋਲ ਨਾਇਕ ਹੈ।ਕਰਮਜੀਤ ਅਨਮੋਲ ਦੀਆਂ ਆ ਰਹੀਆਂ ਫ਼ਿਲਮਜ਼ ਨੇ "ਕੁੜੀਆਂ ਜਵਾਨ ਬਾਪੂ ਪ੍ਰੇਸ਼ਾਨ 2" ਤੇ "ਜਦੋਂ ਦਾ ਮੋਬਾਈਲ ਆ ਗਿਆ"। ਚੜ੍ਹਦੀ ਕਲਾ ਵਿੱਚ ਸਦਾ ਰਹੇ ਸਦਾ ਸਾਡਾ ਪਿਆਰਾ ਗਾਇਕ ਤੇ ਨਾਇਕ ਕਰਮਜੀਤ ਅਨਮੋਲ ਆਫ਼ਰੀਨ।



## ਲਹਿੰਬਰ ਹੁਸੈਨਪੁਰੀ ਆਖੇ ਬੰਨੀ ਸ਼ਰਮਾ ਨੇ ਬਹੁਤ ਕੀਤਾ ਪ੍ਰਮੋਟ

ਵਿਦੇਸ਼ ਪੂਰਾ ਨਾਮ ਸੀ ਲਹਿੰਬਰ ਹੁਸੈਨਪੁਰੀ ਦਾ ਤੇ ਇਧਰ ਪੰਜਾਬ ਵਿੱਚ ਬੰਨੀ ਸ਼ਰਮਾ ਨੇ ਆਪਣੇ ਦੂਰਦਰਸ਼ਨ ਜਲੰਧਰ ਦੇ ਪ੍ਰੋਗਰਾਮ ਵਿੱਚ ਉੱਪਰ ਥੱਲੇ ਲਹਿੰਬਰ ਹੁਸੈਨਪੁਰੀ ਦੇ ਗੀਤ ਪ੍ਰਸਾਰਿਤ ਕਰ ਉਸ ਦੀ ਪਛਾਣ ਵਿੱਚ ਵਾਧਾ ਕੀਤਾ। ਆਖਦੇ ਨੇ ਹੁਸੈਨਪੁਰੀ ਕਿ ਪੰਜਾਬ ਵਿੱਚ ਮੈਨੂੰ ਉਤਸ਼ਾਹਿਤ ਕਰਨ ਵਿੱਚ ਬੰਨੀ ਸ਼ਰਮਾ ਦਾ ਅਹਿਮ ਯੋਗਦਾਨ ਹੈ। ਲਹਿੰਬਰ ਚਾਹੁੰਦੇ ਨੇ ਕਿ ਬੰਨੀ ਸ਼ਰਮਾ ਫਿਰ ਕੋਈ ਸੰਗੀਤ ਨੂੰ ਉਤਸ਼ਾਹਿਤ ਕਰਦਾ ਪ੍ਰੋਗਰਾਮ ਟੀਵੀ ਤੇ ਕਰਨ। ਉਧਰ ਬੰਨੀ ਸ਼ਰਮਾ ਨੇ ਇਸ ਤੇ ਇਹੀ ਕਿਹਾ ਕਿ ਲਹਿੰਬਰ ਹੁਸੈਨਪੁਰੀ ਦੇ ਗੀਤ ਡੀ ਜੇ ਤੇ ਖ਼ੂਬ ਚਲਦੇ ਨੇ ਤੇ ਉਹ ਨਾਮੀ ਗੀਰਾਮੀ ਗਾਇਕ ਹੈ, ਉਹ ਚਾਹੁੰਦੇ ਨੇ ਉਹ ਲਹਿੰਬਰ ਹੁਸੈਨਪੁਰੀ ਨਾਲ ਕੰਮ ਕਰਨ ਤੇ ਇਹ ਕਿਸੇ ਹੋਰ ਈਵੈਂਟ ਨਾਲ ਵੀ ਹੋ ਸਕਦਾ ਹੈ 'ਤੇ ਹੋਏਗਾ।



## ਦਲੇਰ ਮਹਿਤਾ ਨੇ ਵੀ ਕਹਿ ਦਿੱਤਾ ਵਾਮਿਕਾ ਦਾ ਜਵਾਬ ਨਹੀਂ

ਵਾਮੀਕਾ ਗੱਬੀ ਤੇ ਫ਼ਖ਼ਰ ਹੈ ਕਿ ਇਹ ਪੰਜਾਬ ਦੀ ਬੇਟੀ ਬਾਲੀਵੁੱਡ ਦੀ ਸਟਾਰ ਨਾਇਕਾ ਹੈ। ਪੰਜਾਬੀ ਅਦਾਕਾਰ ਦਲੇਰ ਮਹਿਤਾ ਨੇ ਵਾਮੂ ਦੀ ਮਾਤਾ ਸ਼੍ਰੀ ਰਾਜ ਕੌਸ਼ਲ ਨਾਲ "ਤਬਾਹੀ ਰੇਲੋਡਡ" ਫ਼ਿਲਮ ਕੀਤੀ ਸੀ ਤੇ ਦਲੇਰ ਨੇ ਦੱਸਿਆ ਕਿ ਰਾਜ ਜੀ ਆਖਦੇ ਸਨ ਕਿ ਵਾਮਿਕਾ ਵੈੱਬ ਸੀਰੀਜ਼ ਲਈ ਐਵਾਰਡ ਪ੍ਰਾਪਤ ਕਰ ਚੁੱਕੀ ਹੈ ਤੇ ਵਿੱਕੀ ਕੌਸ਼ਲ ਨਾਲ ਫ਼ਿਲਮਾਂ ਕਰ ਰਹੀ ਹੈ। ਦਲੇਰ ਮਹਿਤਾ ਨੇ ਤਦ ਆਪਣੀ ਖਾਹਿਸ਼ ਦੱਸੀ ਕਿ ਉਹ ਇਸ ਮਸੂਮ ਤੇ ਪਿਆਰੀ ਨਾਇਕਾ ਨਾਲ ਫ਼ਿਲਮ ਕਰਨ ਲਈ ਬੇਤਾਬ ਹਨ। ਵਾਮੂ ਕਿਸਮਤ ਵਾਲੀ ਕੁੜੀ ਹੈ ਤੇ ਇਸ ਤਰਾਂ ਉਸ ਨਾਲ ਫ਼ਿਲਮ ਕਰ ਕਿ ਦਲੇਰ ਮਹਿਤਾ ਬਾਲੀਵੁੱਡ ਵਿੱਚ ਸ਼ਾਨਦਾਰ ਪ੍ਰਵੇਸ਼ ਕਰ ਸਕਦੇ ਹਨ । ਵਾਮਿਕਾ ਨੇ ਐਡ ਫ਼ਿਲਮਾਂ ਵਿੱਚ ਵੀ ਖ਼ੂਬ ਨਾਮ ਬਣਾ ਲਿਆ ਹੈ ਤੇ ਸਾਊਥ ਵਾਲੇ ਇਸ ਟੈਲੇਂਟ ਭਰਪੂਰ ਅਦਾਕਾਰਾ ਤੋ ਦਲੇਰ ਮਹਿਤਾ ਅਨੁਸਾਰ ਖ਼ੂਬ ਪ੍ਰਭਾਵਿਤ ਹਨ।



## ਸੁਖਦੀਪ ਗਿੱਲ ਕਦੇ "ਇਸ਼ਕ" ਹੁੰਦਾ ਕਦੇ ਹਰ ਮਹੀਨੇ ਮੰਗਦੀ "ਸੂਟ"

ਗਲੇ ਵਿੱਚ ਸ਼ਹਿਦ ਭਰਿਆ ਹੋਇਆ ਤੇ ਜਦ ਗਾਉਂਦੀ ਹੈ ਸੁਖਦੀਪ ਗਿੱਲ ਤਦ ਅਸ਼ਕੇ ਬਈ ਅਸ਼ਕੇ ਹੁੰਦੀ ਹੈ। ਸੁੱਖ ਨਾਲ ਸੋਹਣੀ ਉਹ ਐਨੀ ਕਿ ਗੋਲ ਮਟੋਲ ਚਿਹਰੇ ਨੂੰ ਤੱਕ ਤੱਕ ਦਿਲ ਧੱਕ ਧੱਕ ਕਰਦਾ ਤੇ ਸਟੇਜ ਤੇ ਕਾਮਯਾਬੀ ਉਸ ਦਾ ਖਲੋਤੇ ਰਹਿਣਾ ਹੀ ਨੋਟ ਵਰਾਉਂਦਾ ਹੈ। ਹੈਪੀ ਆਸਟ੍ਰੇਲੀਆ ਨੇ "ਇਸ਼ਕ" ਗੀਤ ਕੱਢ ਕਿ ਸੁਖਦੀਪ ਗਿੱਲ ਵਾਕਿਆ ਹੀ ਪੰਜਾਬ ਤੋਂ ਆਸਟ੍ਰੇਲੀਆ ਤੱਕ ਮਸ਼ਹੂਰ ਕਰ ਦਿੱਤੀ ਹੈ। ਲੋਕ ਅਗਲੇ ਟਰੈਕ ਨੂੰ ਉਡੀਕ ਰਹੇ ਨੇ ਤੇ ਗਿੱਲਾਂ ਦੀ ਇਹ ਜੱਟੀ ਰੇਸ਼ਮੀ ਜ਼ੁਲਫ਼ਾਂ, ਮਖ਼ਮਲੀ ਆਵਾਜ਼ ਤੇ ਵੰਨ ਸੁਵੰਨੇ ਸੂਟ ਪਹਿਨ ਪਰੀ ਅੰਬਰਸਰ ਦੀ ਲੱਗਦੀ ਹੈ। ਫਿਰ ਹੈਪੀ ਨੇ ਉਸ ਦਾ ਗੀਤ "ਏਵਰੀ ਮਾਂਠ" ਅਰਥਾਤ "ਸੂਟ" ਹਰ ਮਹੀਨੇ ਲਿਆਂਦਾ ਹੈ। ਸੁਖਦੀਪ ਗਿੱਲ ਦੇ ਚਿਹਰੇ ਤੇ ਖ਼ੁਸ਼ੀਆਂ ਦੇ ਦੀਪ ਜਗ ਮਗ ਕਰ ਰਹੇ ਹਨ। ਦੋਗਾਣੇ ਹਰੇਕ ਮਾਝੇ ਦੇ ਕਲਾਕਾਰਾਂ ਨਾਲ ਗਾ ਚੁੱਕੀ ਸੁਖਦੀਪ ਗਿੱਲ ਹੁਣ ਸੁਨੰਦਾ ਸ਼ਰਮਾ ਤੇ ਨਿਮਰਤ ਖੈਹਰਾ ਦੀ ਤਰਾਂ ਇੱਕਲੀ ਟੀਸੀ ਸਰ ਕਰੇਗੀ ਲਿਖ ਕਿ ਲੈ ਲੋ।




## ਕਾਂਸ਼ੀ ਰਾਮ ਚੰਨ "ਪੈੱਗ" ਨਾਲ ਗਾਇਆ ਕਰੂ

ਨਾ ਬਈ ਨਾ ਬੰਦਾ ਪਿਓਰ ਵੈਸ਼ਨੂੰ ਏ ਕਾਂਸ਼ੀ ਰਾਮ ਚੰਨ ਬਸ ਇਹ ਤੇ ਉਸ ਦੇ ਟਰੈਕ ਦਾ ਨਾਮ ਹੈ "ਪੈੱਗ" ਤੇ ਇਹ ਗਾਣਾ ਰਿੜ ਪਿਆ ਹੈ। ਚਲ ਰਿਹਾ ਕਿ ਲਿਖਿਆ ਹੀ ਜੱਸ ਫੈਜ਼ਪੁਰੀ ਨੇ ਵਧੀਆ ਹੈ। ਗੱਲ ਕੀ ਕੀ ਜੱਸ ਫੈਜ਼ਪੁਰੀ ਨੇ "ਪੈੱਗ" ਤਿਆਰ ਕਰ ਕਿ ਹਰੀ ਅਮਿਤ ਦੇ ਮਿਊਜ਼ਿਕ ਵਿੱਚ ਕਾਂਸ਼ੀ ਰਾਮ ਚੰਨ ਨੂੰ ਦਿੱਤਾ ਤੇ ਚੰਨ ਨੇ ਗਾ ਕਿ ਕਾਮਯਾਬੀ ਦਾ ਚੰਨ ਚਾੜ੍ਹ ਦਿੱਤਾ ਹੈ। ਮਲਕੀਤ ਸਿੰਘ ਦਾ ਵੀਡਿਓ ਤੇ ਨਾਲ ਘੁੱਲੇ ਸ਼ਾਹ, ਚਾਚਾ ਬਿਸ਼ਣਾ ਤੇ ਬਾਕੀ ਸਬ ਨੇ ਸਰੂਰ ਵਾਲਾ "ਪੈੱਗ" ਬਣਾ ਦਿੱਤਾ ਹੈ। ਚੰਨ ਕਨੇਡਾ ਵੀ ਜਾ ਆਏ ਨੇ ਤੇ ਪੰਜਾਬੀ ਫ਼ਿਲਮਜ਼ ਵੀ ਬਤੌਰ ਐਕਟਰ ਕਰ ਰਹੇ ਹਨ ।ਬਾਕੀ ਟਰੈਕ ਦੀ ਸੁਪਰ ਸਫਲਤਾ ਕਾਂਸ਼ੀ ਰਾਮ ਚੰਨ ਨੂੰ ਸਟੇਜ ਗਾਇਕ ਵੀ ਬਣਾ ਸਕਦੀ ਹੈ ਖੁਸਬੂ ਲਾ ਕਿ।



## ਗੋਗੀ ਘੁਮਾਣ ਸ਼ਕਲ ਰੋਮਾਂਟਿਕ ਤੇ ਅਕਲ ਸਿਆਣੀ

ਗ਼ਜ਼ਬ ਦੀ ਗੱਲ ਹੈ ਕਿ ਗੋਗੀ ਘੁਮਾਣ ਦੀ ਕਿ ਉਹ ਸੂਰਤ ਸ਼ਕਲ ਤੋਂ ਹੀਰੋ ਹੈ ਬਿਲਕੁਲ ਹੀਰੋ ਤੇ ਉਹ ਵੀ ਰੋਮਾਂਸ ਕਰਨ ਵਾਲਾ ਹੀਰੋ ਪਰ ਜਵਾਨ ਉਮਰ ਵਿਚਾਰ ਸਿਆਣਪ ਭਰੇ ਹਨ। ਬੰਦੀ ਸਿੰਘਾਂ ਦੀ ਗੱਲ ਕਰਦਾ ਗੀਤ ਗਾਉਂਦਾ ਹੈ ਤੇ ਕਦੇ ਉਹ ਬੈਸਟ ਬੀਟ ਗੀਤ ਪੇਸ਼ ਕਰਦਾ ਹੈ। ਗੋਗੀ ਘੁਮਾਣ ਇਧਰ ਅੱਛੇ ਪ੍ਰੋਗਰਾਮ ਲਾਉਂਦਾ ਰਿਹਾ ਹੈ ਪਰ ਜਦ ਸਿਆਣਪ ਕੰਮ ਕਰੇ ਕਿ ਨਸਲਾਂ ਸੈਂਟ ਕਰਨੀਆਂ ਹਨ ਤਦ ਧੱਕੇ, ਸੰਘਰਸ਼ ਮਿਹਨਤ ਕਰ ਮਹਾਂਸ਼ਕਤੀ ਦੇਸ਼ ਅਮਰੀਕਾ ਪਹੁੰਚ ਗਏ ਗੋਗੀ ਘੁਮਾਣ ਨੇ ਗਾਇਕੀ ਜ਼ਾਰੀ ਰੱਖੀ ਹੈ। ਵੀਡਿਓ ਉਸ ਨੇ ਅਮਰੀਕਾ ਵੀ ਬਣਾਏ ਹਨ। ਮਿਊਜ਼ਿਕ ਉਸ ਯੂ ਐਸ ਏ ਵੀ ਤਿਆਰ ਕਰਵਾਇਆ ਹੈ। ਹੁਣ ਸਾਗਰ ਜਿਹੇ ਵਿਸ਼ਾਲ ਕਲਾਕਾਰ ਪੇਸ਼ ਕਰ ਉਹ ਆਪਣੀ ਪ੍ਰਿਅ ਮਨਜਿੰਦਰ ਕੌਰ ਦੀ ਪੰਜਾਬ ਕਿੰਗਸ ਮਿਊਜ਼ਿਕ ਨੂੰ ਸਥਾਪਿਤ ਆਡੀਓ ਵੀਡਿਓ ਕੰਪਨੀ ਦੇਖਣ ਲਈ ਸਰਗਰਮ ਹੈ। ਗੋਗੀ ਘੁਮਾਣ ਨੇ ਗੁਰਲੇਜ਼ ਅਖ਼ਤਰ ਨਾਲ ਗੀਤ ਗਾ ਕਿ "ਅੱਧਾ ਪਿੰਡ" ਆਪਣਾ ਗਾਇਕੀ ਰੁਤਬਾ ਵਧਾ ਲਿਆ ਹੈ। ਗੋਗੀ ਘੁਮਾਣ ਦੀ ਸੋਚ ਵਿੱਚ ਸਿੱਖੀ ਤੇ ਸਰਦਾਰੀ ਪ੍ਰਤੀ ਅਥਾਹ ਸ਼ਰਧਾ ਹੈ। ਗੋਗੀ ਘੁਮਾਣ ਫ਼ਿਲਮਾਂ ਕਰੇਗਾ ਤੇ ਅਜੇ ਵਕਤ ਨੂੰ ਉਹ ਮਿਹਨਤ ਤੇ ਸੰਘਰਸ਼ ਦੇ ਤਰਾਜ਼ੂ ਤੋਲ ਰਿਹਾ ਹੈ। ਗੋਗੀ ਘੁਮਾਣ ਚਾਹੁੰਦਾ ਹੈ ਆਪਣੇ ਉਸਤਾਦ ਕੁਲਦੀਪ ਪਾਰਸ ਦੀ ਯਾਦ ਵਿੱਚ ਵੱਡਾ ਮੇਲਾ ਕਰਾਏ ਦੇਖੋ ਉਸ ਰੋਮਾਂਟਿਕ ਚਿਹਰੇ ਤੇ ਪਿਆਰੀ ਸਿਆਣੀ ਸੋਚ ਵਾਲੇ ਘੁਮਾਣ ਦੀ ਇਹ ਸ਼ਰਧਾ ਵਾਲੀ ਮੰਗ ਕਦ ਪੂਰੀ ਹੁੰਦੀ ਹੈ।



## ਰੱਬ ਵੀ ਲੈਂਦਾ ਮਾਂ ਕੋਲੋਂ ਠੰਡੀ ਮਿੱਠੀ ਛਾਂ ਉਧਾਰੀ

ਰੱਬ ਵੀ ਲੈਂਦਾ ਮਾਂ ਕੋਲੋ ਮੰਗ ਕੇ ਠੰਡੀ ਮਿੱਠੀ ਛਾਂ ਉਧਾਰੀ,

ਖ਼ੂਨ ਨਾਲ ਸਿੰਞ ਕੇ ਮਾਂ ਨੇ ਮੇਰੀ ਜਿੰਦਗੀ ਦੀ ਦਸ਼ਾ ਸੁਧਾਰੀ।

ਦੁਨੀਆ ਤਾਂ ਰੱਬ ਨੇ ਬਾਅਦ ਚ ਬਣਾਈ ਪਹਿਲਾਂ ਬਣਾਈ ਮਾਂ ਪਿਆਰੀ,

ਦੇਣਾ ਮਾਂ ਦਾ ਕੋਈ ਦੇ ਨੀ ਸਕਦਾ ਜਨਮ ਭਾਵੇਂ ਲੈ ਲ ਭਾਵੇਂ ਲੱਖ ਵਾਰੀ।

ਪੁੱਤ ਕਪੁੱਤ ਹੁੰਦੇ ਦੇਖੇ ਸਭ ਨੇ ਮਾਤਾ ਕਦੀ ਨਾ ਹੋਵੇ ਕੁਮਾਤਾਂ ,

ਪੁੱਤ ਭਾਵੇਂ ਜਿੰਨਾ ਵੀ ਜੁਲਮ ਕਰ ਲਵੇ ਫਿਰ ਵੀ ਗਲ ਨੂੰ ਲਾਵੇ ਮਾਤਾ।

ਦਰਦੀ, ਸੋਨੀ ਤੇ ਹਰਿਕ੍ਰਿਸ਼ਨ ਜਦ ਵੀ ਕਦੇ ਕਲਮ ਚਲਾਉਂਦੇ ,

ਸਦਾ ਮਾ ਦੇ ਗੁਣ ਨੇ ਗਾਉਂਦੇ ਇਕ ਇਕ ਸ਼ਬਦ ਕਹਿ ਸੁਣਾਉਂਦੇ।

ਆਦਰਸ਼ ਸੁਸਾਇਟੀ ਦੇ ਮੈਂਬਰ ਸਾਰੇ ਸੂਝਵਾਨ ਤੇ ਕਰਮਾਂ ਵਾਲੇ,

ਮਾਂ ਦਿਵਸ ਤੇ ਸੀਸ ਨਿਭਾਉਂਦੇ ਅਸ਼ੀਰਵਾਦ ਬਜੁਰਗਾਂ ਦਾ ਪਾਉਂਦੇ।



## ਮੇਰਾ ਦਿੜ੍ਹਬਾ ਪਿੰਡ ਘੁਮਾਣਾ ਦਾ ਮੇਰਾ ਪੂਰਾ ਨਾਂ ਜਰਨੈਲ ਕੁੜੇ ਗੀਤ ਵਾਲਾ ਗੀਤਕਾਰ



ਮਾਪਿਆਂ ਨੇ ਨਾਮ ਸੋਚ ਕਿ ਰੱਖਿਆ ਸੀ ਜਰਨੈਲ ਤੇ ਜਰਨੈਲ ਘੁਮਾਣ ਜਿੱਥੇ ਵੀ ਗਏ ਜਰਨੈਲ ਬਣ ਜਿੱਤਾਂ ਲਿਆਂਦੇ ਰਹੇ। ਗੱਲ ਉਸ ਜਰਨੈਲ ਘੁਮਾਣ ਦੀ ਹੈ ਜਿਸ ਪੰਜਾਬੀ ਮਿਊਜ਼ਿਕ ਇੰਡਸਟਰੀ ਤੇ ਪੇਸ਼ਕਾਰ ਬਣ ਰਾਜ ਕੀਤਾ ਤੇ ਰਾਜ ਕਦੇ ਕਦੇ ਗੀਤ ਲਿਖ ਵੀ ਕੀਤਾ। ਗੱਲ ਸਾਹਿਤਕ ਪਾਸੇ ਦੀ ਤਾਂ ਜਿੰਨਾ ਕੂ ਵਿਚਰ ਸਕੇ ਜਰਨੈਲ ਬਣ ਵਿਚਰੇ। ਗੀਤਕਾਰ ਬਣ ਜਰਨੈਲ ਘੁਮਾਣ ਦੇ ਗੀਤ ਉਸ ਦਾ ਨਾਮ ਬਣਾ ਗਏ ਤੇ ਫਿਰ ਸੁਰ ਸੰਗਮ ਸਟੂਡੀ ਬਣਾ ਰਿਕਾਰਡਿੰਗ ਦੁਨੀਆਂ ਦੇ ਜਰਨੈਲ ਬਣ ਜਾਣ ਵੱਲ ਵਧੇ ਹਨ। ਇੱਕ ਵੇਲਾ ਆਇਆ ਸੀ ਐਮ ਸੀ ਕੰਪਨੀ ਆਈ ਤੇ ਦਿਨਾਂ ਵਿੱਚ ਇਹ ਸੰਗੀਤ ਕੰਪਨੀ ਟੀਸੀ ਤੇ ਸੀ। ਇਹ ਸਭ ਜਰਨੈਲ ਘੁਮਾਣ ਦੀ ਮਿਹਨਤ ਸੀ। ਹੰਸ ਰਾਜ ਹੰਸ, ਦੇਬੀ ਮਖਸੂਸਪੁਰੀ ਤੋਂ ਅੱਜ ਦੇ ਸੀ ਐਮ ਭਗਵੰਤ ਮਾਨ ਦੇ ਟਰੈਕ ਰਲੀਜ਼ ਕੀਤੇ। ਹਰਭਜਨ ਸ਼ੇਰਾ ਨੂੰ ਗਾਇਕੀ ਵਿੱਚ ਥਾਂ ਜਰਨੈਲ ਘੁਮਾਣ ਨੇ ਹੀ ਦਿਵਾਈ। ਕੁੱਝ ਗੱਲਾਂ ਪਰਦੇ ਪਿੱਛੇ ਰਹਿ ਜਾਣ ਚੰਗਾ ਰਹਿੰਦਾ ਹੈ ਤੇ ਮਿਹਨਤ ਮੇਰੀ ਤੇ ਫਲ ਤੈਨੂੰ ਐਸਾ ਵੀ ਘੁਮਾਣ ਨਾਲ ਹੋਇਆ ਪਰ ਉਸ ਪ੍ਰਵਾਹ ਨਹੀਂ ਕੀਤੀ।ਜਰਨੈਲ ਕਦ ਚਿੰਤਾ ਕਰਦੇ ਹਨ। ਫ਼ਿਰ ਗੱਲ ਬਾਅਦ ਦੀ ਤਾਂ ਜੇ ਐਲ ਪੀ ਐਲ ਰਿਆਲਿਟੀ ਸ਼ੋ ਕਰਵਾ ਕਿ ਗੀਤਕਾਰ ਤੇ ਗਾਇਕ ਅੱਗੇ ਲਿਆਂਦੇ।ਕੁੱਝ ਵਕਤ ਗੁੰਮਨਾਮ ਪਿੰਡ ਰਹਿਣ ਬਾਅਦ "ਮੇਲਾ ਗੀਤਕਾਰਾਂ ਦਾ" ਨਾਲ ਫਿਰ ਚਰਚਿਤ ਹੋਏ ਜਰਨੈਲ ਘੁਮਾਣ ਦੀਆਂ ਯਾਰੀਆਂ ਸੀ ਐਮ ਨਾਲ ਤੇ ਇੱਕ ਭਰਾ ਵਾਲਾ ਨਾਤਾ ਬੰਨੀ ਸ਼ਰਮਾ ਨਾਲ ਹੈ। ਬੰਨੀ ਸ਼ਰਮਾ ਪੰਜਾਬੀ ਟੀਵੀ ਨਗਰੀ ਦਾ ਜਾਣਕਾਰ, ਸੰਗੀਤ ਐਕਸਪਰਟ ਤੇ ਪੇਸ਼ਕਾਰ ਤੇ ਜਰਨੈਲ ਘੁਮਾਣ ਜ਼ਿੰਦਗੀ ਮਸਤੀ ਦਾ ਵੀ ਨਾਮ ਬੰਨੀ ਸ਼ਰਮਾ ਨਾਲ ਘੁੰਮ ਫਿਰ ਵਿਦੇਸ਼ ਸੈਰ ਕਰ ਉਥੇ ਵੀ ਸੰਗੀਤ ਤੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਲਈ ਇੱਕ ਪਲਾਨ ਤਿਆਰ ਕਰ ਸ਼ਾਇਦ ਵਾਪਿਸ ਆ ਰਹੇ ਹਨ।ਕੁੱਝ ਅੱਛਾ ਹੀ ਹੋਊ ਤੇ ਪੰਜਾਬੀ ਮਿਊਜ਼ਿਕ ਤੇ ਗਾਇਕੀ ਸੰਸਾਰ ਵਿੱਚ ਇੱਕ ਵਾਰ ਫਿਰ ਕਾਮਯਾਬੀ ਦੀ ਜੰਗ ਜਰਨੈਲ ਬਣ ਜਰਨੈਲ ਘੁਮਾਣ ਲੜ੍ਹਨ ਵਾਲੇ ਹਨ ਤੇ ਨਾਲ ਖਾਸ ਖਾਸ ਬੰਨੀ ਸ਼ਰਮਾ ਹੈ। ਦਿੜ੍ਹਬਾ ਦੇ ਮਾਣ, ਘੁਮਾਨ੍ਹਾਂ ਦੇ ਪਿੰਡ ਦੇ ਜਰਨੈਲ ਘੁਮਾਣ ਨੂੰ ਇਸ ਨਵੀਂ ਸੰਗੀਤਕ ਜੰਗ ਵਿੱਚ ਵੀ ਜੇਤੂ ਜਰਨੈਲ ਬਣ ਤਮਗਾ ਏ ਕਾਮਯਾਬੀ ਮਿਲਣ ਵਾਲਾ ਹੈ। ਤੇ ਹਾਂ ਸੋਸ਼ਲ ਮੀਡੀਆ ਤੇ ਆਪਣੀ ਹਲਕੀ ਫੁਲਕੀ ਸ਼ਾਇਰੀ ਨਾਲ ਉਹ ਲੋਕਾਂ ਦਾ ਮਨ ਮੋਹ ਰਹੇ ਹਨ। ਪੂਰਾ ਨਾਮ ਜਰਨੈਲ ਤੇ ਦਿੜ੍ਹਬਾ ਪਿੰਡ ਘੁੰਮਾਨਾਂ ਦਾ... ਜੀ ਸੋਹਣਿਆ ਜੀ ਤੇਰੇ ਨਾਲ ਪੰਜਾਬ, ਪੰਜਾਬੀ ਪੰਜਾਬੀਅਤ ਦੀ ਜੈ ਜੈ ਕਾਰ ਹੈ।




**ਪੇਸ਼ਕਸ਼- ਅੰਮ੍ਰਿਤ ਪਵਾਰ**

## ਸੰਧੂਰ ਵੰਡਦੇ ਨੇ

ਪੂੰਝ ਕੇ ਸੁਹਾਗਣਾਂ ਦੀ ਮਾਂਗ, ਸੰਧੂਰ ਵੰਡਦੇ ਨੇ।
ਐ ਖ਼ੁਦਾ! ਸਿਤਮ ਹੈ, ਅੰਨ੍ਹੇ ਵੀ ਨੂਰ ਵੰਡਦੇ ਨੇ।

ਗਰੀਬ ਹੱਥੋਂ ਖੋਹਕੇ ਟੁੱਕ, ਅੰਬਾਨੀਆਂ ਦੇ ਯਾਰ,
ਜੁਮਲੇ ਬਾਜ਼ ਹਾਕਮ, ਮੁਫ਼ਤ ਵਿਚ ਤੰਦੂਰ ਵੰਡਦੇ ਨੇ।

ਵੇਖੋ ਨਫ਼ਰਤਾਂ ਦੇ ਖੇਤ 'ਚ ਲੋਚਨ ਅੱਕਾਂ ਤੋਂ ਅੰਬ,
ਲਾਹਕੇ ਕਿੱਕਰਾਂ ਤੋਂ ਸ਼ੋਹਦੇ ਅੰਗੂਰ ਵੰਡਦੇ ਨੇ।

ਕਾਰਗਿਲ, ਪੁਲਵਾਮਾ ਕਦੇ ਪਹਿਲਗਾਮ ਦੇ ਨਾਂ ਤੇ
ਝੂਠਾ ਧਰਵਾਸ, ਫੋਕੇ ਦਿਲਾਸੇ ਹਜ਼ੂਰ ਵੰਡਦੇ ਨੇ।

ਖੰਜਰ ਤੇ ਟੰਗ ਕੇ ਫੁੱਲ ਲਾਉਂਦੇ ਅਮਨ ਦੇ ਨਾਅਰੇ,
ਜ਼ਾਲਮ ਫਿਰਕੂ ਜ਼ਹਿਰ ਹੋਏ ਮਗ਼ਰੂਰ ਵੰਡਦੇ ਨੇ।

ਕਸ਼ਮੀਰ ਕਦੇ ਪੰਜਾਬ, ਯੂ ਪੀ, ਝਾੜਖੰਡ, ਮਨੀਪੁਰ
ਅੱਗ ਦੇ ਭਾਂਬੜ, ਹਰ ਪਾਸੇ ਦੂਰ ਦੂਰ ਵੰਡਦੇ ਨੇ।

ਚੁਲ੍ਹੇ ਬੁਝਾ, ਠੰਡੀ ਹੋਣ ਦਿੰਦੇ ਨਹੀਂ ਸਿਵਿਆਂ ਦੀ ਅੱਗ,
'ਲਾਲ' ਸਾੜ ਕੇ ਝੁੱਗੀਆਂ, ਕੰਬਲ ਜ਼ਰੂਰ ਵੰਡਦੇ ਨੇ।

**ਲਾਲ ਸਿੰਘ ਸੁਲਹਾਣੀ**
**9872155120**